INTERNATIONAL MAGAZINE

RNI No. 61816/95

Date of Publishing : 22/11/2025
Page No. from 1 to 68
Date of posting
Last Date of Every Month
Posted by MBU

Postal Regd. No. CHD/0081/2024-26

30/-


ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ॥
ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ॥

# ਆਤਮ ਮਾਰਗ

ਦਸੰਬਰ
(December)
2025



## ਪ੍ਰਣਾਮ ਸ਼ਹੀਦਾਂ ਨੂੰ


If Undelivered, Please Return to
Atam Marg Office
Gurdwara Ishar Parkash, Ratwara Sahib
New Chandigarh, P.O. Mullanpur Garibdass,
Teh.Kharar, Distt. S.A.S Nagar (Mohali) - 140901,
Punjab, India,
Tel. +91-9417214391,9417214379

ਸਮਾਗਮ ਦੇ ਆਖਰੀ ਦਿਨ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ
ਸੰਗਤਾਂ ਨੂੰ ਕਥਾ ਕੀਰਤਨ ਦੁਆਰਾ ਨਿਹਾਲ ਕਰਦੇ ਹੋਏ ਅਤੇ ਸਟੇਜ ਤੇ ਸਸ਼ੋਭਿਤ ਹੋਰ ਸੰਤ ਮਹਾਂਪੁਰਸ਼



# ਆਤਮ ਮਾਰਗ

ਸਾਲ-ਇਕੱਤੀਵਾਂ, ਮਹੀਨਾ-ਦਸੰਬਰ, 2025

ਗੁਰਦੁਆਰਾ ਈਸ਼ਰ ਪ੍ਰਕਾਸ਼ ਰਤਵਾੜਾ ਸਾਹਿਬ

ਸੰਚਾਲਕ

ਸੱਚਖੰਡ ਵਾਸੀ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਮਹਾਰਾਜ

ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ

**ਚੇਅਰਮੈਨ** — ਸੰਤ ਬਾਬਾ ਲਖਬੀਰ ਸਿੰਘ ਜੀ

**ਐਡੀਟਰ-ਇਨ-ਚੀਫ** — ਬਾਬਾ ਹਰਪਾਲ ਸਿੰਘ ਜੀ

**ਮੈਨੇਜਿੰਗ ਐਡੀਟਰ** — ਭਾਈ. (ਡਾ.) ਸੁਖਵਿੰਦਰ ਸਿੰਘ ਜੀ


## ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ

ਜੇਕਰ ਆਪ ਜੀ ਨੂੰ ਮਹੀਨੇ ਦੀ 15 ਤਾਰੀਖ ਤੱਕ ਮੈਗਜ਼ੀਨ ਨਹੀਂ ਪਹੁੰਚਦਾ ਅਤੇ ਮੈਗਜ਼ੀਨ ਸਬੰਧੀ ਹਰ ਤਰ੍ਹਾਂ ਦੀ ਪੁੱਛਗਿੱਛ ਲਈ ਹੇਠ ਲਿਖੇ ਨੰਬਰਾਂ ਤੇ ਦਫਤਰੀ ਸਮਾਂ ਸਵੇਰੇ 10.00 ਵਜੇ ਤੋਂ ਸ਼ਾਮ 5.00 ਵਜੇ ਤੱਕ ਸੰਪਰਕ ਕਰਨ ਦੀ ਕ੍ਰਿਪਾਲਤਾ ਕਰੋ ਜੀ।


ਫੋਨ :- 84378-12900, 94172-14391, 94172-14379

**Email :atammarg1@yahoo.co.in**



Registration Under Foreign Contribution (Regulation) Act 1976 R. No. 115320023



**Postal Address for any Enquiry, Money Order, Cheque and drafts :**

**'ATAM MARG' MAGAZINE**

Gurdwara Ishar Parkash, Ratwara Sahib
(New Chandigarh) P.o. Mullanpur Garibdas,
Teh. Kharar, Distt. S.A.S Nagar
(MOHALI) - 140901, Pb. India


**SUBSCRIPTION - ਚੰਦਾ - (ਦੇਸ਼)**

| ਸਾਲਾਨਾ | ਜੀਵਨ ਕਾਲ (20 ਸਾਲ) | ਫੀ ਕਾਪੀ |
|---|---|---|
| 300/- | 3000/ | 30/- |
| 320/- | 3020/- | (For outstation cheques) |

**SUBSCRIPTION FOREIGN (ਵਿਦੇਸ਼)**

| Annual | Life (20 years) |
|---|---|
| 4500/- | 45000/- |


ਪ੍ਰਕਾਸ਼ਕ ਦੇ ਸਭ ਹੱਕ ਰਾਖਵੇਂ ਹਨ।



ਪ੍ਰਿੰਟਰ, ਪਬਲਿਸ਼ਰ ਤੇ ਐਡੀਟਰ ਬਾਬਾ ਹਰਪਾਲ ਸਿੰਘ ਰਤਵਾੜਾ ਸਾਹਿਬ ਨੇ 'ਆਤਮ ਮਾਰਗ' ਜੈ ਆਫਸੈਟ ਪ੍ਰਿੰਟਰਜ਼, 905 ਇੰਡਸਟਰੀਅਲ ਏਰੀਆ, ਫੇਜ਼-2, ਚੰਡੀਗੜ੍ਹ ਤੋਂ ਛਪਵਾ ਕੇ ਮੁੱਖ ਦਫਤਰ 'ਆਤਮ ਮਾਰਗ', ਰਤਵਾੜਾ ਸਾਹਿਬ, ਡਾਕਖਾਨਾ ਮੁੱਲਾਂਪੁਰ ਗਰੀਬਦਾਸ, ਤਹਿਸੀਲ ਖਰੜ, ਜ਼ਿਲ੍ਹਾ - ਸਾਹਿਬਜ਼ਾਦਾ ਅਜੀਤ ਸਿੰਘ ਨਗਰ (ਮੋਹਾਲੀ) ਪੰਜਾਬ ਤੋਂ ਪ੍ਰਕਾਸ਼ਿਤ ਕੀਤਾ।


## Media Broadcast (Ratwara Sahib)

**Please visit us on internet at :-**

**For Atam Marg Email : atammarg1@yahoo.co.in,**

**Website & Live video -**

www.ratwarasahib.org
www.ratwarasahib.com
www.vgrmct.org

Apps: RATWARASAHIB TV (for both apple & andriod) (Availeble 24 Hours)

Email : sratwarasahib.in@gmail.com

**Live Programme & Cable Tv Network**

**98728-14385, 94172-14385**

**98147-12900**

## ਵਿਦੇਸ਼ ਵਿਚ ਆਤਮ ਮਾਰਗ ਦੇ ਕੇਂਦਰ

**ਅਮਰੀਕਾ - ਭਾਈ ਅਮਰਦੀਪ ਸਿੰਘ ਅਟਵਾਲ**
001-408-263-1844

**ਕਨੇਡਾ - ਭਾਈ ਸਰਮੁਖ ਸਿੰਘ ਪੰਨੂ, ਵੈਨਕੂਵਰ**
001-604-433-0408

**ਭਾਈ ਤਰਸੇਮ ਸਿੰਘ ਬੈਂਸ**
001-604-862-9525

**ਭਾਈ ਜਸਬੀਰ ਸਿੰਘ ਰਾਣੂ**
001-604-589-9189

**ਇੰਗਲੈਂਡ - ਬੀਬੀ ਗੁਰਬਖਸ਼ ਕੌਰ ਅਤੇ ਭਾਈ ਜਗਤਾਰ ਸਿੰਘ ਜੱਗੀ**
0044-121-200-2818

**ਭਾਈ ਅਰਵਿੰਦਰ ਸਿੰਘ (ਰਾਜ)**
0044-7968734058

**ਆਸਟਰੇਲੀਆ- ਬੀਬੀ ਜਸਪ੍ਰੀਤ ਕੌਰ :**
0061-406619858

**ਵਿਦੇਸ਼ ਤੋਂ ਰਤਵਾੜਾ ਸਾਹਿਬ ਆਉਣ ਵਾਲੀ ਸੰਗਤ ਲਈ ਦਿੱਲੀ ਅਤੇ ਅੰਮ੍ਰਿਤਸਰ ਏਅਰਪੋਰਟ ਤੋਂ ਫਰੀ ਸੇਵਾ - ਸੰਪਰਕ ਨੰਬਰ -**

**9417214378, 9417214384**

## ਰਤਵਾੜਾ ਸਾਹਿਬ ਵਿਖੇ ਅਦਾਰਿਆਂ ਦੇ ਸੰਪਰਕ

1. ਆਤਮ ਮਾਰਗ 9417214391,8437812900,9417214379
2. ਗੁਰੂ ਗੋਬਿੰਦ ਸਿੰਘ ਵਿਦਿਆ ਮੰਦਰ ਸ.ਸ.ਸਕੂਲ (ਸੀ.ਬੀ.ਐਸ.ਈ.) 0160-2255003
3. ਮਾਤਾ ਸਾਹਿਬ ਕੌਰ ਸਿਲਾਈ ਸੈਂਟਰ 9646101996
4. ਸੰਤ ਵਰਿਆਮ ਸਿੰਘ ਮੈਮੋਰੀਅਲ ਸ.ਸ.ਸਕੂਲ (ਪੀ.ਐਸ.ਈ.ਬੀ.) 9592055581
5. ਸੰਤ ਵਰਿਆਮ ਸਿੰਘ ਚੈਰੀਟੇਬਲ ਹਸਪਤਾਲ: 9592212900
6. ਬੀ.ਐਡ. ਕਾਲਜ ਅਤੇ ਨਰਸਿੰਗ ਕਾਲਜ 9417214382
7. ਬਿਰਧ ਆਸ਼ਰਮ 9815728220

## ਵਿਸ਼ੇਸ਼ ਜਾਣਕਾਰੀ ਲਈ

ਸ਼੍ਰੀ ਮਾਨ ਜੀ - 98551-32009
ਸ਼੍ਰੀ ਅਖੰਡਪਾਠ ਸਾਹਿਬ ਸੇਵਾ - 94647-12900
ਰਿਹਾਇਸ਼ ਲਈ - 85570-12900

**ਹੋਰ ਸੰਪਰਕ ਨੰਬਰ**

**98889-10777, 96461-01996, 9417214381**

# ਤੱਤਕਰਾ


1. ਸੰਪਾਦਕੀ 5
*ਭਾਈ (ਡਾ.) ਸੁਖਵਿੰਦਰ ਸਿੰਘ*

2. ਅਮਰ ਸ਼ਹੀਦਾਂ ਨੂੰ ਸਮਰਪਿਤ-ਕੁਝ ਵਲਵਲੇ 7
*ਭਾਈ (ਡਾ.) ਸੁਖਵਿੰਦਰ ਸਿੰਘ*

3. ਬਾਰਹ ਮਾਹਾ 8
*ਡਾ. ਭਾਈ ਵੀਰ ਸਿੰਘ ਜੀ*

4. ਪਿਆਰੇ ਦੀ ਤਾਂਘ 9
ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

5. 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ 18
ਸ੍ਰੀ ਗੁਰੂ ਤੇਗ ਬਹਾਦਰ ਜੀ
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

6. ਚਉਥੈ ਪਹਰਿ ਸਬਾਹ ਕੈ....................॥ 26
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

7. ਪਰਮ ਪਿਆਰੇ ਮਹਿਬੂਬ ਪਿਤਾ 28
ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ
ਪ੍ਰਕਾਸ਼ ਉਤਸਵ ਤੇ ਵਿਸ਼ੇਸ਼
*ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ*

8. ਮਹਾਨ ਗੁਰਮਤਿ ਰੂਹਾਨੀ ਸਮਾਗਮ - ਪ੍ਰੈਸ ਰਿਪੋਰਟ 31

9. ਸਾਕਾ ਸਰਹੰਦ 42
*ਸੰਤ ਬਾਬਾ ਲਖਬੀਰ ਸਿੰਘ ਜੀ*

10. ਪੋਖਿ ਤੁਖਾਰੁ ਨ ਵਿਆਪਈ...............॥ 49
*ਸੰਤ ਬਾਬਾ ਹਰਪਾਲ ਸਿੰਘ ਜੀ*

11. ਗੁਰਬਾਣੀ ਅਰਥ ਭੰਡਾਰ 52
*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

12. ਜਨ ਪਰਉਪਕਾਰੀ ਆਏ - ਭਾਗ 4 53
*ਪ੍ਰੋ. ਗੁਰਦੇਵ ਸਿੰਘ*

13. ਗੁਰ ਨਾਨਕ ਆਗਮਨ 56
*ਡਾ. ਭਾਈ ਵੀਰ ਸਿੰਘ ਜੀ*

14. ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ 59
*ਭਾਈ ਚਮਕੌਰ ਸਿੰਘ*

15. ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦਰਸ਼ਨ 62
*ਕ੍ਰਿਤ - ਪੂਰਨ ਸਿੰਘ*

16. ਵਿਸ਼ੇਸ਼ ਜਾਣਕਾਰੀ :- ਰਤਵਾੜਾ ਸਾਹਿਬ ਵਿਖੇ ਕੀਰਤਨ ਸਮਾਗਮ 64
ਇੰਟਰਨੈਟ ਵੈਬਸਾਈਟ, ਕੀਰਤਨ ਲਾਈਵ ਟੈਲੀਕਾਸਟ,
ਬੈਂਕ ਅਕਾਊਂਟ, ਅਤੇ ਮਹਾਂਪੁਰਸ਼ਾਂ ਵਲੋਂ ਰਚਿਤ ਪੁਸਤਕਾਂ ਦੀ ਸੂਚੀ

# ਸੰਪਾਦਕੀ

## ਮੁਆ ਜੀਵੰਦਾ ਪੇਖੁ ਜੀਵੰਦੇ ਮਰਿ ਜਾਨਿ ॥
## ਜਿਨ੍ਹਾ ਮੁਹਬਤਿ ਇਕ ਸਿਉ ਤੇ ਮਾਣਸ ਪਰਧਾਨ ॥

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ, 98146-12900*

ਸਿੱਖ ਇਤਿਹਾਸ ਦਾ ਹਰੇਕ ਪੰਨਾ ਸ਼ਹੀਦਾਂ ਦੇ ਪਵਿੱਤਰ ਖ਼ੂਨ ਨਾਲ ਰੰਗਿਆ ਹੋਇਆ ਹੈ। ਇਨ੍ਹਾਂ ਇਤਿਹਾਸਿਕ ਪੱਤਰਿਆਂ ਨੂੰ ਵਾਚਦਿਆਂ ਅਹਿਸਾਸ ਹੁੰਦਾ ਹੈ ਕਿ ਪੋਹ (ਦਸੰਬਰ) ਦੇ ਮਹੀਨੇ ਵਿਚ ਸਿਰਜਿਆ ਇਤਿਹਾਸ, ਆਉਣ ਵਾਲੀਆਂ ਨਸਲਾਂ ਨੂੰ ਪਿਆਰ, ਵੈਰਾਗ, ਸ਼ਰਧਾ ਵਾਲਾ ਨਵਾਂ ਜੀਵਨ ਬਖਸ਼ਦਾ ਰਹੇਗਾ। ਸਰੀਰ ਵਿਚੋਂ ਰੂਹ ਦਾ ਉਡਾਰੀ ਮਾਰ ਜਾਣਾ, ਮੌਤ ਮੰਨਿਆ ਜਾਂਦਾ ਹੈ। ਮੈਡੀਕਲ ਸਾਇੰਸ ਇਸ ਨੂੰ ਕਲੀਨੀਕਲੀ ਮੌਤ ਦਾ ਨਾਮ ਦਿੰਦੀ ਹੈ। ਪਰ ਇਹ ਜੀਵ ਦੀ ਮੌਤ ਨਹੀਂ। ਅਸਲ ਮੌਤ ਤਾਂ ਆਤਮਿਕ ਤੌਰ 'ਤੇ ਮਰ ਜਾਣ ਨਾਲ ਹੁੰਦੀ ਹੈ-

*ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥*
*ਨਾਨਕ ਅਵਰੁ ਨ ਜੀਵੈ ਕੋਇ ॥* *ਅੰਗ - ੧੪੨*

ਜਿਨ੍ਹਾਂ ਰੱਬੀ ਰੂਹਾਂ ਨੇ ਵਾਸ਼ਨਾਵਾਂ ਖਤਮ ਕਰਕੇ ਸਤਿ ਦਾ ਜੀਵਨ ਜੀਵਿਆ ਹੈ ਉਹ ਸਦਾ ਲਈ ਜਿਉਂਦੇ ਹਨ, ਅਮਰ ਹਨ।

ਸਿੱਖ ਇਤਿਹਾਸ ਵਿਚ ਪੋਹ ਦੀਆਂ ਅਤਿ ਠੰਡੀਆਂ 15 ਰਾਤਾਂ ਨੂੰ ਕਹਿਰ ਦੀਆਂ ਰਾਤਾਂ ਨਾਲ ਯਾਦ ਕੀਤਾ ਜਾਂਦਾ ਹੈ। ਇਸ ਪੰਦਰਵਾੜੇ ਨੂੰ ਕੌਮ ਵਿਚ ਸ਼ਹੀਦੀ ਪੰਦਰਵਾੜੇ ਦੇ ਤੌਰ 'ਤੇ ਮਨਾਇਆ ਜਾਂਦਾ ਹੈ। ਇਹ ਉਹ ਦਿਨ ਹਨ ਜਿਨ੍ਹਾਂ 15 ਦਿਨਾਂ ਦੇ ਵਿਚ ਸੱਚੇ ਪਾਤਸ਼ਾਹ, ਸਰਬੰਸ ਦਾਨੀ, ਅੰਮ੍ਰਿਤ ਦੇ ਦਾਤੇ, ਸਤਿਗੁਰੂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਨੇ ਸਾਰਾ ਪਰਿਵਾਰ ਭਾਵ ਸਰਬੰਸ ਦੇਸ਼, ਧਰਮ, ਕੌਮ ਤੋਂ ਵਾਰ ਕੇ ਆਪਣੇ ਆਪ ਨੂੰ ਪ੍ਰਮੇਸ਼ਰ ਦੇ ਸਨਮੁੱਖ ਸੁਰਖਰੂ ਸਮਝਿਆ। ਭਾਵ ਮਾਤਾ, ਪਿਤਾ, ਲਖਤੇ-ਜਿਗਰ ਚਾਰੇ ਸਾਹਿਬਜ਼ਾਦੇ ਪ੍ਰਮੇਸ਼ਰ ਦੀ ਹੀ ਦਿਤੀ ਅਮਾਨਤ ਸਮਝਦੇ ਹੋਏ ਬਿਨਾਂ ਕਿਸੇ ਸ਼ਿਕਵੇ ਤੋਂ ਉਸ ਨੂੰ ਸੌਂਪ ਦਿਤੀ। ਰਤਾ ਭਰ ਮਨ ਵਿਚ ਕੋਈ ਗਿਲ੍ਹਾ-ਸ਼ਿਕਵਾ ਨਹੀਂ ਕੀਤਾ ਸਗੋਂ ਸਭ ਕੁਝ ਦੇਸ਼, ਧਰਮ ਤੇ ਕੌਮ ਤੋਂ ਵਾਰ ਕੇ ਮਾਛੀਵਾੜੇ ਦੇ ਜੰਗਲਾਂ ਵਿਚੋਂ ਫੁਰਮਾਨ ਕੀਤਾ -

*ਮਿਤ੍ਰ ਪਿਆਰੇ ਨੂੰ ਹਾਲ ਮੁਰੀਦਾਂ ਦਾ ਕਹਣਾ॥*
*ਤੁਧੁ ਬਿਨੁ ਰੋਗ ਰਜਾਈਆਂ ਦਾ ਓਢਣ,*
*ਨਾਗ ਨਿਵਾਸਾਂ ਦੇ ਰਹਣਾ॥*
*ਸੂਲ ਸੁਰਾਹੀ ਪੰਜਰੁ ਪਿਆਲਾ,*
*ਬਿੰਗ ਕਸਾਈਆਂ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ,*
*ਭਠ ਖੇੜਿਆਂ ਦਾ ਰਹਣਾ॥* ***ਖਿਆਲ ਪਾਤਸ਼ਾਹੀ ੧੦***

ਇਹ ਤਰਾਨਾ ਕੇਵਲ ਤੇ ਕੇਵਲ ਕਲਗੀਧਰ ਪਿਤਾ, ਸਰਬੰਸਦਾਨੀ ਸਤਿਗੁਰੂ ਦੇ ਹਿੱਸੇ ਹੀ ਆਇਆ ਹੈ। ਤਾਂ ਹੀ ਆਪ ਜੀ ਨੂੰ 'ਬਾਦਸ਼ਾਹ ਦਰਵੇਸ ਗੁਰੂ ਗੋਬਿੰਦ ਸਿੰਘ, ਨਾਲ ਯਾਦ ਕੀਤਾ ਜਾਂਦਾ ਹੈ।

ਦੁਨੀਆਂ ਦੇ ਧਾਰਮਿਕ ਇਤਿਹਾਸ ਵਲ ਨਿਗ੍ਹਾ ਮਾਰਨ ਤੋਂ ਗਿਆਤ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਵਰਗਾ ਪਰਿਵਾਰ ਕਿਸੇ ਦਾ ਨਾ ਹੋਇਆ ਨਾ ਹੋਣਾ। ਆਪ ਜੀ ਦੇ ਪੜਦਾਦਾ ਜੀ ਧੰਨ ਸ੍ਰੀ ਗੁਰੂ ਅਰਜਨ ਦੇਵ ਜੀ ਮਹਾਰਾਜ ਸ਼ਹੀਦ, ਪਿਤਾ ਸਤਿਗੁਰੂ ਗੁਰੂ ਤੇਗ ਬਹਾਦਰ ਮਹਾਰਾਜ ਜੀ ਸ਼ਹੀਦ, ਮਾਤਾ ਗੁਜਰ ਕੌਰ ਜੀ ਸ਼ਹੀਦ, ਚਾਰੋਂ ਸਾਹਿਬਜ਼ਾਦੇ ਸ਼ਹੀਦ। ਫਿਰ ਆਪ ਜੀ ਦੇ ਪੰਜਵਾਂ ਨਾਦੀ ਪੁੱਤਰ ਖਾਲਸੇ ਨੇ ਸ਼ਹੀਦੀ ਗਾਨੇ ਪਹਿਨ ਕੇ ਜਾਬਰ, ਜ਼ੁਲਮ ਤੇ ਜ਼ਾਲਮ ਦੇ ਵਿਰੋਧ ਸੱਚ ਦੇ ਬੋਲਬਾਲੇ ਪ੍ਰਚੰਡ ਕਰਨ ਹਿਤ ਅਨੇਕਾਂ ਸ਼ਹੀਦੀਆਂ ਦਿਤੀਆਂ ਤੇ ਦੇ ਰਹੇ ਹਨ ਤੇ ਦੇਂਦੇ ਰਹਿਣਗੇ।

ਪਰ ਜੇਕਰ ਸਮੁੱਚੇ ਧਰਮਾਂ ਜਾਂ ਕੌਮਾਂ ਦੇ ਇਤਿਹਾਸ ਵੱਲ ਨਿਗ੍ਹਾ ਮਾਰੀ ਜਾਵੇ ਤਾ ਸਾਨੂੰ ਪਤਾ ਲਗਦਾ ਹੈ ਕਿ ਇਹ ਉਹ ਮਰਜੀਵੜੇ ਹਨ ਜਿਹੜੇ ਅਧਰਮ ਦਾ ਨਾਸ ਕਰਦੇ ਹੋਏ, ਧਰਮ ਦਾ ਪ੍ਰਕਾਸ਼ ਫੈਲਾਉਣ ਹਿਤ ਜਬਰ, ਜ਼ੁਲਮ ਦੇ ਖਿਲਾਫ ਜੂਝਦੇ ਹੋਏ, ਮਨੁੱਖੀ ਸਵੈਮਾਨ ਲਈ, ਕੁਦਰਤੀ ਮੌਤ ਦੀ ਉਡੀਕ ਨਾ ਕਰਦੇ ਹੋਏ, ਆਪਣੀ ਮੌਤ ਨੂੰ ਆਪ ਗਲੇ ਮਿਲਦੇ ਹਨ। ਇਨ੍ਹਾਂ ਸਤਿ ਦੇ ਰਾਹੀਆਂ ਨੂੰ ਸ਼ਹੀਦ ਕਿਹਾ ਜਾਂਦਾ ਹੈ। ਫਿਰ ਉਨ੍ਹਾਂ ਦੀ ਸਵੈ-ਕੁਰਬਾਨੀ ਨੂੰ ਸ਼ਹਾਦਤ ਦੇ ਦਰਜੇ ਨਾਲ ਸਨਮਾਨਿਆ ਜਾਂਦਾ ਹੈ।

ਸ਼ਹੀਦ ਉਸ ਸਤਿ ਦੇ ਰਾਹੀ ਨੂੰ ਕਿਹਾ ਜਾਂਦਾ ਹੈ, ਜਿਹੜਾ ਸਚਾਈ ਤੇ ਧਰਮ ਦੇ ਰਾਹ ਤੇ ਚਲਦਿਆਂ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ। ਉਸ ਦੀ ਕੁਰਬਾਨੀ ਆਉਣ ਵਾਲੀਆਂ ਕੌਮਾਂ ਜਾਂ ਨਸਲਾਂ ਲਈ ਸਦੀਵੀ ਤੌਰ 'ਤੇ ਪ੍ਰੇਰਨਾ ਸਰੋਤ ਬਣ ਜਾਂਦੀ ਹੈ। ਜਿਸ ਨੂੰ ਵਾਰਿਸ, ਸ਼ਹਾਦਤ ਵਜੋਂ ਪ੍ਰਵਾਨ ਕਰਦੇ ਹੋਏ, ਆਪਣੇ ਅਤੀਤ ਅਤੇ ਵਿਰਾਸਤ ਵਜੋਂ ਫਖ਼ਰ ਮਹਿਸੂਸ ਕਰਦੇ ਹਨ। ਇਸ ਤਰ੍ਹਾਂ ਸ਼ਹੀਦ ਆਪਣੀ ਸ਼ਹਾਦਤ ਦੇ ਕੇ ਆਪਣੇ ਅਕੀਦੇ ਦੀ ਗਵਾਹੀ ਪੇਸ਼ ਕਰਦਾ ਹੈ। ਸ਼ਹਾਦਤ ਕੋਈ ਅਣਚਾਹੀ ਮੌਤ ਮਰਨ ਦਾ ਨਾਮ ਨਹੀਂ ਹੈ, ਸਗੋਂ ਕਿਸੇ ਜ਼ੁਲਮ, ਜਬਰ ਜਾਂ ਅਤਿਆਚਾਰ ਵਿਰੁੱਧ ਕੁਰਬਾਨੀ ਦੇ ਕੇ ਪੈਦਾ ਕੀਤਾ ਗਿਆ ਅਜਿਹਾ ਸਭਿਆਚਾਰ ਹੈ, ਜਿਹੜਾ ਆਪਣੇ ਸਵੈ-ਪ੍ਰਸੰਗ ਖੁਦ ਸਥਾਪਿਤ ਕਰਦਾ ਹੈ। ਇਹ ਕੋਈ ਮਜਬੂਰੀ ਨਹੀਂ, ਸਗੋਂ ਸਿਦਕ ਸਬੂਰੀ ਹੈ ਅਤੇ ਤਸ਼ੱਦਦ, ਜ਼ੁਲਮ ਤੇ ਸ਼ੋਸ਼ਣ ਵਿਰੁੱਧ ਸ਼ਹਿਨਸ਼ੀਲਤਾ ਦੀ ਦਿਗ-ਵਿਜੈ ਹੈ। ਇਹ ਇਕ ਨਿਰਭਉ ਤੇ ਨਿਰਵੈਰ ਬਿਰਤੀ ਦਾ ਸਿਦਕ ਹੈ। ਸ਼ਹੀਦ ਉਹ ਅਦੁੱਤੀ ਸ਼ਖਸ਼ੀਅਤ ਹੁੰਦਾ ਹੈ ਜਿਹੜਾ ਮੌਤ ਦੇ ਭੈ ਤੋਂ ਕੋਹਾਂ ਦੂਰ ਹੁੰਦਾ ਹੈ -

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ - ੧੩੬੫*

*ਕਿਆ ਜਾਨਾ ਕਿਵ ਮਰਹਗੇ ਕੈਸਾ ਮਰਣਾ ਹੋਇ ॥*
*ਜੇ ਕਰਿ ਸਾਹਿਬੁ ਮਨਹੁ ਨ ਵੀਸਰੈ*
*ਤਾ ਸਹਿਲਾ ਮਰਣਾ ਹੋਇ ॥* *ਅੰਗ - ੫੫੫*

ਸ਼ਹੀਦ ਉਚੀਆਂ ਕਦਰਾਂ ਕੀਮਤਾਂ ਦੀ ਬਹਾਲੀ ਲਈ ਲੋਕਾਂ ਨੂੰ ਜਾਗਰੂਕ ਕਰਦਾ ਹੋਇਆ ਆਪਣੀ ਜਾਨ ਕੁਰਬਾਨ ਕਰ ਦਿੰਦਾ ਹੈ। ਅਜਿਹੇ ਸਤਿ ਦੇ ਰਾਹੀ ਕਿਸੇ ਵੀ ਤਰ੍ਹਾਂ ਦੇ ਸ਼ੋਸ਼ਿਤ ਜਾਂ ਗੁਲਾਮ ਸਮਾਜ ਵਿਚ ਰਹਿਣਾ ਪਸੰਦ ਨਹੀਂ ਕਰਦੇ ਤੇ ਮਨੁੱਖਤਾ ਦੀ ਅਜ਼ਾਦੀ ਤੇ ਸਰਬੱਤ ਦੇ ਭਲੇ ਵਾਸਤੇ ਤੱਤਪਰ ਰਹਿੰਦੇ ਹੋਏ, ਮਨੁੱਖਤਾ ਦੀ ਭਲਾਈ ਲਈ ਸ਼ਹਾਦਤ ਵਲ ਵਧਦੇ ਨਜ਼ਰ ਆਉਂਦੇ ਹਨ।

ਉਪਰੋਕਤ ਵੀਚਾਰ ਤੋਂ ਜੇਕਰ ਸ਼ਹੀਦ ਤੇ ਉਸ ਦੀ ਸ਼ਹਾਦਤ ਨੂੰ ਪਰਿਭਾਸ਼ਿਤ ਕਰਨਾ ਹੋਵੇ ਤਾਂ ਕਿਹਾ ਜਾ ਸਕਦਾ ਹੈ ਕਿ ਸ਼ਹੀਦ ਉਹ ਸਤਿ ਪੁਰਸ਼ ਹੈ ਜੋ ਖੁਸ਼ੀ ਨਾਲ ਧਰਮ, ਵਿਸ਼ਵਾਸ਼ ਅਤੇ ਆਦਰਸ਼ ਦੀ ਸਚਿਆਈ ਨੂੰ ਸਥਾਪਿਤ ਕਰਨ ਲਈ, ਜ਼ੁਲਮ ਖਿੜੇ ਮੱਥੇ ਸਹਿਨ ਕਰਦਾ ਹੋਇਆ ਆਪਣੇ ਜੀਵਨ ਦਾ ਬਲੀਦਾਨ ਦੇਂਦਾ ਹੈ।

ਸ਼ਹੀਦ ਅਸਲ ਵਿਚ ਸ਼ਹਾਦਤ ਦੇ ਮੁਕਾਮ ਨੂੰ ਉਦੋਂ ਹੀ ਹਾਸਿਲ ਕਰਦਾ ਹੈ ਜਦੋਂ ਉਹ ਦੇਹ ਦੇ ਬੰਧਨਾਂ ਤੇ ਵਾਸ਼ਨਾਵਾਂ ਤੋਂ ਮੁਕਤ ਹੋ ਕੇ ਆਪਣੀ ਚੇਤਨਾ ਨੂੰ ਰੱਬੀ ਰੰਗ ਵਿਚ ਰੰਗ ਲੈਂਦਾ ਹੈ। ਐਸੀਆਂ ਰੱਬੀ ਰੰਗ ਵਿਚ ਰੱਤੀਆਂ ਰੂਹਾਂ ਨੂੰ ਕੋਟਿ-ਕੋਟਿ ਪ੍ਰਣਾਮ ਕਰਨਾ ਬਣਦਾ ਹੈ। ਆਪਣੇ ਕੌਮੀ ਸ਼ਹੀਦਾਂ ਨੂੰ ਨਮਸ਼ਕਾਰ ਕਰਨਾ ਸਾਡਾ ਸਾਰਿਆਂ ਦਾ ਫਰਜ਼ ਹੈ। ਉਹ ਅੱਜ ਵੀ ਸਾਡੇ ਤੇ ਬਖਸ਼ਿਸ਼ਾਂ ਕਰ ਰਹੇ ਹਨ। ਕਰੀਏ! ਉਨ੍ਹਾਂ ਨੂੰ ਪਿਆਰ, ਵੈਰਾਗ, ਸ਼ਰਧਾ ਭਾਵਨਾ ਨਾਲ ਸਿਜਦਾ। ਉਸ ਸਿਜਦੇ ਬਦਲੇ ਉਹ ਸਾਨੂੰ ਬਖਸ਼ਿਸ਼ਾਂ ਨਾਲ ਸਰਸ਼ਾਰ ਕਰ ਦੇਣਗੇ।

ਆਉ! ਇਸ ਸ਼ਹੀਦੀ ਪੰਦਰਵਾੜੇ ਨੂੰ ਵਿਰਾਸਤੀ, ਪਰੰਪਰਾ ਅਨੁਸਾਰ ਬਤੀਤ ਕਰੀਏ। ਜਗਤ ਮਾਤਾ ਗੁਜਰ ਕੌਰ ਜੀ ਅਤੇ ਸਾਹਿਬਜ਼ਾਦਿਆਂ ਨੂੰ ਨਮਸ਼ਕਾਰ ਕਰਦਿਆਂ ਵੱਧ ਤੋਂ ਵੱਧ ਬਾਣੀ ਦੇ ਜਾਪ, ਸੇਵਾ, ਸਿਮਰਨ ਕਰੀਏ। ਇਨ੍ਹਾਂ ਦਿਨਾਂ ਵਿਚ ਮਠਿਆਈ ਆਦਿ ਤੇ ਖੁਸ਼ੀਆਂ ਦੇ ਕਾਰਜਾਂ ਤੋਂ ਗੁਰੇਜ਼ ਕਰਦੇ ਹੋਏ, ਪੁਰਾਣੇ ਬਜ਼ੁਰਗਾਂ ਵਾਗੂੰ ਸਮਾਂ ਬਤੀਤ ਕਰੀਏ, ਪੁਰਾਤਨ ਜੋ ਭੁੰਜੇ ਪੈ ਕੇ ਸ਼ਹੀਦਾਂ ਦੇ ਪਿਆਰ, ਵੈਰਾਗ ਵਿਚ ਸਮਾਂ ਬਤੀਤ ਕਰਦੇ ਸਨ।

ਇਹੀ ਉਨ੍ਹਾਂ ਮਹਾਨ ਅਮਰ ਸ਼ਹੀਦਾਂ ਨੂੰ ਸੱਚੀ ਸ਼ਰਧਾ ਪੇਸ਼ ਹੋਵੇਗੀ। ਸ਼ਹੀਦੀ ਪੰਦਰਵਾੜੇ ਦੇ ਸਬੰਧ ਵਿਚ ਹਥਲੇ ਅੰਕ ਵਿਚ ਵਿਸ਼ੇਸ਼ ਲੇਖ, ਟਰੱਸਟ ਦੇ ਮੌਜੂਦਾ ਮੁਖੀ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਅਤੇ ਹੋਰ ਸਬੁੱਧੀਜੀਵੀ, ਰੱਬੀ ਰੂਹਾਂ ਵਲੋਂ ਰਚਿਤ, ਦਿਤੇ ਜਾ ਰਹੇ ਹਨ।

ਆਸ ਹੈ ਪਾਠਕ ਜਨ ਪੜ੍ਹ ਕੇ, ਸ਼ਹੀਦਾਂ ਪ੍ਰਤੀ ਹੋਰ ਪਿਆਰ, ਵੈਰਾਗ, ਸ਼ਰਧਾ ਵਿਚ ਸਿਜਦਾ ਭੇਟ ਕਰਨਗੇ।

ਅਮਰ ਸ਼ਹੀਦ ਧੰਨ ਮਾਤਾ ਗੁਜਰ ਕੌਰ ਜੀ ਤੇ ਸਾਹਿਬਜ਼ਾਦੇ ਬਾਬਾ ਜ਼ੋਰਾਵਰ ਸਿੰਘ ਜੀ ਮਹਾਰਾਜ ਅਤੇ ਸਾਹਿਬਜ਼ਾਦੇ ਬਾਬਾ ਫਤਹਿ ਸਿੰਘ ਜੀ ਮਹਾਰਾਜ ਦੇ ਪਵਿੱਤਰ ਸਰੀਰਾਂ ਦੇ ਸਸਕਾਰ ਵਾਲੀ ਪਵਿੱਤਰ ਧਰਤੀ, ਗੁਰਦੁਆਰਾ ਜੋਤੀ ਸਰੂਪ ਸ੍ਰੀ ਫਤਹਿਗੜ੍ਹ ਸਾਹਿਬ ਬਾਰੇ ਕੌਮ ਦੇ ਅੰਦਰ ਇਕ ਧਾਰਨਾ ਪੱਕ ਚੁੱਕੀ ਹੈ ਕਿ ਗੁਰਦੁਆਰਾ ਸ੍ਰੀ ਜੋਤੀ ਸਰੂਪ ਸਾਹਿਬ ਵਾਲੀ ਧਰਤੀ ਦੁਨੀਆਂ ਦੀਆਂ ਸਭ ਧਰਤੀਆਂ ਤੋਂ ਮਹਿੰਗੀ ਧਰਤੀ

*(ਬਾਕੀ ਪੰਨਾ 7 'ਤੇ)*

# ਅਮਰ ਸ਼ਹੀਦਾਂ ਨੂੰ ਸਮਰਪਿਤ - ਕੁਝ ਵਲਵਲੇ
# ਜੋਤੀ ਸਰੂਪ ਸਾਹਿਬ ਵਾਲੀ ਸਭ ਤੋਂ ਮਹਿੰਗੀ ਧਰਤੀ? ਜਾਂ ਬੇਸ਼ਕੀਮਤੀ?

ਦੁਨੀਆਂ ਦੀਆਂ ਵਸਤੂਆਂ ਨੂੰ ਨਾਪਣ-ਤੋਲਣ, ਮਿਣਨ ਦੇ ਆਪਣੇ ਪੈਮਾਨੇ ਹਨ। ਇਨ੍ਹਾਂ ਪੈਮਾਨਿਆਂ ਨਾਲ ਦੁਨੀਆਂ ਦੀ ਹਰ ਸ਼ੈਅ ਨੂੰ ਨਾਪ, ਤੋਲ ਜਾਂ ਮਿਣ ਕੇ ਉਸ ਦੀ ਗੁਣਵਤਾ ਲੰਬਾਈ, ਚੌੜਾਈ, (ਪੁੰਜ ਤੇ ਭਾਰ) ਦਾ ਪਤਾ ਲਗ ਜਾਂਦਾ ਹੈ। ਸਾਡੀ ਕੌਮ ਦੇ ਵਿਚ ਇਸੇ ਪੈਮਾਨੇ ਤਹਿਤ ਸ੍ਰੀ ਜੋਤੀ ਸਰੂਪ ਵਾਲੀ ਪਵਿੱਤਰ ਜਗ੍ਹਾ ਜਿਥੇ ਟੋਡਰ ਮੱਲ ਜੀ ਨੇ ਖੜ੍ਹੀਆਂ ਮੋਹਰਾਂ ਵਿਛਾ ਕੇ ਸਾਹਿਬਜ਼ਾਦਿਆਂ ਦੇ ਅਤੇ ਮਾਤਾ ਗੁਜਰ ਕੌਰ ਜੀ ਦੇ ਪਵਿੱਤਰ ਸਰੀਰਾਂ ਦਾ ਸਸਕਾਰ ਕੀਤਾ ਹੈ, ਨੂੰ ਨਾਪ ਤੋਲ ਕੇ ਇਹ ਪ੍ਰਚਲਿਤ ਕਰ ਦਿਤਾ ਗਿਆ ਹੈ ਕਿ ਉਹ ਪਵਿੱਤਰ ਧਰਤੀ, ਦੁਨੀਆਂ ਦੀ ਸਭ ਤੋਂ ਮਹਿੰਗੀ ਧਰਤੀ ਹੈ। ਇਥੋਂ ਤਕ ਕਿ ਇੰਟਰਨੈੱਟ ਮੀਡੀਏ 'ਤੇ ਇਹ ਵੀ ਪ੍ਰਚਾਰ ਚੱਲ ਰਿਹਾ ਹੈ ਕਿ ਭਾਈ ਟੋਡਰ ਮੱਲ ਵੇਲੇ 78000 ਮੋਹਰਾਂ, ਉਸ ਸਮੇਂ ਦੀਆਂ, ਵਿਛਾ ਕੇ ਇਹ ਜਗ੍ਹਾ ਖਰੀਦੀ ਗਈ। ਜੋ ਕਿ ਅੱਜ ਦੀ ਕੀਮਤ ਖਰਬਾਂ ਰੁਪਏ ਬਣਦੀ ਹੈ। ਤੱਥ ਦੁਰੱਸਤ ਹੈ ਪਰ ਇਸ ਦੀ ਹੋਰ ਡੂੰਘਾਈ ਵਿਚ ਜਾਣ ਦੀ ਲੋੜ ਹੈ।

ਜਦੋਂ ਤਕ ਇਹ ਪਵਿੱਤਰ ਧਰਤੀ ਟੋਡਰ ਮੱਲ ਨੇ ਖਰੀਦੀ ਨਹੀਂ ਸੀ ਜਾਂ ਜਦੋਂ ਖਰੀਦ ਲਈ ਉਸ ਸਮੇਂ ਤਕ, ਇਹ ਦੁਨੀਆਂ ਦੀ ਹਰ ਧਰਤੀ ਤੋਂ ਮਹਿੰਗੀ ਸੀ। ਕਿਉਂਕਿ ਵੱਡੀ ਕੀਮਤ ਉਸ ਵਲੋਂ ਚੁਕਾਈ ਗਈ ਜੋ ਕਿ ਸੰਸਾਰਿਕ ਸਾਰੀਆਂ ਧਰਤੀਆਂ ਤੋਂ ਉਪਰ ਸੀ। ਪਰ ਸਾਹਿਬਜ਼ਾਦਿਆਂ ਦੇ ਅਤੇ ਮਾਤਾ ਜੀ ਦੇ ਪਵਿੱਤਰ ਸਰੀਰਾਂ ਦੇ ਸਸਕਾਰ ਤੋਂ ਬਾਅਦ ਸਾਡੇ ਲਈ ਇਹ ਧਰਤੀ ਬੇਸ਼ਕੀਮਤੀ ਬਣ ਗਈ। ਦੁਨੀਆਂ ਦੇ ਅੰਦਰ ਕੋਈ ਨਾਪਣ, ਤੋਲਣ ਦਾ, ਮਿਣਨ ਦਾ ਪੈਮਾਨਾ ਨਹੀਂ ਬਣਿਆ ਜੋ ਮਿਣ ਕੇ ਇਸ ਧਰਤੀ ਦੀ ਕੀਮਤ ਸਿੱਧ ਕਰ ਸਕੇ। ਇਹ ਦੁਨਿਆਵੀ ਧਰਤੀ ਨਹੀਂ ਹੈ। ਨਾ ਹੀ ਇਸ ਦੀ ਤੁਲਨਾ ਦੁਨਿਆਵੀ ਧਰਤੀਆਂ ਨਾਲ ਕੀਤੀ ਜਾ ਸਕਦੀ ਹੈ। ਤਿੰਨ ਲੋਕਾਂ, ਚੌਦਾਂ ਭਵਨਾਂ, ਕ੍ਰੋੜਾਂ ਬ੍ਰਹਿਮੰਡ ਵੀ ਇਸ ਦੇ ਬਰਾਬਰ ਨਹੀਂ ਪੁੱਜ ਸਕਦੇ। ਇਹ ਬੇਸ਼ਕੀਮਤੀ ਹੈ। ਕੀਮਤ ਦੀਆਂ ਹੱਦਾਂ ਬੰਨ੍ਹਿਆਂ ਵਿਚ ਇਸ ਧਰਤੀ ਨੂੰ ਨਹੀਂ ਬੰਨ੍ਹਿਆ ਜਾ ਸਕਦਾ। ਹੁਣ ਇਹ ਦੁਨਿਆਵੀ ਧਰਤੀ ਨਹੀਂ ਹੈ ਇਹ ਤਾਂ ਅਨਮੋਲ, ਬੇਸ਼ਕੀਮਤੀ ਹੈ। ਇਹ ਉਹ ਸਚਖੰਡ ਦਾ ਇਕ ਪਵਿੱਤਰ ਭਾਗ ਹੈ, ਜਿਸ ਦੀ ਵਡਿਆਈ ਦੁਨਿਆਵੀ ਸ਼ਬਦਾਂ ਵਿਚ ਬੰਨਣੀ ਨਾ ਮੁਮਕਿਨ ਹੈ। ਸਾਰੇ ਸੰਸਾਰ ਦਾ ਰਾਜ ਭਾਗ ਇਸ ਪਵਿੱਤਰ ਜਗ੍ਹਾ ਦੇ ਸਾਮ੍ਹਣੇ ਜ਼ੀਰੋ ਹੈ। ਇਕ ਕਿਣਕਾ ਮਾਤਰ ਵੀ ਨਹੀਂ ਹੈ।

ਸੋ ਇਹ ਪਵਿੱਤਰ ਧਰਤੀ ਕਿਹੜੇ ਅਰਸ਼ ਦਾ ਹਿੱਸਾ ਹੈ, ਸ਼ਬਦਾਂ 'ਚ ਬਿਆਨ ਕਰਨਾ ਔਖਾ ਹੈ। ਪਰ ਦਿਲੀ ਵਲਵਲੇ ਹਨ ਕਿ ਇਸ ਧਰਤੀ ਦੀ ਤੁਲਨਾ ਇਥੋਂ ਦੀਆਂ ਧਰਤੀਆਂ ਨਾਲ ਕਰਕੇ ਇਹ ਨਾ ਕਹੀਏ ਕਿ ਇਹ ਸਭ ਤੋਂ ਮਹਿੰਗੀ ਹੈ। ਸਗੋਂ ਇਹ ਕਹੀਏ ਕਿ ਇਹ ਬੇਸ਼ਕੀਮਤੀ ਖਜ਼ਾਨਾ ਹੈ। ਤਿੰਨਾਂ ਲੋਕਾਂ, ਚੌਦਾਂ ਭਵਨਾਂ ਦਾ ਰਾਜ ਭਾਗ ਇਸ ਪਵਿੱਤਰ ਧਰਤੀ ਦੇ ਸਾਮ੍ਹਣੇ ਜ਼ੀਰੋ ਹੈ। ਭੁਲਾਂ ਚੁਕਾਂ ਦੀ ਖਿਮਾ, ਹੋ ਸਕਦਾ ਹੈ ਇਹ ਵਲਵਲਾ ਦੁਰੱਸਤ ਨਾ ਹੋਵੇ, ਮਾਫ਼ ਕਰਨਾ। ਜੇ ਦੁਰੱਸਤ ਲਗਦਾ ਹੈ ਤਾਂ ਇਸ ਪਵਿੱਤਰ ਧਰਤੀ ਨੂੰ ਨਮਸ਼ਕਾਰ ਕਰਦਿਆਂ ਅਨਮੋਲ ਅਤੇ ਬੇਸ਼ਕੀਮਤੀ ਜਜ਼ਬੇ ਵਾਲੀ ਸ਼ਰਧਾ ਧਾਰਨ ਕਰੀਏ।

*ਭਾਈ (ਡਾ.) ਸੁਖਵਿੰਦਰ ਸਿੰਘ*
*ਮੈਨੇਜਿੰਗ ਐਡੀਟਰ*

---

*(ਪੰਨਾ 6 ਦੀ ਬਾਕੀ)*

ਹੈ। ਪ੍ਰਵਾਨ ਹੈ, ਦੁਰੱਸਤ ਹੈ ਪਰ ਕੌਮ ਨੂੰ ਨਮਸ਼ਕਾਰ ਕਰਦਿਆਂ ਅਮਰ ਸ਼ਹੀਦਾਂ ਦੇ ਚਰਨਾਂ ਵਿਚ ਸੀਸ ਰਖਦਿਆਂ ਇਸ ਪ੍ਰਥਾਏ ਕੁਝ ਵੀਚਾਰ ਦਾਸ ਵਲੋਂ ਲਿਖੇ ਗਏ ਹਨ ਜੋ ਅਲੱਗ ਪੰਨੇ ਤੇ ਲੇਖ ਦੇ ਰੂਪ ਵਿਚ ਦਿਤੇ ਜਾ ਰਹੇ ਹਨ, ਹੋ ਸਕਦਾ ਹੈ ਦਾਸ ਸਹੀ ਨਾ ਹੋਵੇ ਪਰ ਇਕ ਦਿਲੀ ਭਾਵਨਾ ਜਾਂ ਵਲਵਲਾ ਸੀ ਜੋ ਅੱਖਰਾਂ ਦੇ ਰੂਪ ਵਿਚ ਤੁਹਾਡੇ ਸਾਹਮਣੇ ਰੱਖਿਆ ਹੈ। ਫੈਸਲਾ ਤੁਹਾਡਾ ਆਪਣਾ ਹੋਵੇਗਾ। ਅੰਤਿਮ ਸੱਚ ਕੌਮ ਦਾ ਹੈ, ਦਾਸ ਦਾ ਨਹੀਂ।

ਭੁੱਲਾਂ ਦਾਸ ਦੀਆਂ ਹੋਣਗੀਆਂ। ਵੀਚਾਰਾਂ ਦਾ ਸਿਰਲੇਖ ਹੈ 'ਸਭ ਤੋਂ ਮਹਿੰਗੀ ਜਾਂ ਬੇਸ਼ਕੀਮਤੀ ਧਰਤੀ ਸ੍ਰੀ ਜੋਤੀ ਸਰੂਪ ਵਾਲੀ', ਕ੍ਰਿਪਾ ਕਰਕੇ ਪੜ੍ਹ ਕੇ ਵਿਚਾਰਨ ਦੀ ਕ੍ਰਿਪਾਲਤਾ ਕਰਨੀ ਜੀ।

# ਪੋਖ

## (ਪੋਖ ਮਹੀਨੇ ਦੀ ਸੰਗਰਾਂਦ : 15 ਦਸੰਬਰ, ਦਿਨ ਸੋਮਵਾਰ)

*ਡਾ. ਭਾਈ ਵੀਰ ਸਿੰਘ ਜੀ*

**ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥**
**ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥**
**ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥**
**ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥**
**ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥**
**ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥**
**ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥**
**ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥**
**ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥ ੧੧ ॥**

**ਅੰਗ - ੧੩੫**

(ਅਤਿ ਠੰਢ ਦਾ ਮਹੀਨਾ ਪੋਹ ਹੈ, ਫੁਰਮਾਉਂਦੇ ਹਨ, ਉਨ੍ਹਾਂ ਜੀਵ ਯਾ ਜਗਿਆਸੂ ਰੂਪ ਇਸਤ੍ਰੀਆਂ ਨੂੰ) ਪੋਹ ਵਿਚ ਠੰਢ ਨਹੀਂ ਵਾਪਰੇਗੀ (ਜਿਨ੍ਹਾਂ ਦੇ) ਗਲੇ ਨਾਲ (ਵਾਹਿਗੁਰੂ) ਪਤੀ ਮਿਲ ਰਿਹਾ ਹੈ। (ਉਨ੍ਹਾਂ ਦਾ) ਮਨ (ਵਾਹਿਗੁਰੂ ਦੇ) ਚਰਨਾਂ ਕਵਲਾਂ (ਦੀ ਪ੍ਰੀਤ ਨਾਲ) ਵਿੰਨ੍ਹਿਆ ਗਿਆ ਹੈ (ਤੇ ਉਨ੍ਹਾਂ ਨੂੰ) ਦਰਸ਼ਨ ਵਿਚ ਪ੍ਰਾਪਤ ਹੋਇਆ ਹੈ ਪਤੀ (ਭਾਵ ਵਾਹਿਗੁਰੂ)। (ਰਾਇ) ਪ੍ਰਕਾਸ਼ ਰੂਪ ਗੋਬਿੰਦ ਗੋਪਾਲ ਸਵਾਮੀ ਦਾ (ਉਨ੍ਹਾਂ ਨੂੰ ਹੁਣ ਪੱਕਾ) ਆਸਰਾ (ਪ੍ਰਾਪਤ) ਹੈ, (ਉਸ ਦੀ) ਸੇਵਾ ਦਾ (ਇਹ) ਲਾਹਾ (ਉਨ੍ਹਾਂ ਨੂੰ) ਮਿਲ ਰਿਹਾ ਹੈ। (ਹੁਣ ਉਨ੍ਹਾਂ ਤੇ) ਮਾਇਆ ਅਸਰ ਨਹੀਂ ਪਾ ਸਕਦੀ, ਉਹ ਸਾਧੂ ਨਾਲ ਮਿਲ ਕੇ (ਸਵਾਮੀ ਦੇ) ਗੁਣਾਂ ਦੀ ਵੀਚਾਰ ਕਰਦੀਆਂ ਹਨ। (ਉਨ੍ਹਾਂ ਨੇ ਸਵਾਮੀ ਦੀ) ਸੱਚੀ ਪ੍ਰੀਤ ਵਿਚ ਸਮਾਈ (ਪਾਈ ਹੈ, ਇਸ ਕਰਕੇ ਉਨ੍ਹਾਂ ਦੀ ਆਤਮਾ) ਜਿਥੋਂ ਉਪਜੀ ਸੀ ਓਥੇ ਜਾ ਮਿਲੀ ਹੈ। (ਹੁਣ) ਪਾਰਬ੍ਰਹਮ ਨੇ (ਆਪ ਉਸ ਦੀ) ਬਾਂਹ ਫੜ ਲਈ ਹੈ (ਇਸ ਲਈ) ਫਿਰ ਵਿਛੋੜਾ ਨਹੀਂ ਹੋਣਾ। (ਐਸੇ) ਅਗੰਮ ਤੇ ਅਗਾਹ ਹਰੀ ਸੱਜਣ ਤੋਂ ਲੱਖਾਂ ਵੇਰੀ ਸਦਕੇ ਹਾਂ, (ਜਿਸ) ਨਾਰਾਇਣ ਨੂੰ (ਕਿ) ਦਰ ਢੱਠਣੀਆਂ ਦੀ ਸ਼ਰਮ ਪੈ ਜਾਂਦੀ ਹੈ, ਹੇ ਨਾਨਕ! ਬੇਪਰਵਾਹ (ਸਾਂਈਂ) ਜਿਸ ਤੇ ਬਖਸ਼ਿਸ਼ ਕਰੇ ਉਸ ਨੂੰ ਪੋਹ ਸਾਰੇ ਸੁਖ ਸਹਿਤ ਸੁਹਾਵਣਾ (ਲੰਘਦਾ) ਹੈ।

ਵਿਆਖਿਆ - ਪੋਹਿ ਅਤਿ ਠੰਢਾਂ ਦਾ ਮਹੀਨਾ ਹੈ, ਪੰਜਾਬ ਦੇ ਪਹਾੜਾਂ ਵਿਚ ਬਰਫ ਤੇ ਮੈਦਾਨਾਂ ਵਿਚ ਕੱਕਰ ਪੈਂਦਾ ਹੈ, ਦੋਹਾਂ ਨੂੰ ਤੁਖਾਰ ਕਿਹਾ ਹੈ। ਇਸ ਮਹੀਨੇ ਵਿਚ ਉਸ ਪਤੀ ਪ੍ਰਾਪਤ ਸੁਹਾਗਣ ਦਾ ਵਰਣਨ ਹੈ ਜੋ ਪਤੀ ਨੂੰ ਮਿਲ ਰਹੀ ਹੈ ਤੇ ਪਤੀ ਦਿਆਲੂ ਹੋ ਰਿਹਾ ਹੈ।

'ਸਰਮ ਪਈ ਨਾਰਾਇਣੈ' ਕਹਿ ਕੇ ਬਿਰਹੇ ਤੋਂ ਜਾਣੂ ਤੇ ਮਿਲਾਪ ਦੇ ਤਰਲੇ ਲੈਣ ਵਾਲੀ ਬਿਰਹਨੀ ਦੇ ਰੂਪਕ ਵਿਚ ਉਸ ਸੰਤ ਦਾ ਇਸ਼ਾਰਾ ਦਿਤਾ ਹੈ ਜੋ ਵਾਹਿਗੁਰੂ ਵਿਯੋਗ ਵਿਚ ਵਿਆਕੁਲ ਸੀ। ਮਿਲਾਪ ਦੇ ਤਰਲੇ ਵਿਚ ਦਰ ਜਾ ਢੱਠਾ ਸੀ। ਉਸ ਤੇ ਮਿਹਰ ਹੋਈ। ਧੂਨੀ ਨਾਲ ਜਣਾਇਆ ਕਿ ਮਿਹਰ ਮਿਲੇਗੀ, ਮਿਹਰ ਲਈ ਦਰ ਢੱਠੀ ਰਹੋ, ਦਰ ਢੱਠਿਆਂ ਦੀ ਬਿਰਦ ਪਾਲਕ ਨੂੰ ਲਾਜ ਪੈਂਦੀ ਹੈ।

ਨਿਰੁੱਕਤ - ਤੁਖਾਰੁ, ਬਰਫ। ਭਾਵ ਹੈ ਠੰਢ, ਪਾਲਾ।

ਚਰਨਾਰਬਿੰਦ-ਚਰਨ ਅਰਵਿੰਦ, ਚਰਨ ਕਵਲ।

ਸਾਹੁ-ਸਾਹੁ ਦਾ ਅਰਥ (ਸ਼ਾਹ) ਮਾਲਕ, ਪਤੀ ਹੈ। ਜਿਨ੍ਹਾਂ ਦੇ ਦਰਸ਼ਨ ਵਿਚ (ਲਗਾ) ਵਿਆਪ ਰਿਹਾ ਹੈ, ਪਤੀ (ਪਰਮੇਸ਼ਰ) ਦਰਸ਼ਨ ਵਿਚ ਉਤਸ਼ਾਹ ਹੈ ਉਨ੍ਹਾਂ ਦਾ। ਸਾਹ=ਉਤਸ਼ਾਹ ਦਾ ਸੰਖੇਪ। ਸਾਹ ਦਾ ਅਰਥ ਦਮ ਬੀ ਹੈ; ਜਿਨ੍ਹਾਂ ਦਾ ਹਰ ਦਮ ਦਰਸ਼ਨ ਪਰਾਇਣ ਹੈ।

ਲਾਹੁ - ਲਾਹਾ।

# ਪਿਆਰੇ ਦੀ ਤਾਂਘ
# ਸ੍ਰੀ ਗੁਰੂ ਨਾਨਕ ਦੇਵ ਜੀ ਅਤੇ ਰਾਏ ਬੁਲਾਰ

*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-19)***

ਸੋ ਗੁਰੂ ਨਾਨਕ ਸਾਹਿਬ ਕਹਿਣ ਲੱਗੇ, ਨਵਾਬ ਸਾਹਿਬ! ਏਸ ਤਰ੍ਹਾਂ ਦੀਆਂ ਅਨੇਕਾਂ ਵਾਸ਼ਨਾਵਾਂ ਮਨ ਨੂੰ ਘੇਰ ਕੇ ਰੱਖਦੀਆਂ ਨੇ। ਸੋ ਆਦਮੀ ਨਾਮ ਨਹੀਂ ਜਪ ਸਕਦਾ। ਮਰਦਾਨਾ ਕਹਿਣ ਲੱਗਿਆ ਕਿ ਸੁਮੱਤ ਦੇ ਕੇ ਮਹਾਰਾਜ ਨੇ ਸਭ ਨੂੰ ਸਹੀ ਰਸਤੇ ਤੇ ਪਾਇਆ। ਕਹਿਣ ਲੱਗੇ, ਰਾਇ ਜੀ! ਜੋ ਨਵਾਬ ਦੌਲਤਖਾਨ ਸੀ, ਉਹ ਗੁਰੂ ਨਾਨਕ ਦਾ ਮੁਰੀਦ ਬਣ ਗਿਆ। ਮੁਰੀਦ ਬਣ ਕੇ ਉਨ੍ਹਾਂ ਦੇ ਚਰਨਾਂ ਤੋਂ, ਚਰਨਾਮ੍ਰਿਤ ਲੈ ਕੇ, ਉਸਨੇ, ਉਨ੍ਹਾਂ ਤੋਂ ਨਾਮ ਲੈ ਕੇ, ਉਹ ਨਾਮ ਜਪਣ ਲੱਗ ਗਿਆ।

ਰਾਇ ਬੁਲਾਰ ਕਹਿਣ ਲੱਗਿਆ, ਧਨ ਹੈ ਉਹ। ਜਿਸਨੂੰ ਮੇਰੇ ਗੁਰੂ ਨਾਨਕ ਦੀ ਸੋਝੀ ਪੈ ਗਈ। ਮਰਦਾਨੇ ਨੇ ਕਿਹਾ ਕਿ ਉਸ ਤੋਂ ਬਾਅਦ ਅਸੀਂ ਭਾਈ ਲਾਲੋ ਦੇ ਚਲੇ ਗਏ, ਸ੍ਰੀ ਗੁਰੂ ਨਾਨਕ ਪਾਤਸ਼ਾਹ ਕਾਫੀ ਦਿਨ ਰਹੇ। ਉਥੇ ਸ਼ਿਕਾਇਤ ਕਰ ਦਿਤੀ ਕੱਟੜਾਂ ਨੇ ਕਿ ਗੁਰੂ ਨਾਨਕ ਖੱਤਰੀ ਹੋ ਕੇ ਲਾਲੋ ਤਰਖਾਣ ਦੇ ਘਰ ਰਹਿੰਦੇ ਨੇ, ਜਿਨ੍ਹਾਂ ਨੂੰ ਸ਼ੂਦਰ ਕਹਿੰਦੇ ਨੇ। ਸ਼ੂਦਰਾਂ ਦੀ ਵੰਡ ਦੋ ਤਰ੍ਹਾਂ ਦੀ ਕਰੀ ਹੋਈ ਸੀ ਇਨ੍ਹਾਂ ਲੋਕਾਂ ਨੇ ਕਿ ਜਿਹੜੇ ਬੰਦੇ ਦੇ ਰੋਟੀ ਕਮਾਉਣ ਵਾਸਤੇ ਸਰੀਰ ਵਿਚੋਂ ਪਸੀਨਾ ਆ ਜਾਵੇ, ਉਹ ਸ਼ੂਦਰ ਹੈ। ਉਨ੍ਹਾਂ 'ਚ ਦੋ ਨੇ, ਜਿਨ੍ਹਾਂ ਨੂੰ ਅਛੂਤ ਕਹਿੰਦੇ ਨੇ ਕਿ ਹੱਥ ਲਾਇਆ, ਹੱਥ ਭਿੱਟ ਹੋ ਜਾਂਦਾ ਹੈ। ਇਕ ਉਹ ਨੇ ਜਿਨ੍ਹਾਂ ਦੇ ਪੱਕਿਆ ਹੋਇਆ ਨਹੀਂ ਖਾਣਾ, ਜੇ ਖਾਣਾ ਤਾਂ ਉਨ੍ਹਾਂ ਦੇ ਘਰ 'ਚੋਂ ਆਪ ਪਕਾ ਕੇ ਖਾਣਾ ਹੈ। ਜਾਤ ਪਾਤ ਦੀ ਵੰਡ ਬਹੁਤ ਗਹਿਰੀ ਸੀ। ਕਹਿਣ ਲੱਗੇ, ਭਾਈ ਲਾਲੋ ਕਿਰਤੀ, ਪਰ ਰੱਬ ਦਾ ਪਿਆਰਾ। ਸ੍ਰੀ ਗੁਰੂ ਨਾਨਕ ਦਾ ਪ੍ਰਵਾਨ ਕੀਤਾ ਗੁਰਸਿੱਖ। ਨਿਰਾ ਹੀ ਪਿਆਰ ਦੀ ਮੂਰਤ। ਰਾਇ ਜੀ! ਉਹਦੀ ਐਨੀ ਨਿੰਦਿਆ ਕਿ ਜਾ ਕੇ ਮਲਕ ਭਾਗੋ, ਜੋ ਉਸ ਪਰਗਣੇ ਦਾ ਮਾਲਕ ਸੀ ਓਸ ਦੇ ਕੋਲ ਕਰ ਦਿਤੀ। ਉਹਨੇ ਬ੍ਰਹਮਭੋਜ ਕਰਿਆ, ਸ੍ਰੀ ਗੁਰੂ ਨਾਨਕ ਦੇਵ ਜੀ ਨੇ ਜਵਾਬ ਦੇ ਦਿਤਾ, ਅਖੀਰ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਹਾ ਕਿ ਤੁਹਾਨੂੰ ਜਾਣਾ ਪੈਣਾ ਹੈ, ਉਥੇ ਚਲੇ ਗਏ ਤਾਂ ਉਥੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਕਹਿਣ ਲੱਗੇ, ਤੁਸੀਂ ਬ੍ਰਹਮ ਭੋਜ ਖਾਂਦੇ ਕਿਉਂ ਨਹੀਂ। ਉਨ੍ਹਾਂ ਨੇ ਕਿਹਾ ਕਿ ਮੈਨੂੰ ਭੁੱਖ ਹੀ ਨਹੀਂ ਹੈ। ਫੇਰ ਕਹਿਣ ਲੱਗੇ, ਮਲਕ ਜੀ! ਇਹ ਤੁਹਾਡੀ ਕਮਾਈ ਪਵਿੱਤਰ ਨਹੀਂ ਹੈ, ਜਿਹੜੇ ਲਾਲੋ ਦਾ ਤੁਸੀਂ ਮੈਨੂੰ ਮੇਹਣਾ ਮਾਰਦੇ ਓਂ, ਉਹ ਦਸਾਂ ਨੌਹਾਂ ਦੀ ਕਮਾਈ ਕਰਕੇ, ਉਹ ਤਾਂ ਜਿਹਦੇ ਮੁੱਖ ਵਿਚ ਚਲੀ ਜਾਏਗੀ, ਉਹ ਨਾਮ ਜਪਣ ਲੱਗ ਜਾਏਗਾ। ਤੇਰੀ ਗਰਾਹੀ ਜਿਸਦੇ ਮੁੱਖ 'ਚ ਚਲੀ ਜਾਏਗੀ ਉਹ ਨਾਮ ਜਪਦਾ ਹੋਇਆ ਭੁੱਲ ਜਾਏਗਾ-

***ਜਾ ਕੀ ਰਹਿਤ ਨ ਜਾਣੀਐ***
***ਗੁਰਬਾਣੀ ਨਹੀਂ ਗੀਤ ।***
***ਤਿਸ ਦੇ ਹਥਹੁ ਖਾਧੀਐ***
***ਵਿਸਰੈ ਹਰਿ ਕੀ ਪ੍ਰੀਤ।***

ਸੋ ਉਥੇ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੌਤਕ ਕਰਿਆ ਤੇ ਲਾਲੋ ਦੇ ਸੁੱਕੇ ਟੁਕੜੇ ਮੰਗਾਏ ਤੇ ਇਹਦੇ ਬ੍ਰਹਮ ਭੋਜ ਦੀਆਂ ਪੂਰੀਆਂ ਮੰਗਾਈਆਂ ਤੇ ਦੋ ਥਾਲੀਆਂ ਲੈ ਲਈਆਂ ਤੇ ਹੱਥ 'ਚ ਨਪੀੜ ਦਿਤੇ। ਮਲਕ ਭਾਗੋ ਦੇ ਮਾਲ ਪੂੜਿਆਂ ਦੇ ਵਿਚੋਂ ਖ਼ੂਨ ਚੱਲ ਰਿਹਾ ਹੈ ਤੇ ਲਾਲੋ ਦੇ ਸੁੱਕੇ ਟੁਕੜੇ ਦੇ ਵਿਚੋਂ, ਜੋ ਬਾਜਰੇ ਦਾ ਸੀ, ਉਹਦੇ ਵਿਚੋਂ ਦੁੱਧ ਦੀ ਧਾਰ ਚੱਲ ਰਹੀ ਹੈ। ਉਸ ਵੇਲੇ ਗੁਰੂ ਨਾਨਕ ਜੀ ਨੇ ਉਸਨੂੰ ਕਿਹਾ ਕਿ ਮਲਕ ਜੀ, ਪੁੰਨ ਕਰਦਾ ਹੈਂ ਕਿ ਪਾਪ ਕਰਦਾ ਹੈਂ? ਲੋਕਾਂ ਤੋਂ ਖੋਹ-ਖੋਹ ਕੇ ਲਿਆ ਕੇ ਫੇਰ ਤੂੰ ਦਾਨ ਕਰਦਾ ਹੈਂ, ਇਹਨੂੰ ਪਿਆਰਿਆ ਦਾਨ ਦਾ ਫਲ ਨਹੀਂ ਮਿਲਣਾ। ਕਦੇ ਅਸੂਲ ਉਲਟ ਹੋਇਆ ਹੈ? -

***ਫਰੀਦਾ ਲੋੜੈ ਦਾਖ ਬਿਜਉਰੀਆਂ ਕਿਕਰਿ ਬੀਜੈ ਜਟੁ॥***
***ਹੰਢੈ ਉਂਨ ਕਤਾਇਦਾ ਪੈਧਾ ਲੋੜੈ ਪਟੁ ॥***

***ਅੰਗ - ੧੩੭੯***

ਕਹਿਣ ਲੱਗੇ, ਮਲਕ ਜੀ! ਤੁਸੀਂ ਹਾਕਮ ਲੋਕ ਓਂ, ਇਕ ਗੱਲ ਇਨਸਾਫ ਦੀ ਦੱਸੋ ਕਿ ਬੀਜੇ ਕਿੱਕਰ ਤੇ ਉਹਨੂੰ ਅੰਗੂਰ ਲਗਦੇ ਨੇ ਕਦੇ? ਕਹਿੰਦਾ ਨਹੀਂ। ਕੱਤਦੀ ਤਾਂ ਰਹੀ ਬੀਬੀ ਕਪਾਹ, ਕਹਿੰਦੀ ਹੈ ਉੱਨ ਮੈਨੂੰ ਮਿਲ ਜਾਵੇ, ਰੇਸ਼ਮ ਮਿਲ ਜਾਵੇ, ਉਹ ਮਿਲ ਸਕਦਾ ਹੈ? ਕਹਿੰਦਾ ਨਹੀਂ। ਇਹ ਤਾਂ -

*ਜੇਹਾ ਬੀਜੈ ਸੋ ਲੁਣੈ ਕਰਮਾ ਸੰਦੜਾ ਖੇਤੁ ॥*

*ਅੰਗ - ੧੩੪*

ਕਿੰਨੇ ਤੂੰ ਪਾਪ ਬੀਜਦਾ ਹੈਂ, ਕਿੰਨੇ ਧੱਕੇ ਕਰਦਾ ਹੈਂ, ਕਿੰਨਾ ਪਰਜਾ ਤੋਂ ਅਨਾਜ ਖੋਂਹਦਾ ਹੈਂ ਤੇ ਫੇਰ ਬੜਾ ਦਾਨੀ ਬਣ ਜਾਂਦਾ ਹੈਂ। ਯਾਦ ਰੱਖ ਜਿਹੜੇ ਆਹ ਕਰਮ ਤੂੰ ਕੀਤੇ ਨੇ, ਇਹ ਕੀਤੇ ਹੋਏ ਕਰਮ ਲਿਖੇ ਗਏ, ਇਹ ਅੱਟਲ ਹੋ ਗਏ। ਫੇਰ ਧਰਮਰਾਜ ਦੀ ਦਰਗਾਹ 'ਚ ਜਾ ਕੇ ਤੈਨੂੰ ਇਹ ਭੋਗਣੇ ਪੈਣੇ ਨੇ, ਸਜਾਵਾਂ ਮਿਲਣੀਆਂ ਨੇ ਇਹਦੀਆਂ। ਇਹ ਨਹੀਂ ਹੈ ਕਿ ਤੂੰ ਕਰ ਗਿਆ ਤੇ ਤੈਨੂੰ ਕੋਈ ਰੋਕਣ ਵਾਲਾ ਨਹੀਂ। ਐਥੇ ਤਾਂ ਤੂੰ ਕਰ ਗਿਆ ਤੇ ਸੰਸਾਰ 'ਚ ਸਦਾ ਤੂੰ ਰਹਿਣਾ ਨਹੀਂ। ਇਥੋਂ ਚਲੇ ਜਾਣਾ ਹੈ ਤੇ ਜਦੋਂ ਦਰਗਾਹ 'ਚ ਜਾਵੇਂਗਾ ਪਿਆਰਿਆ! ਉਥੇ ਫੇਰ ਔਖਾ ਹੋ ਜਾਏਂਗਾ ਤੇ ਮਹਾਂਪੁਰਸ਼ਾਂ ਦਾ ਕਹਿਣਾ ਮੰਨ।

*ਫਰੀਦਾ ਜੇ ਤੂ ਅਕਲਿ ਲਤੀਫੁ ਕਾਲੇ ਲਿਖੁ ਨ ਲੇਖ॥*
*ਆਪਨੜੇ ਗਿਰੀਵਾਨ ਮਹਿ ਸਿਰੁ ਨੀਂਵਾਂ ਕਰਿ ਦੇਖੁ॥*

*ਅੰਗ - ੧੩੭੮*

*ਬਹੁ ਪਰਪੰਚ ਕਰਿ ਪਰ ਧਨੁ ਲਿਆਵੈ ॥*
*ਸੁਤ ਦਾਰਾ ਪਹਿ ਆਨਿ ਲੁਟਾਵੈ ॥ ੧ ॥*
*ਮਨ ਮੇਰੇ ਭੂਲੇ ਕਪਟੁ ਨ ਕੀਜੈ ॥*
*ਅੰਤਿ ਨਿਬੇਰਾ ਤੇਰੇ ਜੀਅ ਪਹਿ ਲੀਜੈ ॥੧ ॥ਰਹਾਉ॥*
*ਛਿਨੁ ਛਿਨੁ ਤਨੁ ਛੀਜੈ ਜਰਾ ਜਨਾਵੈ ॥*
*ਤਬ ਤੇਰੀ ਓਕ ਕੋਈ ਪਾਨੀਓ ਨ ਪਾਵੈ ॥ ੨ ॥*
*ਕਹਤੁ ਕਬੀਰੁ ਕੋਈ ਨਹੀ ਤੇਰਾ ॥*
*ਹਿਰਦੈ ਰਾਮੁ ਕੀ ਨ ਜਪਹਿ ਸਵੇਰਾ ॥* *ਅੰਗ - ੬੫੬*

*ਲੈ ਫਾਹੇ ਰਾਤੀ ਤੁਰਹਿ ਪ੍ਰਭੁ ਜਾਣੈ ਪ੍ਰਾਣੀ ॥*
*ਤਕਹਿ ਨਾਰਿ ਪਰਾਈਆ ਲੁਕਿ ਅੰਦਰਿ ਠਾਣੀ ॥*
*ਸੰਨ੍ਹੀ ਦੇਨ੍ਹਿ ਵਿਖੰਮ ਥਾਇ ਮਿਠਾ ਮਦੁ ਮਾਣੀ ॥*
*ਕਰਮੀ ਆਪੋ ਆਪਣੀ ਆਪੇ ਪਛੁਤਾਣੀ ॥*
*ਅਜਰਾਈਲੁ ਫਰੇਸਤਾ ਤਿਲ ਪੀੜੇ ਘਾਣੀ ॥*

*ਅੰਗ - ੩੧੫*

*ਕਬੀਰ ਲੇਖਾ ਦੇਨਾ ਸੁਹੇਲਾ*
*ਜਉ ਦਿਲ ਸੂਚੀ ਹੋਇ ॥*
*ਉਸੁ ਸਾਚੇ ਦੀਬਾਨ ਮਹਿ*
*ਪਲਾ ਨ ਪਕਰੈ ਕੋਇ ॥* *ਅੰਗ - ੧੩੭੫*

ਕਹਿਣ ਲੱਗੇ, ਮਲਕ! ਆਹ ਖੂਨ ਤੂੰ ਸਾਧੂਆਂ ਨੂੰ ਖਿਲਾਉਂਦਾ ਹੈਂ। ਭਜਨ ਰਹਿ ਜਾਏਗਾ ਇਨ੍ਹਾਂ ਦਾ? ਪੁੰਨ ਦਾਨ ਬਚ ਜਾਣਗੇ ਇਨ੍ਹਾਂ ਦੇ ਕੀਤੇ ਹੋਏ? ਜਿਥੇ ਤੂੰ ਨਰਕਾਂ ਨੂੰ ਜਾਏਂਗਾ, ਜਿਨ੍ਹਾਂ ਨੂੰ ਦਾਨ ਦਿੰਦਾ ਹੈਂ, ਇਹ ਵੀ ਨਰਕਾਂ ਨੂੰ ਜਾਣਗੇ। ਕਹਿਣ ਲੱਗੇ, ਰਾਇ ਸਾਹਿਬ! ਸਮਝਾ ਦਿਤਾ। ਚਰਨੀਂ ਢਹਿ ਪਿਆ ਜੋ ਉਥੇ ਦਾ ਨਵਾਬ ਸੀ ਜ਼ਾਲਮ ਖਾਂ, ਉਹਨੂੰ ਵੀ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸੁਮੱਤ ਦਿਤੀ। ਐਨੇ ਬਚਨ ਸੁਣਦਾ-ਸੁਣਦਾ, ਰਾਇ ਬੁਲਾਰ ਦੇ ਨੇਤਰਾਂ 'ਚੋਂ ਜਲ ਜਾ ਰਿਹਾ ਹੈ। ਬਹੁਤ ਮਨ ਦੇ ਅੰਦਰ ਸ਼ਰਧਾ ਤੇ ਪਿਆਰ ਜਾਗਿਆ ਹੋਇਆ ਹੈ। ਓਸ ਵੇਲੇ ਮਰਦਾਨਾ ਜੀ ਕਹਿਣ ਲੱਗੇ, ਰਾਇ ਜੀ! ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਬੰਦਾ ਨਾ ਕਹੋ, ਬੜੀ ਭਾਰੀ ਭੁੱਲ ਹੈ, ਜਿਹੜੇ ਉਸਨੂੰ ਇਕ ਮਨੁੱਖ ਜਾਣਦੇ ਨੇ। ਸ੍ਰੀ ਗੁਰੂ ਨਾਨਕ ਦੇਵ ਜੀ ਤਾਂ ਸਾਖਸ਼ਾਤ ਅੱਲਾਹ ਦਾ ਰੂਪ ਹੈ।

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*
*ਗੁਰ ਗੋਵਿੰਦੁ ਗੁੋਵਿੰਦੁ ਗੁਰੂ ਹੈ*
*ਨਾਨਕ ਭੇਦੁ ਨ ਭਾਈ ॥* *ਅੰਗ - ੪੪੨*

ਕਹਿਣ ਲੱਗਿਆ, ਰਾਇ ਜੀ! ਸ੍ਰੀ ਗੁਰੂ ਨਾਨਕ ਦੇਵ ਜੀ ਦੀ ਮਹਿਮਾ ਕੀਹਦੇ ਬਰਾਬਰ ਕਰਾਂ?

***ਕਹਿ ਮਰਦਾਨਾ 'ਸੁਨਿਯੇ ਰਾਇ!***
***ਨਾਨਕ ਧਾਰਯੋ ਰੂਪ ਖੁਦਾਇ।***
***ਕਿਹ ਕੀ ਉਪਮਾ ਦੇਵੋਂ ਤਾਂਹੀ।***
***ਤਿਨ ਕੀ ਸਮ ਕੋ ਦੀਸਤਿ ਨਾਹੀ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467***

ਸੰਸਾਰ ਦੇ ਉਤੇ ਤਾਂ ਕੋਈ ਨਜ਼ਰ ਨਹੀਂ ਆਉਂਦਾ ਜੀਹਦੇ ਵਰਗਾ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਹਿ ਸਕਾਂ। ਹਾਂ ਖੁਦਾ ਵਰਗਾ ਹੀ ਹੈ ਖੁਦਾ ਦਾ ਰੂਪ। ਐਨੇ ਬਚਨ ਜਦੋਂ ਖਬਰ ਸਾਰ ਸੁਣੀ, ਮਨ ਵਿਚ ਬੜਾ ਗੱਚ ਉਠਿਆ ਉਸਦੇ, ਅੱਖਾਂ ਦੇ ਵਿਚੋਂ ਜਲ ਜਾਂਦਾ ਹੈ ਰਾਇ ਬੁਲਾਰ ਦੇ। ਆਪਣੀ ਅਵਸਥਾ ਨੂੰ ਦੇਖਦਾ ਹੈ, ਗਲਾ ਰੁਕ ਗਿਆ, ਓਸ ਵੇਲੇ ਕਹਿਣ ਲੱਗਿਆ, ਭਾਈ ਮਰਦਾਨਾ! ਮੇਰੇ ਮਨ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨਾਂ ਦੀ ਲੋਚਾ ਲੱਗੀ ਪਈ ਹੈ। ਪਰ ਪਿਆਰਿਆ! ਮੌਜ ਦੇ ਮਾਲਕ, ਪਤਾ ਨਹੀਂ ਕਦੋਂ ਮੋੜਾ ਪਾਉਣ, ਮੈਨੂੰ ਦਰਸ਼ਨ ਹੋ ਜਾਣ ਜਾਂ ਨਾ ਹੋ ਜਾਣ। ਮੈਂ ਤਾਂ ਦਿਨ ਰਾਤ ਲੋਚਦਾ ਹਾਂ, ਜਦ ਮੈਂ ਆਪਣਾ ਸਰੀਰ ਦੇਖਦਾ ਹਾਂ, ਮੈਂ ਹੈਰਾਨ ਹੋ ਜਾਂਦਾ ਹਾਂ ਇਹਨੂੰ ਦੇਖ ਕੇ।

*ਧਨੁ ਜੋਬਨੁ ਅਰੁ ਫੁਲੜਾ ਨਾਠੀਅੜੇ ਦਿਨ ਚਾਰਿ ॥*
*ਪਬਨਿ ਕੇਰੇ ਪਤ ਜਿਉ ਢਲਿ ਢੁਲਿ ਜੁੰਮਣਹਾਰ ॥*

*ਅੰਗ - ੨੩*

ਭਾਈ ਮਰਦਾਨਾ! ਸਰੀਰ ਤਾਂ ਪੈਦਾ ਹੁੰਦਾ ਹੈ, ਫੇਰ ਜੁਆਨ ਹੁੰਦਾ ਹੈ, ਫੇਰ ਉਸ ਤੋਂ ਬਾਅਦ ਬੁਢਾਪਾ ਆਉਂਦਾ ਹੈ ਫੇਰ ਉਸ ਤੋਂ ਬਾਅਦ ਜਾਣਾ ਹੀ ਜਾਣਾ ਹੋਇਆ ਕਰਦਾ ਹੈ।

ਇਹ ਚੀਜ਼ਾਂ, ਨਾ ਧਨ ਸਦਾ ਰਹਿੰਦਾ ਹੈ, ਨਾ ਜੋਬਨ ਰਹਿੰਦਾ ਹੈ, ਨਾ ਫੁੱਲਾਂ ਦੀ ਵਾੜੀ ਰਹਿੰਦੀ ਹੈ।

*ਰੰਗੁ ਮਾਣਿ ਲੈ ਪਿਆਰਿਆ ਜਾ ਜੋਬਨੁ ਨਉ ਹੁਲਾ॥*
*ਦਿਨ ਥੋੜੜੇ ਥਕੇ ਭਇਆ ਪੁਰਾਣਾ ਚੋਲਾ ॥*

*ਅੰਗ - ੨੩*

ਜਿੰਨਾ ਚਿਰ ਤੱਕ ਜੋਬਨ ਹੈ, ਤਕੜਾ ਹੈਂ, ਓਨੀਂ ਦੇਰ ਤੱਕ ਨਾਮ ਦਾ ਰੰਗ ਮਾਣ ਲੈ।

ਰਾਇ ਬੁਲਾਰ ਕਹਿਣ ਲੱਗੇ ਕਿ ਮਰਦਾਨਾ ਜੀ! ਦੇਖੋ ਮੇਰੀ ਉਮਰ ਵਲ, ਸਰੀਰ ਸਾਥ ਨਹੀਂ ਦੇ ਰਿਹਾ। ਵਡੇਰੀ ਉਮਰ ਹੋ ਗਈ ਤੇ ਮੇਰੇ ਹਿਰਦੇ ਦੇ ਅੰਦਰ ਗੁਰੂ ਨਾਨਕ ਦਾ ਪਿਆਰ ਹੈ, ਕਿਸ ਤਰ੍ਹਾਂ ਮੈਂ ਦੱਸਾਂ, ਜਿਵੇਂ ਚੰਦ ਚਕੋਰ ਦਾ ਪਿਆਰ ਹੁੰਦਾ ਹੈ, ਐਉਂ ਮੇਰਾ ਮਨ ਲੋਚਦਾ ਹੈ ਕਿ ਮੈਂ ਉਸਦੇ ਹਰ ਵਕਤ ਦਰਸ਼ਨ ਕਰਾਂ। ਹਰ ਵਕਤ ਮੇਰੇ ਮਨ ਵਿਚ ਇਹ ਭਾਵਨਾ ਬਣੀ ਰਹਿੰਦੀ ਹੈ –

***ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ।***
***ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ।***
***ਨੇਹੁ ਕਵਲ ਜਲ ਜਾਣੀਐ***
***ਖਿੜਿ ਮੂਹ ਵੇਖਾਲੇ।***
***ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮਾਲੇ।***
***ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥***

***ਭਾਈ ਗੁਰਦਾਸ ਜੀ, ਵਾਰ 17/4***

ਭਾਈ ਮਰਦਾਨਾ! ਇਨ੍ਹਾਂ ਦੀਆਂ ਪ੍ਰੀਤਾਂ ਮਸ਼ਹੂਰ ਨੇ, ਚੰਦ ਵਲ ਚਕੋਰ ਦੇਖਦਾ ਹੀ ਰਹਿੰਦਾ ਹੈ, ਚੰਦ ਨੂੰ ਚਾਹੇ ਪਤਾ ਹੈ ਚਾਹੇ ਨਹੀਂ ਪਤਾ, ਲੇਕਿਨ ਚਕੋਰ ਜਿਹੜਾ ਹੈ ਉਹ ਪਿਆਰ ਵਿਚ ਮਸਤ ਹੈ। ਚਕਵੀ ਦਾ ਸੂਰਜ ਨਾਲ ਪਿਆਰ ਹੈ, ਉਹਦੇ ਵਲ ਮੂੰਹ ਕਰਕੇ ਖੜ੍ਹੀ ਰਹਿੰਦੀ ਹੈ। ਜਿਸ ਵਕਤ ਸੂਰਜ ਛਿਪ ਜਾਂਦਾ ਹੈ ਜੋੜੀ ਉਸੇ ਵੇਲੇ ਅੱਡ ਹੋ ਜਾਇਆ ਕਰਦੀ ਹੈ। ਸੋ ਇਸੇ ਤਰ੍ਹਾਂ ਕਮਲ ਦਾ ਜਲ ਨਾਲ ਪਿਆਰ ਹੈ, ਮੋਰਾਂ ਤੇ ਬਬੀਹਿਆਂ ਨੂੰ ਬੱਦਲ ਕਾਲੇ ਚੰਗੇ ਲਗਦੇ ਨੇ। ਨਾਰ ਦਾ ਭਤਾਰ ਨਾਲ ਤੇ ਮਾਂ ਪੁੱਤ ਨੂੰ ਸੰਭਾਲਦੀ ਹੈ। ਐਸੇ ਤਰ੍ਹਾਂ ਮੇਰੇ ਮਨ ਵਿਚ ਪਿਆਰ ਹੈ। ਪਰ ਮੇਰੇ ਸ੍ਰੀ ਗੁਰੂ ਨਾਨਕ ਦੇਵ ਜੀ ਘਟ-ਘਟ ਦੇ ਜਾਨਣਹਾਰ ਹੈ। ਇਹ ਪਿਆਰ ਐਨਾ ਜ਼ਬਰਦਸਤ ਹੈ ਕਿ ਇਹ ਘਟਦਾ ਨਹੀਂ ਹੈ ਕਿਸੇ ਤਰੀਕੇ ਨਾਲ।

***ਸਲਿਲ ਨਿਵਾਸ ਜੈਸੇ ਮੀਨ ਕੀ***
***ਨ ਘਟੈ ਰੁਚਿ,***

***(ਭਾਈ ਗੁਰਦਾਸ ਜੀ, ਕਬਿੱਤ 424)***

ਪਾਣੀ 'ਚ ਰਹਿੰਦੀ ਹੈ ਮੱਛੀ ਪਰ ਸਾਰੀ ਜ਼ਿੰਦਗੀ ਉਹਦਾ ਪਾਣੀ ਨਾਲੋਂ ਕਦੇ ਪਿਆਰ ਨਹੀਂ ਟੁੱਟਦਾ।

***ਦੀਪਕ ਪ੍ਰਗਾਸ ਘਟੈ ਪ੍ਰੀਤਿ ਨ ਪਤੰਗ ਕੀ॥***

***(ਭਾਈ ਗੁਰਦਾਸ ਜੀ, ਕਬਿੱਤ 424)***

ਦੀਵਾ ਜਲਦਾ ਹੈ ਤੇ ਪਤੰਗਾ ਆ ਕੇ ਉਸ ਵਿਚ ਜਲੀ ਜਾਂਦਾ ਹੈ। ਦੂਜਾ ਜਲੀ ਜਾਂਦਾ ਹੈ, ਤੀਜਾ ਜਲੀ ਜਾਂਦਾ ਹੈ, ਪਰ ਪਿਆਰ ਨਹੀਂ ਇਨ੍ਹਾਂ ਦਾ ਟੁੱਟਦਾ।

***ਕੁਸਮ ਸੁਬਾਸ ਜੈਸੋ ਤ੍ਰਿਪਤਿ ਨ ਮਧੁਪ ਕਉ***

***(ਭਾਈ ਗੁਰਦਾਸ ਜੀ, ਕਬਿੱਤ 424)***

ਫੁੱਲਾਂ ਦੇ ਵਿਚ ਭੌਰਾ ਜਿਹੜਾ ਹੈ ਉਹ ਨਿਵਾਸ ਕਰ ਲੈਂਦਾ ਹੈ, ਫੁੱਲ ਬੰਦ ਹੋ ਜਾਂਦਾ ਹੈ ਤੇ ਉਹ ਉਸੇ ਵਿਚੇ ਹੀ ਮਰ ਜਾਂਦਾ ਹੈ।

***ਉਡਤ ਅਕਾਸ ਆਸ ਘਟੈ ਨ ਬਿਹੰਗ ਕੀ॥***

***(ਭਾਈ ਗੁਰਦਾਸ ਜੀ, ਕਬਿੱਤ 424)***

ਜਾਨਵਰ ਜਿਹੜੇ ਉਡਦੇ ਨੇ ਅਕਾਸ਼ ਵਿਚ, ਉਨ੍ਹਾਂ ਦੀ ਚਾਹ ਘਟਦੀ ਨਹੀਂ ਹੈ –

***ਘਟਾ ਘਨਘੋਰ ਮੋਰ ਚਾਤ੍ਰਿਕ ਰਿਦੈ ਉਲਾਸ,***

***(ਭਾਈ ਗੁਰਦਾਸ ਜੀ, ਕਬਿੱਤ 424)***

ਜਦੋਂ ਘਨਘੋਰ ਘਟਾ ਆਉਂਦੀਆਂ ਨੇ, ਮੋਰਾਂ ਦੇ ਚਿੱਤਾਂ 'ਚ ਖੁਸ਼ੀ ਹੁੰਦੀ ਹੈ, ਚਾਤ੍ਰਿਕ ਦੇ ਚਿੱਤ 'ਚ ਖੁਸ਼ੀ ਹੁੰਦੀ ਹੈ–

***ਨਾਦ ਬਾਦ ਸੁਨਿ ਰਤਿ ਘਟੈ ਨ ਕੁਰੰਗ ਕੀ॥***
***ਤੈਸੇ ਪ੍ਰਿਅ ਪ੍ਰੇਮ ਰਸ ਰਸਿਕ ਰਸਾਲ ਸੰਤ,***
***ਘਟਤ ਨ ਤ੍ਰਿਸਨਾ ਪ੍ਰਬਲ ਅੰਗ ਅੰਗ ਕੀ॥***

***(ਭਾਈ ਗੁਰਦਾਸ ਜੀ, ਕਬਿੱਤ 424)***

ਘੰਡੇਹੇੜੇ ਦਾ ਸ਼ਬਦ ਸੁਣਦਾ ਹੈ, ਹਰਨ ਲਿਟਣ ਲਗ ਜਾਂਦਾ ਹੈ, ਸ਼ਿਕਾਰੀ ਆ ਕੇ ਫੜ ਲੈਂਦਾ ਹੈ ਲੇਕਿਨ ਉਹਦੀ ਰੁਚੀ ਨਹੀਂ ਭੋਰਾ ਜਿੰਨੀ ਵੀ ਘਟਦੀ। ਅਫੁਰ ਅਵਸਥਾ ਹੁੰਦੀ ਹੈ, ਉਹਨੂੰ ਕੋਈ ਪਤਾ ਨਹੀਂ ਕਿ ਮੈਨੂੰ ਸ਼ਿਕਾਰੀ ਆ ਕੇ ਫੜ ਲਏਗਾ। ਐਸੇ ਤਰ੍ਹਾਂ ਜਿਹੜੇ ਪ੍ਰਮੇਸ਼ਰ ਨੂੰ ਪਿਆਰ ਕਰਦੇ ਨੇ ਸਾਧੂ ਲੋਕ, ਉਨ੍ਹਾਂ ਦੇ ਮਨ ਵਿਚ ਹਰ ਵਕਤ ਪਿਆਰ ਬਣਿਆ ਰਹਿੰਦਾ ਹੈ।

ਸੋ ਮੈਂ ਕੀ ਦੇਵਾਂ ਭਾਈ ਮਰਦਾਨਾ, ਮੇਰੇ ਸਤਿਗੁਰੂ ਦੇ ਤੁਸੀਂ ਦੋਵਾਂ ਜਣਿਆਂ ਨੇ ਬਚਨ ਸੁਣਾਏ ਨੇ ਤੇ ਉਨ੍ਹਾਂ ਦੇ ਹੀ ਹੁਕਮ ਦੇ ਮੁਤਾਬਿਕ ਕੀਮਤ ਵੱਡੀ ਤੋਂ ਵੱਡੀ ਦਿਤੀ ਜਾ ਸਕਦੀ ਹੈ।

*ਤੈ ਸਾਹਿਬ ਕੀ ਬਾਤ ਜਿ ਆਖੈ*
*ਕਹੁ ਨਾਨਕ ਕਿਆ ਦੀਜੈ ॥*
*ਸੀਸੁ ਵਢੇ ਕਰਿ ਬੈਸਣੁ ਦੀਜੈ*
*ਵਿਣੁ ਸਿਰ ਸੇਵ ਕਰੀਜੈ ॥* *ਅੰਗ - ੫੫੮*

ਭਾਈ ਮਰਦਾਨਾ! ਕੀ ਅਰਪਾਂ ਮੈਂ ਤੁਹਾਨੂੰ, ਮੇਰੇ ਸਾਹਿਬ ਦੇ ਤੁਸੀਂ ਐਨੀਆਂ ਗੱਲਾਂ ਸੁਣਾਈਆਂ ਨੇ, ਐਨੇ ਬਚਨ ਸੁਣਾਏ ਨੇ, ਮੇਰੇ ਕੋਲ ਦੇਣ ਨੂੰ ਨਹੀਂ ਕੁੱਛ। ਕੋਈ ਕੀਮਤ ਨਹੀਂ ਹੈ ਜੋ ਮੈਂ ਦੇ ਸਕਾਂ। ਤੁਸੀਂ ਮੇਰੇ ਗੁਰੂ ਨਾਨਕ ਨੂੰ ਕਿਸੇ ਤਰ੍ਹਾਂ ਨਾਲ ਮਿਲਾ ਸਕਦੇ ਓਂ? ਵੱਡੀ ਤੋਂ ਵੱਡੀ ਕੀਮਤ ਦੇਣ ਵਾਸਤੇ ਤਿਆਰ ਹਾਂ।

*ਹਉ ਮਨੁ ਅਰਪੀ ਸਭੁ ਤਨੁ ਅਰਪੀ*
*ਅਰਪੀ ਸਭਿ ਦੇਸਾ ॥*
*ਹਉ ਸਿਰੁ ਅਰਪੀ ਤਿਸੁ ਮੀਤ ਪਿਆਰੇ*
*ਜੋ ਪ੍ਰਭ ਦੇਇ ਸਦੇਸਾ ॥* *ਅੰਗ - ੨੪੭*

ਭਾਈ ਮਰਦਾਨਾ ਜੀ! ਤੁਸੀਂ ਧੰਨ ਹੋ ਮੇਰੇ ਮੁਰਸ਼ਦ ਦੇ ਨਾਲ ਜਾਂਦੇ ਓਂ। ਮੇਰਾ ਸਰੀਰ ਵਡੇਰਾ ਹੋ ਗਿਆ, ਮੇਰੇ 'ਚ ਤਾਕਤ ਨਹੀਂ ਰਹੀ ਤੁਰਨ ਦੀ। ਦੂਸਰਾ ਮੇਰੇ ਸਿਰ ਜਿਹੜੀ ਜ਼ਿੰਮੇਵਾਰੀ ਪੈ ਗਈ ਰਾਜ ਦੀ, ਇਹ ਮੈਨੂੰ ਛੱਡ ਕੇ ਜਾਣਾ ਬੜਾ ਔਖਾ ਹੈ ਤੇ ਮੈਂ ਕੀ ਅਰਪਾਂ, ਤੁਸੀਂ ਮੈਨੂੰ ਸੰਦੇਸਾ ਦੇ ਰਹੇ ਓਂ, ਮੇਰੇ ਸਤਿਗੁਰੂ ਗੁਰੂ ਨਾਨਕ ਪਾਤਸ਼ਾਹ ਦਾ। ਮੇਰਾ ਮੇਲ ਕਰਾ ਦਿਓ ਉਨ੍ਹਾਂ ਨਾਲ। ਮੈਂ ਹਜ਼ਾਰ ਵਾਰੀ ਜਾਂਦਾ ਜੇ ਸਰੀਰ ਵਿਚ ਸ਼ਕਤੀ ਹੁੰਦੀ। ਪੈਰਾਂ ਭਾਰ ਨਾ ਮੈਂ ਤੁਰਦਾ, ਮੈਂ ਸਿਰ ਭਾਰ ਤੁਰ ਕੇ ਜਾਣਾ ਸੀ।

*ਤਨੁ ਤਪੈ ਤਨੂਰ ਜਿਉ ਬਾਲਣੁ ਹਡ ਬਲੰਨ੍ਹਿ ॥*
*ਪੈਰੀ ਥਕਾਂ ਸਿਰਿ ਜੁਲਾਂ ਜੇ ਮੂੰ ਪਿਰੀ ਮਿਲੰਨ੍ਹਿ ॥*
*ਅੰਗ - ੧੩੮੪*

ਭਾਈ ਮਰਦਾਨਾ! ਜੇ ਮੇਰੇ ਵਿਚ ਬਲ ਹੁੰਦਾ ਤਾਂ ਮੈਂ ਸਿਰ ਦੇ ਭਾਰ ਚੱਲ ਕੇ ਆਉਂਦਾ।

ਮੇਰਾ ਸੰਦੇਸ਼ਾ ਦੇ ਦੇਈਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ। ਜੇ ਮੇਰੇ ਸਰੀਰ 'ਚ ਬਲ ਹੁੰਦਾ ਤਾਂ ਮੈਂ ਪੈਰਾਂ ਨਾਲ ਤੁਰ ਕੇ ਨਹੀਂ ਸੀ ਆਉਣਾ, ਸਿਰ ਦੇ ਭਾਰ ਚੱਲ ਕੇ ਆਉਣਾ ਸੀ। ਐਸੀ ਵੀ ਗੱਲ ਹੁੰਦੀ ਹੈ।

ਯੂ.ਪੀ. 'ਚ ਅਸੀਂ ਦੇਖਿਆ, ਨਾਨਕ ਮਤੇ ਨੂੰ ਜਾਇਆ ਕਰਦੇ ਨੇ। ਥਾਰੂ ਕੌਮ ਹੈ ਜਿਹੜੇ ਸ੍ਰੀ ਗੁਰੂ ਨਾਨਕ ਦੇਵ ਜੀ ਵੇਲੇ ਤੋਂ ਗੁਰੂ ਦੀ ਸਿੱਖੀ ਵਿਚ ਆਏ ਹੋਏ, ਆਪਣੇ ਰਹੁਰੀਤ, ਰਿਵਾਜਾਂ ਦੇ ਮੁਤਾਬਿਕ ਰਹਿੰਦੇ ਸੀ ਤੇ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਨਾਲ ਉਨ੍ਹਾਂ ਦੀ ਸਿੱਧੀ ਗੱਲ ਹੈ, ਸਾਡੇ ਵਾਲੀ ਨਹੀਂ ਹੈ, ਅਸੀਂ ਅਰਦਾਸ ਕਰਦੇ ਹਾਂ, ਅਰਦਾਸ ਦਾ ਉਨ੍ਹਾਂ ਨੂੰ ਪਤਾ ਹੀ ਨਹੀਂ। ਉਹ ਸਿੱਧਾ ਹੀ ਕਹਿੰਦੇ ਨੇ, ਬਾਬਾ ਜੀ! ਮੈਨੂੰ ਆਹ ਤਕਲੀਫ ਹੈ ਮੇਰੀ ਇਹ ਦੂਰ ਕਰ ਦਿਓ। ਬਾਬਾ ਜੀ ਉਦੋਂ ਹੀ ਸੁਣ ਲੈਂਦੇ ਨੇ। ਹੈਰਾਨੀ ਦੀ ਗੱਲ ਹੈ।

ਸਾਡੇ ਇਕ ਨੌਕਰ ਸੀ। ਰਾਮ ਸਰੂਪ ਸੀ ਉਹਦਾ ਨਾਉਂ। 40-45 ਸਾਲ ਦਾ ਹੋ ਗਿਆ ਸੀ, ਘਰਵਾਲੀ ਸੀ ਓਹਦੀ 42-43 ਸਾਲ ਦੀ। ਐਉਂ ਵੀ ਨਹੀਂ ਸੀ ਕਿ ਬੜਾ ਸ਼ੁੱਧ ਜੀਵਨ ਹੈ, ਪੀ ਲੈਂਦੀ ਸੀ ਸ਼ਰਾਬ, ਅਸੀਂ ਕਹਿਣਾ ਕਿ ਤੂੰ ਇਹ ਕੀ ਕਰਦੀ ਹੈਂ, ਸਿਗਰਟਾਂ ਪੀਂਦੀ ਸੀ। ਸੰਗਤ ਜਾਂਦੀ ਸੀ ਨਾਨਕ ਮਤੇ ਨੂੰ, ਨੌਕਰਾਂ ਨੂੰ ਮੈਂ ਕਿਹਾ ਕਿ ਤੁਸੀਂ ਜਾਓ ਦਰਸ਼ਨ ਕਰ ਆਓ। ਕਿਉਂਕਿ ਉਹ ਮੰਨਦੇ ਗੁਰੂ ਨਾਨਕ ਨੂੰ ਨੇ, ਸਾਨੂੰ ਨਹੀਂ ਪਤਾ, ਅਸੀਂ ਉਨ੍ਹਾਂ ਨੂੰ ਸੰਭਾਲ ਨਹੀਂ ਸਕੇ। ਟਰਾਲੀ ਦੇ ਦਿਤੀ, ਟਰੈਕਟਰ ਦੇ ਦਿਤਾ, ਉਹ ਕਹਿਣ ਲੱਗੀ ਮੈਨੂੰ ਕਿ ਬਾਬੂ ਜੀ! ਮੈਨੂੰ ਗੁਰੂ ਨਾਨਕ ਸਾਹਿਬ ਤੋਂ ਇਕ ਪੁੱਤਰ ਮਿਲ ਜਾਏਗਾ? ਕਹਿੰਦੀ, ਕਿਵੇਂ ਕਰਾਂ? ਮੈਂ ਕਿਹਾ, ਤੂੰ ਮੰਗੀ ਜਾਈਂ ਉਥੇ ਖੜ੍ਹ ਕੇ, ਨਹਾ ਕੇ ਆਈਂ ਪਹਿਲਾਂ, ਫੇਰ ਉਥੇ ਪੰਜਾ ਸਾਹਿਬ ਦੇ ਸਾਮ੍ਹਣੇ ਹੁੰਦੇ ਪਿੱਪਲ ਥੱਲੇ, ਉਥੇ ਕਹਿ ਦੇਈਂ ਮਹਾਰਾਜ ਨੂੰ। ਉਹ ਸਹਿਜ-ਸੁਭਾਅ ਗੱਲ ਹੋ ਗਈ। ਉਹਨੇ ਮੰਨ ਲਈ 100%। ਉਥੇ ਚਲੀ ਗਈ, ਜਾ ਕੇ ਇਸ਼ਨਾਨ ਕਰਕੇ ਆ ਕੇ ਜਿੱਥੇ ਮਹਾਰਾਜ ਪ੍ਰਕਾਸ਼ ਸੀ, ਉਥੇ ਕੋਈ ਪ੍ਰੇਮੀ ਸੀਗਾ ਬਾਹਰ ਲਾਇਆ ਹੋਇਆ ਪਹਿਰੇ ਤੇ, ਤੇ ਉਹ ਮੱਥਾ ਟੇਕ ਕੇ ਖੜ੍ਹ ਗਈ, ਇਕੋ ਹੀ ਗੱਲ ਕਹੀ ਜਾਏ ਕਿ ਬਾਬਾ ਜੀ! ਮੈਂ ਪੁੱਤਰ ਲੇਨੇ ਆਈ ਹੂੰ। ਜਿਹੜਾ ਉਥੇ ਗ੍ਰੰਥੀ ਬੈਠਾ ਸੀ ਉਹਦਾ ਸਹਿਜ ਸੁਭਾਅ ਸਿਰ ਹੇਠਾਂ ਨੂੰ ਹਿੱਲ ਗਿਆ। ਖੁਸ਼ ਹੋ ਗਈ ਕਿ ਹਾਂ ਕਹਿ ਦਿਤੀ ਬਾਬਾ ਜੀ ਨੇ। ਉਹਨੂੰ ਨਹੀਂ ਪਤਾ ਕਿ ਗੁਰੂ ਗ੍ਰੰਥ ਸਾਹਿਬ ਤੋਂ ਮੰਗੀਦਾ ਹੈ ਕਿ ਉਸ ਤੋਂ ਮੰਗੀਦਾ ਹੈ। ਸ਼ਰਧਾ ਦੀ ਗੱਲ ਹੈ, ਭਰੋਸੇ ਦੀ। ਭਰੋਸੇ ਵਾਲਿਆਂ ਦੇ ਬੇੜੇ ਪਾਰ ਹੋਇਆ ਕਰਦੇ ਨੇ, ਚਤੁਰ ਜਿਹੜਾ ਹੈ ਉਹ ਡੁੱਬ ਜਾਇਆ ਕਰਦਾ ਹੈ। ਰੱਬ ਭੋਲਿਆਂ ਨੂੰ ਮਿਲਦਾ ਹੈ, ਭਰੋਸੇ ਵਾਲਿਆਂ ਨੂੰ ਮਿਲਿਆ ਕਰਦਾ ਹੈ। ਹੈਰਾਨ ਹੋ ਗਿਆ ਦੱਸ ਮਹੀਨੇ ਤੋਂ ਬਾਅਦ ਮਹਾਰਾਜ ਜੀ ਨੇ ਉਹਨੂੰ ਪੁੱਤਰ ਦੀ ਦਾਤ ਬਖਸ਼ ਦਿਤੀ। 45ਵਾਂ ਸਾਲ ਸੀ ਓਸਨੂੰ, ਓਹ ਲੋਕ ਜਿਸ ਵਕਤ ਉਥੇ ਜਾਂਦੇ ਨੇ ਤਾਂ ਕਹਿੰਦੇ ਨੇ ਬਾਬਾ ਜੀ! ਅਸੀਂ ਡੰਡਉਤਾਂ ਕਰਦਾ ਆਵਾਂਗੇ ਤੇਰੇ ਦਰ ਤੇ। ਜਿਸ ਥਾਂ ਤੋਂ ਕਲਸ ਦਿਸਣ ਲਗ ਜਾਂਦਾ ਹੈ। ਹੁਣ ਤਾਂ ਉੱਚਾ ਕਰ ਦਿਤਾ ਗੁਰਦੁਆਰਾ। ਚਾਰ ਪੰਜ ਮੀਲ ਤੋਂ ਦਿਸਦਾ ਹੈ। ਉਥੋਂ ਹੀ ਕੱਪੜੇ ਆਪਣੇ ਘਰਵਾਲੀ ਜਾਂ ਨਾਲ ਦਿਆਂ ਨੂੰ ਫੜਾ ਕੇ ਲੰਮੇ ਪੈਂਦੇ ਨੇ, ਲਕੀਰ ਕੱਢ ਲੈਂਦੇ ਨੇ, ਉਥੇ ਫੇਰ ਪੈਰ ਲਾ ਕੇ ਲੰਮੇ ਪੈਂਦੇ ਨੇ, ਫੇਰ ਲਕੀਰ ਕੱਢ ਲੈਂਦੇ ਨੇ। ਛਾਤੀਆਂ 'ਚੋਂ ਖੂਨ ਨਿਕਲ ਜਾਂਦਾ ਹੈ, ਇਕੋ ਹੀ ਗੱਲ ਧੰਨ ਗੁਰੂ ਨਾਨਕ-ਧੰਨ ਗੁਰੂ ਨਾਨਕ। ਗੁਰੂ ਨਾਨਕ ਦੇਵ ਕੀ ਜੈ। ਚਾਰ-ਚਾਰ ਮੀਲ ਪੈ ਕੇ ਆਉਂਦੇ ਨੇ।

ਬਹੁਤ ਸ਼ਰਧਾ ਹੋਵੇ ਤਾਂ ਐਸੇ ਬਚਨ ਆਇਆ ਕਰਦੇ ਨੇ ਕਿ ਮੈਂ ਸਿਰ ਦੇ ਭਾਰ ਚੱਲ ਕੇ ਆਵਾਂ।

ਕਹਿਣ ਲੱਗੇ, ਭਾਈ ਮਰਦਾਨਾ! ਨਾ ਤਾਂ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਕੋਈ ਸੇਵਾ ਕਰੀ ਹੈ। ਅੰਦਰੋਂ ਤਾਂ ਮੈਂ ਓਸ ਵੇਲੇ ਪਛਾਣ ਲਿਆ ਸੀ, ਜਦੋਂ ਸੱਪ ਨੇ ਛਾਂ ਕਰੀ ਸੀ, ਫੇਰ ਮੇਰਾ ਨਿਹਚਾ ਵਧ ਗਿਆ ਜਿਸ ਵਕਤ ਬਿਰਛ ਦਾ ਸਾਇਆ ਇਨ੍ਹਾਂ ਉਤੇ ਪਿਆ, ਬਾਕੀ ਸਭ ਦੇ ਢਲ ਗਏ ਸੀ ਤੇ ਇਨ੍ਹਾਂ ਦਾ ਨਹੀਂ ਸੀ ਢਲਿਆ। ਤੀਸਰੀ ਵਾਰੀ ਜਦੋਂ ਮੈਂ ਦੇਖਿਆ ਕਿ ਮੱਝਾਂ ਖੇਤ ਸੱਚਮੁੱਚ ਚਰ ਗਈਆਂ, ਪਰ ਜਦੋਂ ਮੈਂ ਬੰਦਾ ਭੇਜਿਆ, ਉਹ ਕਹਿੰਦੇ ਜੀ ਖੇਤ ਤਾਂ ਪਹਿਲਾਂ ਨਾਲੋਂ ਵੀ ਲਹਿ-ਲਹਾਉਂਦੇ ਨੇ। ਸਾਰਿਆਂ ਨਾਲੋਂ ਚੰਗਾ ਖੇਤ ਹੈ ਜਿਹਨੂੰ ਇਹ ਕਹਿੰਦਾ ਹੈ ਕਿ ਗੁਰੂ ਨਾਨਕ ਦੀਆਂ ਮੱਝੀਆਂ ਚਰ ਗਈਆਂ। ਬੱਸ ਉਸ ਵੇਲੇ ਮੈਂ ਦੇਖ ਲਿਆ ਕਿ ਇਹ ਤਾਂ ਅੱਲਾਹ ਤਾਲਾ ਦੀ ਜਾਤ ਛੁਪੀ ਪਈ ਹੈ, ਪਤਾ ਨਹੀਂ ਲਗਦਾ, ਮਹਿਤਾ ਜੀ ਨੂੰ ਤਾਂ ਬਿਲਕੁਲ ਹੀ ਪਤਾ ਨਹੀਂ ਲਗਦਾ। ਸੋ ਮੈਂ ਹੀ ਉਨ੍ਹਾਂ ਨੂੰ ਦੂਰ ਭੇਜ ਦਿਤਾ, ਐਥੇ ਹੁੰਦੇ ਸੀ ਮੈਂ ਦਰਸ਼ਨ ਕਰਦਾ ਸੀ, ਆਨੇ-ਬਹਾਨੇ ਮੈਂ ਲੰਘ ਜਾਣਾ, ਜਿਥੇ ਗੁਰੂ ਨਾਨਕ ਜੰਗਲ ਦੇ ਵਿਚ ਸਮਾਧੀ ਸਥਿਤ ਬੈਠਾ ਹੁੰਦਾ। ਹੁਣ ਮੇਰਾ ਤਨ ਕਿਸੇ ਕੰਮ ਦਾ ਨਹੀਂ ਰਿਹਾ, ਮੇਰੇ ਮਨ ਵਿਚ ਹਰ ਵਕਤ ਲਗਨ ਲੱਗੀ ਰਹਿੰਦੀ ਹੈ ਤੇ ਉਹਦੇ ਕਰਕੇ ਮੇਰੇ ਤਨ ਵਿਚ ਆਸ ਸੀ, ਮੈਂ ਤਾਂ ਬਿਲਕੁਲ ਖਾਲੀ ਹਾਂ।

ਜੇ ਨਦੀ ਹੈ, ਉਸ ਵਿਚ ਜੇ ਪਾਣੀ ਨਹੀਂ, ਉਸਦਾ ਕੀ ਫਾਇਦਾ, ਬਾਲੂ ਰੇਤ ਦਾ।

***ਜਿਉਂ ਸਰਿਤਾ ਨਿਸ਼ਫਲ ਬਿਨਬਾਰੀ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਚੰਦਰਮਾ ਤੋਂ ਬਗੈਰ ਜਿਹੜੀ ਕਾਲੀ ਰਾਤ ਹੈ ਉਹ ਕਿਸੇ ਕੰਮ ਦੀ ਨਹੀਂ।

***ਹੀਨਮਯੰਕ ਸਰਬਰੀ ਕਾਰੀ।***

***ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਜਿਵੇਂ ਪਤੀ ਤੋਂ ਬਗੈਰ ਅਨਾਥ ਇਸਤ੍ਰੀ ਹੋਇਆ ਕਰਦੀ ਹੈ, ਉਹਦਾ ਜੀਵਨ ਕੁਛ ਨਹੀਂ ਹੁੰਦਾ।

***ਜਿਉਂ ਅਨਾਥ ਬਿਨ ਭਰਤਾ ਨਾਰੀ।***
***ਤਿਉਂ ਤੁਮ ਮਯ ਬਿਨ ਦੇਹ ਹਮਾਰੀ।***
***(ਸ਼੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469)***

ਐਸੇ ਤਰ੍ਹਾਂ ਦੇ ਨਾਲ ਮੇਰੀ ਜਿਹੜੀ ਦੇਹ ਹੈ, ਇਹ ਕਿਸੇ ਕੰਮ ਦੀ ਨਹੀਂ ਹੈ। ਭਾਈ ਮਰਦਾਨਾ! ਤੁਸੀਂ ਗੁਰੂ ਨਾਨਕ ਪਾਤਸ਼ਾਹ ਨੂੰ ਲੈ ਕੇ ਆਉ। ਕੋਈ ਤਰੀਕਾ ਕਰੋ, ਜਿਹਦੇ ਕਰਕੇ ਮੈਨੂੰ ਆ ਕੇ ਦਰਸ਼ਨ ਦੇਣ।

ਕਹਿਣ ਲੱਗਿਆ, ਮਹਾਰਾਜ! ਭਾਈ ਬਾਲਾ ਜੀ ਵੀ ਜੇ ਮੇਰੇ ਨਾਲ ਰਲ ਜਾਣ ਤਾਂ ਅਸੀਂ ਦੋਵੇਂ ਜਣੇ ਜਾ ਕੇ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਆਪ ਤੁਹਾਡੇ ਜਿਹੜੇ ਵਲਵਲੇ ਨੇ, ਉਹਦੇ ਬਾਰੇ ਗਿਆਤ ਕਰਾਈਏ। ਕਹਿੰਦੇ, ਮੈਨੂੰ ਮਿਲਾ ਦੇਵੇ, ਕੋਈ ਮਿਲਾਓ। ਮੇਰਾ ਹਰ ਵਕਤ ਮਨ ਲੋਚਦਾ ਰਹਿੰਦਾ ਹੈ।

***ਮੇਰਾ ਮਨੁ ਲੋਚੈ ਗੁਰ ਦਰਸਨ ਤਾਈ॥***
***ਬਿਲਪ ਕਰੇ ਚਾਤ੍ਰਿਕ ਕੀ ਨਿਆਈ।।***
***ਤ੍ਰਿਖਾ ਨ ਉਤਰੈ ਸਾਂਤਿ ਨ ਆਵੈ***
***ਬਿਨੁ ਦਰਸਨ ਸੰਤ ਪਿਆਰੇ ਜੀਉ॥***
***ਹਉ ਘੋਲੀ ਜੀਉ ਘੋਲਿ ਘੁਮਾਈ***
***ਗੁਰ ਦਰਸਨ ਸੰਤ ਪਿਆਰੇ ਜੀਉ॥***
***(ਸ਼ਬਦ ਹਜ਼ਾਰੇ)***

ਹਰ ਵਕਤ ਮੇਰੇ ਮਨ ਵਿਚ ਰਹਿੰਦਾ ਹੈ ਕਿ ਮੈਨੂੰ ਦਰਸ਼ਨ ਹੋ ਜਾਣ ਤੇ ਮੈਂ ਲੋਚਦਾ ਹਾਂ, ਕੋਈ ਮਿਲਾ ਦਿਓ, ਤੁਸੀਂ ਮਿਲਾ ਦਿਓ।

*ਕੋਈ ਆਣਿ ਮਿਲਾਵੈ ਮੇਰਾ ਪ੍ਰੀਤਮੁ ਪਿਆਰਾ*
*ਹਉ ਤਿਸੁ ਪਹਿ ਆਪੁ ਵੇਚਾਈ ॥ ੧ ॥*
*ਦਰਸਨੁ ਹਰਿ ਦੇਖਣ ਕੈ ਤਾਈ ॥*
*ਕ੍ਰਿਪਾ ਕਰਹਿ ਤਾ ਸਤਿਗੁਰੁ ਮੇਲਹਿ*
*ਹਰਿ ਹਰਿ ਨਾਮੁ ਧਿਆਈ ॥* *ਅੰਗ - ੭੫੭*

ਭਾਈ ਮਰਦਾਨਾ! ਮੇਰਾ ਮਨ ਹਰ ਵਕਤ ਲੋਚਦਾ ਹੈ। ਕੀ ਦੱਸਾਂ? ਨਾ ਮੈਨੂੰ ਰੋਟੀ ਚੰਗੀ ਲਗਦੀ ਹੈ, ਨਾ ਮੈਨੂੰ ਨੀਂਦ ਆਉਂਦੀ ਹੈ, ਹਰ ਵਕਤ ਮੇਰਾ ਮਨ ਗੁਰੂ ਨਾਨਕ ਵਲ ਰਹਿੰਦਾ ਹੈ। ਪਿਆਰਿਆ! ਤੂੰ ਕਰ ਉਪਕਾਰ, ਮੈਂ ਤੇਰਾ ਅਹਿਸਾਨ ਜ਼ਿੰਦਗੀ ਭਰ ਨਹੀਂ ਭੁੱਲਾਂਗਾ।

***ਕਰਿ ਮਰਦਾਨੇ! ਕਾਰਜ ਮੇਰਾ।***
***ਹੋਵੋਂ ਰਿਣੀ ਸਦਾ ਮੈਂ ਤੇਰਾ।***
***ਤਵ ਅਸਾਨ ਕਬਿ ਮਨ ਨ ਭੁਲਾਊਂ।***
***ਜੇ ਦਰਸ਼ਨ ਨਾਨਕ ਅਬ ਪਾਊਂ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 467***

ਸਰੀਰ ਛੱਡਣ ਤੋਂ ਪਹਿਲਾਂ-ਪਹਿਲਾਂ ਜੇ ਮੈਨੂੰ ਗੁਰੂ ਨਾਨਕ ਦਾ ਦਰਸ਼ਨ ਹੋ ਜਾਵੇ, ਭਾਈ ਮਰਦਾਨਾ, ਮੈਂ ਤੇਰਾ ਅਹਿਸਾਨ ਨਹੀਂ ਕਦੇ ਭੁਲਾਵਾਂਗਾ।

***ਕਰਿ ਮੁਝ ਪਰ ਇਹ ਪਰ ਉਪਕਾਰਾ।***
***ਦਰਸਾਵਹੁ ਦਰਸ਼ਨ ਇਕ ਬਾਰਾ।***
***ਜਿਉਂ ਰੰਕਹਿ ਕੋ ਪਾਰਸ ਦੇਈ।***
***ਜਸ ਆਮੀ ਕੋ ਆਮ ਮਿਟੇਈ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 468***

ਜਿਵੇਂ ਗਰੀਬ ਆਦਮੀ ਨੂੰ ਪਾਰਸ ਮਿਲ ਜਾਂਦਾ ਹੈ, ਐਸ ਤਰ੍ਹਾਂ ਦੇ ਨਾਲ ਮੇਰੀ ਹਾਲਤ ਹੈ। ਮੈਨੂੰ ਜੇ ਗੁਰੂ

ਨਾਨਕ ਦਾ ਦਰਸ਼ਨ ਹੋ ਜਾਏ ਓਹਦੀ ਕੀਮਤ ਕੋਈ ਨਹੀਂ ਹੈ ਤੇ ਮੇਰਾ ਹਾਲ ਤਾਂ ਓਸ ਮੱਛੀ ਵਰਗਾ ਹੈ ਜਿਹੜੀ ਪਾਣੀ ਤੋਂ ਵਿਛੜੀ ਹੋਈ ਹੈ।

*ਜਿਉ ਮਛੁਲੀ ਬਿਨੁ ਪਾਣੀਐ ਕਿਉ ਜੀਵਣੁ ਪਾਵੈ ॥*
*ਬੂੰਦ ਵਿਹੂਣਾ ਚਾਤ੍ਰਿਕੋ ਕਿਉ ਕਰਿ ਤ੍ਰਿਪਤਾਵੈ ॥*
*ਨਾਦ ਕੁਰੰਕਹਿ ਬੇਧਿਆ ਸਨਮੁਖ ਉਠਿ ਧਾਵੈ ॥*
*ਭਵਰੁ ਲੋਭੀ ਕੁਸਮ ਬਾਸੁ ਕਾ ਮਿਲਿ ਆਪੁ ਬੰਧਾਵੈ॥*
*ਤਿਉ ਸੰਤ ਜਨਾ ਹਰਿ ਪ੍ਰੀਤਿ ਹੈ ਦੇਖਿ ਦਰਸੁ ਅਘਾਵੈ॥*

*ਅੰਗ - ੭੦੮*

ਭਾਈ ਮਰਦਾਨਾ! ਲਗਦਾ ਹੈ ਕਿ ਮੈਂ ਸਾਹ ਲੈ ਰਿਹਾ ਹਾਂ, ਪਰ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਤੋਂ ਬਗੈਰ ਜੀਵਨ ਤੋਂ ਖਾਲੀ ਹਾਂ। ਕ੍ਰਿਪਾ ਕਰ, ਕਿਸੇ ਤਰੀਕੇ ਨਾਲ ਮੈਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਮਿਲਾ ਦੇ, ਮੈਂ ਤੇਰਾ ਅਹਿਸਾਨ ਨਹੀਂ ਭੁੱਲਾਂਗਾ।

ਇਹਨੂੰ ਸਾਧਸੰਗਤ ਜੀ! ਬਿਰਹਾ ਕਹਿੰਦੇ ਨੇ, ਜਿਸ ਹਿਰਦੇ 'ਚ ਬਿਰਹਾ ਨਹੀਂ ਪੈਦਾ ਹੁੰਦਾ ਵਾਹਿਗੁਰੂ ਵਾਸਤੇ, ਗੁਰੂ ਵਾਸਤੇ, ਮਹਾਰਾਜ ਕਹਿੰਦੇ ਉਹ ਤਾਂ ਫਜ਼ੂਲ ਹੈ ਹਿਰਦਾ।

*ਬਿਰਹਾ ਬਿਰਹਾ ਆਖੀਐ ਬਿਰਹਾ ਤੂ ਸੁਲਤਾਨੁ ॥*
*ਫਰੀਦਾ ਜਿਤੁ ਤਨਿ ਬਿਰਹੁ ਨ ਊਪਜੈ*
*ਸੋ ਤਨੁ ਜਾਣੁ ਮਸਾਨੁ ॥* *ਅੰਗ - ੧੩੭੯*

ਉਹ ਤਾਂ ਮਸਾਣਾਂ ਦੀ ਧਰਤੀ ਹੈ, ਜਿਥੇ ਪਿਆਰ ਨਾ ਹੋਵੇ, ਪ੍ਰਭੂ ਦੀ ਖਿੱਚ ਨਾ ਹੋਵੇ। ਖਿੱਚ ਦੀ ਨਿਸ਼ਾਨੀ ਹੈ –

***ਸੀਨੇ ਖਿੱਚ ਜਿਨ੍ਹਾਂ ਨੇ ਖਾਧੀ***
***ਓ ਕਰ ਅਰਾਮ ਨਹੀਂ ਬਹਿੰਦੇ।***
***ਨਿਹੁੰ ਵਾਲੇ ਨੈਣਾਂ ਕੀ ਨੀਂਦਰ***
***ਓ ਦਿਨੇ ਰਾਤ ਪਏ ਵਹਿੰਦੇ।***
***ਇਕੋ ਲਗਨ ਲਗੀ ਲਈ ਜਾਂਦੀ***
***ਹੈ ਟੋਰ ਅਨੰਤ ਉਨ੍ਹਾਂ ਦੀ***
***ਵਸਲੋਂ ਉਰੇ ਮੁਕਾਮ ਨ ਕੋਈ***
***ਸੋ ਚਾਲ ਪਏ ਨਿਤ ਰਹਿੰਦੇ।***
***ਡਾ. ਭਾਈ ਵੀਰ ਸਿੰਘ ਜੀ***

ਸੋ ਜਿਸ ਦੇ ਅੰਦਰ ਬਿਰਹਾ ਨਹੀਂ ਉਪਜਦਾ ਉਹ ਤਾਂ ਮਸਾਣ ਹੈ –

*ਕਬੀਰ ਬਿਰਹੁ ਭੁਯੰਗਮੁ ਮਨਿ ਬਸੈ ਮੰਤੁ ਨ ਮਾਨੈ ਕੋਇ ॥*
*ਰਾਮ ਬਿਓਗੀ ਨਾ ਜੀਐ ਜੀਐ ਤ ਬਉਰਾ ਹੋਇ ॥*

*ਅੰਗ - ੧੩੬੮*

ਇਹ ਵੈਰਾਗ ਦੀ ਨਿਸ਼ਾਨੀ ਹੁੰਦੀ ਹੈ, ਸਾਧਸੰਗਤ ਜੀ! ਜੇ ਵੈਰਾਗ ਨਹੀਂ ਪੈਦਾ ਹੋਇਆ ਤਾਂ ਜੀਵਨ ਦੇ ਵਿਚ ਉਹ ਚੀਜ਼ ਨਹੀਂ ਆਈ ਜਿਹਦੇ ਨਾਲ ਪ੍ਰਮੇਸ਼ਰ ਦਾ ਮਿਲਾਪ ਹੋਣਾ ਹੈ। ਜੇ ਸੀਨੇ ਵਿਚ ਖਿੱਚ ਨਹੀਂ ਹੈ ਤਾਂ ਰੱਬ ਕਿੱਥੋਂ ਆ ਜਾਏਗਾ, ਪ੍ਰਮੇਸ਼ਰ ਤਾਂ ਪਿਆਰ ਦਾ ਬੰਨ੍ਹਿਆ ਹੋਇਆ ਹੈ।

ਸੋ ਇਸ ਤਰ੍ਹਾਂ ਦੀਆਂ ਬੇਨਤੀਆਂ ਕਰਦਾ ਹੈ ਕਿ ਭਾਈ ਮਰਦਾਨਾ! ਤੂੰ ਇਕ ਵਾਰੀ ਲੈ ਆ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਤੇ ਮੈਂ ਵੱਡੀ ਤੋਂ ਵੱਡੀ ਸੇਵਾ ਕਰਾਂਗਾ। ਆਪਣਾ ਆਪ ਨਿਛਾਵਰ ਕਰ ਦੇਵਾਂਗਾ ਤੇ ਇਥੇ ਤੱਕ ਕਿ ਜਿਹੜੀ ਉਹਦੀ ਸੇਜਾ ਵੀ ਜਿਹੜੀ ਹੈ, ਉਹ ਆਪਣੀਆਂ ਅੱਖੀਆਂ ਦੀ ਵਿਛਾਵਾਂਗਾ।

*ਮੂ ਥੀਆਊ ਸੇਜ ਨੈਣਾ ਪਿਰੀ ਵਿਛਾਵਣਾ ॥*
*ਜੇ ਡੇਖੈ ਹਿਕ ਵਾਰ ਤਾ ਸੁਖ ਕੀਮਾ ਹੂ ਬਾਹਰੇ ॥*

*ਅੰਗ - ੧੦੯੮*

ਇਕ ਵਾਰੀ ਦੇਖ ਲਵਾਂ, ਮੈਂ ਅੱਖਾਂ ਦੀ ਸੇਜ ਵਿਛਾ ਦੇਵਾਂ। ਸੋ ਐਸੀਆਂ ਹਿਜਰ ਦੀਆਂ ਬਾਤਾਂ, ਵੈਰਾਗ ਦੀਆਂ ਬਾਤਾਂ ਸੁਣ ਕੇ, ਮਰਦਾਨੇ ਦੇ ਨੇਤਰਾਂ 'ਚੋਂ ਵੀ ਜਲ ਜਾ ਰਿਹਾ ਹੈ ਕਿ ਐਨੀ ਲਗਨ, ਐਨਾ ਪਿਆਰ, ਫੇਰ ਗੁਰੂ ਮੇਰਾ ਬੇਪਰਵਾਹ। ਕਿਵੇਂ ਦਰਸ਼ਨ ਹੋਣਗੇ ਇਸਨੂੰ। ਕਿਉਂਕਿ ਜੋ ਵੈਰਾਗ ਦੀ ਅਵਸਥਾ ਹੁੰਦੀ ਹੈ, ਸਾਧਸੰਗਤ ਜੀ, ਇਹ ਸਮਝਣੀ ਬਹੁਤ ਔਖੀ ਹੈ।

*ਲਾਗੀ ਹੋਇ ਸੁ ਜਾਨੈ ਪੀਰ ॥*
*ਰਾਮ ਭਗਤਿ ਅਨੀਆਲੇ ਤੀਰ ॥* *ਅੰਗ - ੩੨੭*

ਅਣੀਆਂ ਵਾਲੇ ਤੀਰ ਜਿਸਦੇ ਹਿਰਦੇ ਵਿਚ ਖੁੱਭ ਗਏ, ਉਸੇ ਨੂੰ ਪੀੜ ਦਾ ਪਤਾ ਹੈ, ਦੂਸਰੇ ਲਈ ਤਾਂ ਕਹਾਣੀਆਂ ਨੇ ਲੇਕਿਨ ਜਿਹਨੂੰ ਲਗ ਜਾਂਦੀ ਹੈ ਉਹਨੂੰ ਪਤਾ ਹੁੰਦਾ ਹੈ ਕਿ ਬਿਰਹਾ ਕਿੰਨਾ ਔਖਾ ਕਰਦਾ ਹੈ। ਜਦੋਂ ਤੱਕ ਮਿਲਦਾ ਨਹੀਂ ਆਪਣਾ ਪਿਆਰਾ, ਓਨੀ ਦੇਰ ਤੱਕ ਸੁਖ ਨਹੀਂ ਹੁੰਦਾ।

*ਵਿਛੋੜਾ ਸੁਣੇ ਡੁਖੁ ਵਿਣੁ ਡਿਠੇ ਮਰਿਓਦਿ ॥*
*ਬਾਝੁ ਪਿਆਰੇ ਆਪਣੇ ਬਿਰਹੀ ਨਾ ਧੀਰੋਦਿ ॥*

*ਅੰਗ - ੧੧੦੦*

ਸੋ ਕਹਿਣ ਲੱਗਿਆ, ਭਾਈ ਮਰਦਾਨਾ! ਮੈਂ ਤੁਹਾਡਾ ਕਦੇ ਵੀ ਅਹਿਸਾਨ ਨਹੀਂ ਭੁੱਲਾਂਗਾ। ਇਕ ਵਾਰੀ ਮੈਨੂੰ ਆਪਣੀ ਜ਼ਿੰਦਗੀ ਦੇ ਅੰਦਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕਰਾ ਦੇ। ਗਿਣਵੇਂ ਦਿਨ ਮੇਰੇ ਬਾਕੀ ਰਹਿ ਗਏ ਨੇ ਤੇ ਮੈਨੂੰ ਇਹੀ ਸ਼ੰਕਾ ਬੜਾ ਭਾਰਾ ਹਰ ਵਕਤ ਰਹਿੰਦਾ ਕਿ ਦਰਸ਼ਨ ਹੋ ਜਾਣਗੇ? ਮਰਦਾਨੇ ਨੇ ਕਿਹਾ ਕਿ ਭਾਈ ਬਾਲੇ ਨੂੰ ਵੀ

ਕਹਿ ਦਿਓ, ਅਸੀਂ ਦੋਵੇਂ ਜਣੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਚਰਨ ਫੜਾਂਗੇ ਜਾ ਕੇ। ਸਾਰੀ ਵਾਰਤਾ ਦੱਸਾਂਗੇ।

ਭਾਈ ਬਾਲਾ ਜੀ ਨੂੰ ਬੁਲਾ ਲਿਆ ਤੇ ਕਿਹਾ ਕਿ ਭਾਈ ਬਾਲਾ ਜੀ ਤੁਸੀਂ ਦੋਵੇਂ ਜਾਓ ਤੇ ਜਾ ਕੇ ਮੇਰੀ ਬੇਨਤੀ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰ ਤੇ ਕਰ ਦਿਓ। ਬਹੁਤ ਮੁਸ਼ਕਲ ਹੈ ਮੈਨੂੰ ਜੀਉਣਾ, ਇਕ-ਇਕ ਸਾਹ ਦੇ ਵਿਚ ਮੈਂ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਇੰਤਜ਼ਾਰ ਕਰ ਰਿਹਾ ਹਾਂ, ਹਰ ਵਕਤ ਮੇਰੇ ਮਨ ਵਿਚ ਆਸ ਲੱਗੀ ਰਹਿੰਦੀ ਹੈ।

*ਪੰਥੁ ਨਿਹਾਰੈ ਕਾਮਨੀ ਲੋਚਨ ਭਰੀ ਲੇ ਉਸਾਸਾ ॥*
*ਉਰ ਨਾ ਭੀਜੈ ਪਗੁ ਨ ਖਿਸੈ*
*ਹਰਿ ਦਰਸਨ ਕੀ ਆਸਾ ॥* *ਅੰਗ - ੩੩੮*

ਦੋਹਾਂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਵੱਲ ਭੇਜ ਦਿਤਾ। ਸੱਤ ਦਿਨ ਤੇ ਸੱਤ ਰਾਤਾਂ ਤੋਂ ਬਾਅਦ ਸ੍ਰੀ ਗੁਰੂ ਨਾਨਕ ਦੇਵ ਜੀ ਪਾਸ ਪਹੁੰਚ ਜਾਂਦੇ ਨੇ। ਮਹਾਰਾਜ ਜੀ ਨੂੰ ਜਾ ਕੇ ਸਾਰਾ ਹਾਲ ਦੱਸਿਆ, ਮਾਤਾ ਪਿਤਾ ਦਾ ਦੱਸਿਆ ਤੇ ਨਾਲ ਕਿਹਾ ਕਿ ਸੱਚੇ ਪਾਤਸ਼ਾਹ! ਰਾਇ ਬੁਲਾਰ ਜੀ ਵੈਰਾਗ ਦੇ ਅੰਦਰ ਗ੍ਰਸਤ ਨੇ ਤੇ ਹਰ ਵਕਤ ਨੇਤਰਾਂ 'ਚੋਂ ਜਲ ਚਲਦਾ ਹੈ ਉਨ੍ਹਾਂ ਦੇ। ਕਿਸੇ ਨਾਲ ਗੱਲ ਨਹੀਂ ਕਰਦੇ। ਇਕੋ ਲਗਨ ਹਰ ਵਕਤ ਉਨ੍ਹਾਂ ਦੇ ਮਨ ਵਿਚ ਰਹਿੰਦੀ ਹੈ ਕਿ ਮੈਂ ਕਿਵੇਂ ਆਪ ਦਾ ਦਰਸ਼ਨ ਕਰਾਂ, ਸਾਨੂੰ ਵੀ ਬਹੁਤ ਕਿਹਾ ਹੈ ਤੇ ਨਾਲ ਕਿਹਾ ਕਿ -

***ਜੇ ਹੋਵਹਿ ਬਲ ਤਨ ਵਿਖੈ ਆਵੋਂ***
***ਸਿਰ ਕੇ ਭਾਰ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 469***

ਮਹਾਰਾਜ ਜੀ! ਵੈਰਾਗੀ ਹੈ ਉਸ ਦੀ ਭਾਵਨਾ ਬੜੀ ਉਚੀ ਹੈ। ਆਪ ਕ੍ਰਿਪਾ ਕਰੋ ਉਸਨੂੰ ਦਰਸ਼ਨ ਦੇਵੋ।

ਕਹਿਣ ਲੱਗੇ, ਭਾਈ ਮਰਦਾਨਾ! ਭਾਈ ਬਾਲਾ! ਜਿੰਨੀ ਖਿੱਚ ਉਸਦੇ ਹਿਰਦੇ 'ਚ ਹੈ ਉਸ ਤੋਂ ਕਿਤੇ ਵੱਧ ਸਾਡੇ ਹਿਰਦੇ ਵਿਚ ਵੀ ਉਹ ਖਿੱਚ ਪੈ ਰਹੀ ਹੈ। ਸਾਡਾ ਵੀ ਮਨ ਕਰ ਰਿਹਾ ਹੈ।

ਸਤਿਗੁਰੂ ਦਾ ਬਿਰਧ ਹੈ ਜਦੋਂ ਸਿੱਖ ਗੁਰੂ ਨੂੰ ਯਾਦ ਕਰਦਾ ਹੈ, ਗੁਰੂ ਉਸ ਤੋਂ ਵੱਧ ਯਾਦ ਕਰਦਾ ਹੈ।

***ਚਰਨ ਸਰਨਿ ਗੁਰ ਏਕ ਪੈਂਡਾ ਜਾਇ ਚਲ,***
***ਸਤਿਗੁਰ ਕੋਟਿ ਪੈਂਡਾ ਆਗੈ ਹੋਇ ਲੈਤ ਹੈਂ॥***
***ਏਕ ਬਾਰ ਸਤਿਗੁਰ ਮੰਤ੍ਰ ਸਿਮਰਨ ਮਾਤ੍ਰ,***
***ਸਿਮਰਨ ਤਾਹਿ ਬਾਰੰਬਾਰ ਗੁਰ ਹੇਤ ਹੈਂ॥***
***ਭਾਵਨੀ ਭਗਤਿ ਭਾਇ***
***ਕਉਡੀ ਅਗ੍ਰਭਾਗ ਰਾਖੈ,***
***ਤਾਹਿ ਗੁਰ ਸਰਬ ਨਿਧਾਨ ਦੇਤ ਹੈਂ॥***
***ਸਤਿਗੁਰੁ ਦਇਆ ਨਿਧਿ,***
***ਮਹਿਮਾ ਅਗਾਧਿ ਬੋਧਿ,***
***ਨਮੋ ਨਮੋ ਨਮੋ ਨਮੇ ਨੇਤਿ ਨੇਤਿ ਨੇਤਿ ਹੈਂ॥***
***ਕਬਿੱਤ ੧੧੧***

ਭਾਈ ਮਰਦਾਨਾ! ਸਾਡੇ ਹਿਰਦੇ ਦੇ ਅੰਦਰ ਵੀ ਬਹੁਤ ਖਿੱਚ ਪੈ ਰਹੀ ਹੈ। ਚਲੋ ਤਲਵੰਡੀ ਨੂੰ ਵਾਪਸ ਚਲਦੇ ਹਾਂ। ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ, ਭਾਈ ਬਾਲਾ ਜੀ ਤੇ ਮਰਦਾਨਾ ਜੀ ਦੇ ਨਾਲ ਤਲਵੰਡੀ ਆ ਗਏ। ਭਾਈ ਬਾਲਾ ਦੇ ਪਿਤਾ ਦਾ ਨਾਮ ਚੰਦਰਭਾਨ ਸੀ ਉਹਦੇ ਖੂਹ ਤੇ ਉਹ ਬੈਠ ਗਏ, ਦੋਹਾਂ ਨੂੰ ਭੇਜ ਦਿਤਾ ਤੇ ਮਾਤਾ ਨੂੰ ਪਤਾ ਲੱਗਿਆ, ਪਿਤਾ ਨੂੰ ਪਤਾ ਲੱਗਿਆ, ਪਰਿਵਾਰ ਨੂੰ ਪਤਾ ਲੱਗਿਆ। ਕਿਉਂਕਿ ਮਹਿਤਾ ਕਾਲੂ ਨੂੰ ਪਹਿਲਾਂ ਹੀ ਪਤਾ ਲੱਗ ਗਿਆ ਸੀ ਮਹਾਰਾਜ ਦਾ। ਦੇਖਦਾ ਹੈ ਜਾ ਕੇ ਕਿ ਇਹ ਕੀ ਬਣੇ ਫਿਰਦੇ ਨੇ ਸਿਰ ਦੇ ਉਤੇ ਇਕ ਪਰਨਾ ਜਿਹਾ ਬੰਨ੍ਹਿਆ ਹੋਇਆ ਹੈ, ਤੇੜ ਦੋ ਗਜ਼ ਦਾ ਕਪੜਾ ਪਾਇਆ ਹੋਇਆ ਹੈ, ਵਸਤਰ ਕੋਈ ਪਹਿਨਿਆ ਨਹੀਂ ਹੋਇਆ ਤੇ ਦੋ ਚਾਦਰਾਂ ਚੁੱਕੀ ਫਿਰਦਾ ਹੈ। ਆਹ ਕੀ ਹਾਲ ਬਣਾ ਲਿਆ ਇਹਨੇ? ਕਿੱਡਾ ਵੱਡਾ ਸੀ, ਕਿੰਨੀ ਮਹਿਮਾ ਸੀ ਜਿਸ ਵਕਤ ਮੋਦੀਖਾਨੇ 'ਚ ਕੰਮ ਕਰਦਾ ਸੀ। ਨਰਾਜ਼ ਹੋਈ ਜਾਂਦਾ ਹੈ, ਭਵਾਂ ਚੜ੍ਹੀਆਂ ਹੋਈਆਂ ਨੇ, ਬੁੱਲ੍ਹ ਫਰਕਦੇ ਨੇ। ਪਤਾ ਨਹੀਂ ਕੀ ਕੁੱਛ ਕਹਿਣਾ ਸੀ। ਲਾਲੂ ਜੀ ਕਹਿਣ ਲੱਗੇ, ਭ੍ਰਾਤਾ ਜੀ! ਬੜੀ ਦੇਰ ਤੋਂ ਬਾਅਦ ਮੁੜੇ ਨੇ ਇਹ, ਤੁਸੀਂ ਥੋੜ੍ਹਾ ਸਬਰ 'ਚ ਰਹੋ, ਕੋਈ ਗੱਲ ਨਾ ਕਰੋ। ਗੱਲ ਕਰ ਲਵਾਂਗੇ, ਹੁਣੇ ਨਾ ਜਾ ਕੇ ਵਰ੍ਹਨ ਲੱਗ ਜਾਇਓ ਉਨ੍ਹਾਂ ਨੂੰ। ਉਹ ਪੂਰਨ ਪੁਰਖ ਨੇ। ਉਸ ਵੇਲੇ ਚੁੱਪ ਕਰ ਰਿਹਾ, ਜਬਤ ਕਰਨ ਦੀ ਕੋਸ਼ਿਸ਼ ਕਰਦਾ ਹੈ, ਲੇਕਿਨ ਕੰਬਦਾ ਹੈ ਸਰੀਰ ਐਨਾ ਅੰਦਰ ਕ੍ਰੋਧ ਆਇਆ। ਮਾਤਾ ਜੀ ਦੌੜੀ ਆਉਂਦੀ ਹੈ, ਮਾਤਾ ਜੀ ਨੇ ਆ ਕੇ ਗੁਰੂ ਨਾਨਕ ਪਾਤਸ਼ਾਹ ਨੂੰ ਬੁੱਕਲ 'ਚ ਲੈ ਲਿਆ ਤੇ ਐਨਾ ਵੈਰਾਗ ਕਰਿਆ ਕਿ ਨਾ ਜੱਫੀ ਛੱਡਦੀ ਹੈ, ਨਾ ਰੋਣ ਤੋਂ ਹੱਟਦੀ ਹੈ। ਨੇਤਰਾਂ 'ਚੋਂ ਐਨਾ ਜਲ ਗਿਆ, ਗੁਰੂ ਮਹਾਰਾਜ ਦੇ ਵੀ ਸਰੀਰ ਦੇ ਉਤੇ ਧਾਰਾਂ ਚੱਲ ਗਈਆਂ।

***ਗਰ ਸੋਂ ਲਾਇ ਨੀਰ ਦ੍ਰਿਗ ਜਾਈ।***
***ਮਹਾਂ ਮੋਹ ਮਾਤਾ ਬਿਰਮਾਈ।***
***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471***

ਜਿਵੇਂ ਗਰੀਬ ਨੂੰ ਪਾਰਸ ਮਿਲ ਜਾਂਦਾ ਹੈ ਉਹ

ਛੱਡਦਾ ਨਹੀਂ, ਐਉਂ ਮਾਂ ਛੱਡ ਨਹੀਂ ਰਹੀ।

***ਅਸ਼੍ਰਪਾਤ ਸੋਂ ਭੀਗੇ ਅੰਗਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471***

ਗੁਰੂ ਮਹਾਰਾਜ ਦੇ ਅੰਗ ਭਿੱਜ ਗਏ ਹੰਝੂਆਂ ਦੇ ਨਾਲ।

***ਮਨਹੁ ਪ੍ਰੇਮ ਪਰਵਾਹਿ ਉਮੰਗਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 471***

ਐਉਂ ਲਗ ਰਿਹਾ ਸੀ ਕਿ ਜਿਵੇਂ ਕੋਈ ਦਰਿਆ ਚਲ ਰਿਹਾ ਹੁੰਦਾ ਹੈ, ਪ੍ਰਵਾਹ ਦਾ। ਸੋ ਮਾਤਾ ਜੀ ਨੇ ਕਾਫੀ ਸਮੇਂ ਤੋਂ ਬਾਅਦ ਹੱਥ ਖੋਲ੍ਹੇ ਤੇ ਮਹਾਰਾਜ ਜੀ ਉਸ ਵੇਲੇ ਖੜ੍ਹੇ ਨੇ, ਮਾਤਾ ਨੇ ਉਸ ਵੇਲੇ ਕਿਹਾ ਕਿ ਪੁੱਤਰ! ਘਰ ਚਲ। ਘਰ ਚਲਦੇ ਨੇ, ਗੱਲਬਾਤ ਹੋਈ, ਕਹਿਣ ਲੱਗੇ, ਕਿ ਰਾਇ ਜੀ ਤੁਹਾਨੂੰ ਬਹੁਤ ਯਾਦ ਕਰਦੇ ਨੇ, ਇਕ ਵਾਰੀ ਓਧਰ ਚੱਲੋ ਤੇ ਇਨ੍ਹਾਂ ਦੋਹਾਂ ਭਰਾਵਾਂ ਨੇ ਸਲਾਹ ਕਰੀ ਕਿ ਇਥੇ ਨਹੀਂ ਆਪਾਂ ਕੁਛ ਕਹਿਣਾ। ਜਦੋਂ ਰਾਇ ਬੁਲਾਰ ਜੀ ਦੇ ਪਾਸ ਜਾਵਾਂਗੇ, ਉਥੇ ਕਹਾਂਗੇ ਉਨ੍ਹਾਂ ਦੇ ਸਾਮ੍ਹਣੇ। ਉਹ ਕਿਉਂਕਿ ਇਨ੍ਹਾਂ ਨੂੰ ਪ੍ਰੇਮ ਕਰਦੇ ਨੇ ਤੇ ਉਨ੍ਹਾਂ ਦੀ ਗੱਲ ਇਹ ਮੰਨ ਜਾਣਗੇ।

ਉਸ ਵੇਲੇ ਸ੍ਰੀ ਗੁਰੂ ਨਾਨਕ ਦੇਵ ਪਾਤਸ਼ਾਹ ਸਾਰਿਆਂ ਦੇ ਨਾਲ ਰਾਇ ਬੁਲਾਰ ਦੇ ਪਹੁੰਚਦੇ ਨੇ। ਉਥੇ ਜਾ ਕੇ ਰਾਇ ਬੁਲਾਰ ਨੇ ਜਦੋਂ ਸ੍ਰੀ ਗੁਰੂ ਨਾਨਕ ਪਾਤਸ਼ਾਹ ਨੂੰ ਦੇਖਿਆ, ਪਹਿਲਾਂ ਗੁਰੂ ਨਾਨਕ ਪਾਤਸ਼ਾਹ। ਜਿਵੇਂ ਭਗਤਾਂ ਦੀ ਲਾਜ ਪ੍ਰਮੇਸ਼ਰ ਹਮੇਸ਼ਾ ਹੀ ਰਖਦਾ ਆਇਆ, ਵੱਡੇ ਕਰਦਾ ਹੈ ਉਨ੍ਹਾਂ ਨੂੰ। ਆਪ ਉਸਦੇ ਚਰਨਾਂ ਤੇ ਹੱਥ ਲਾਉਣ ਲੱਗੇ ਲੇਕਿਨ ਉਹਨੇ ਕਿਹਾ ਹੇ ਨਾਨਕ! ਦੇਖੀਂ ਇਹ ਨਾ ਕਰ ਦੇਈਂ, ਮੈਨੂੰ ਦਰਗਾਹ ਨੇ ਨਹੀਂ ਬਖਸ਼ਣਾ। ਮੇਰੇ ਨੇਤਰ ਖੁਲ੍ਹ ਗਏ, ਮੈਂ ਤੈਨੂੰ ਪਛਾਣ ਲਿਆ। ਹੇ ਨਾਨਕ! ਐਸਾ ਨਾ ਕਰ ਦੇਈਂ ਕਿ ਮੇਰੇ ਤੋਂ ਗੁਨਾਹ ਉਤਰੇ ਨਾ ਤੇ ਮੈਂ ਦੋਜਕਾਂ ਦੇ ਵਿਚ ਸੜਦਾ ਰਹਾਂ। ਤੂੰ ਤਾਂ ਆਪ ਪ੍ਰਮੇਸ਼ਰ ਹੈਂ।

***ਪਰਮੇਸ਼ੁਰ ਤੂੰ ਪੁਰਖ ਪੁਰਾਤਨ।***
***ਪਾਰਬ੍ਰਹਮ ਕਿਰਪਾਲ ਸਨਾਤਨ।***
***ਜੋਤੀ ਰੂਪ ਅਨੂਪ ਸਰੂਪਾ।***
***ਸ਼ਾਹਿਨਸ਼ਾਹ ਭੂਪ ਕੋ ਭੂਪਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476***

ਤੂੰ ਤਾਂ ਬਾਦਸ਼ਾਹਾਂ ਦਾ ਬਾਦਸ਼ਾਹ, ਆਪ ਪ੍ਰਮੇਸ਼ਰ ਹੈਂ।

***ਕਰੁਨਾਕਰਿ ਬਖਸ਼ਹੁ ਮੁਝ ਸ੍ਵਾਮੀ!।***
***ਦੀਨਬੰਧੁ ਸਭਿ ਅੰਤਰਜਾਮੀ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476***

ਹੇ ਪ੍ਰਭੂ! ਮੇਰੇ ਤੇ ਕ੍ਰਿਪਾ ਕਰੋ। ਐਨਾ ਕਹਿ ਕੇ ਗੁਰੂ ਮਹਾਰਾਜ ਦੇ ਚਰਨਾਂ ਤੇ ਨਮਸਕਾਰ ਕਰਕੇ ਸਾਮ੍ਹਣੇ ਖੜ੍ਹਾ ਹੋ ਕੇ ਬੇਨਤੀ ਕਰਦਾ ਹੈ, ਬੜੇ ਜਨਮ ਲੰਘ ਗਏ -

*ਕਈ ਜਨਮ ਭਏ ਕੀਟ ਪਤੰਗਾ ॥*
*ਕਈ ਜਨਮ ਗਜ ਮੀਨ ਕੁਰੰਗਾ ॥*
*ਕਈ ਜਨਮ ਪੰਖੀ ਸਰਪ ਹੋਇਓ ॥*
*ਕਈ ਜਨਮ ਹੈਵਰ ਬ੍ਰਿਖ ਜੋਇਓ॥* *ਅੰਗ- ੧੭੬*

ਪਾਤਸ਼ਾਹ! ਹੁਣ ਮੇਰਾ ਜੰਮਣਾ-ਮਰਣਾ ਕੱਟ ਦਿਓ। ਤੂੰ ਆਪ ਸਮਰੱਥ ਪ੍ਰਮੇਸ਼ਰ ਹੈਂ।

***ਭਵ ਬੰਧਨ ਤੇ ਕਰਿ ਛੁਟਕਾਰਾ।***
***ਪਤਿਤ ਉਧਾਰਨ ਬਿਰਦ ਤੁਮਾਰਾ।***

***(ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476)***

ਪਤਿਤਾਂ ਨੂੰ ਉਧਾਰ ਦੇਣਾ ਤੇਰਾ ਬਿਰਧ ਹੈ, ਕ੍ਰਿਪਾ ਕਰ ਮੇਰੇ ਹੁਣ ਬੰਧਨ ਕੱਟ ਦੇ। ਮੈਂ ਮੁੜ ਕੇ ਜਨਮ ਮਰਨ 'ਚ ਨਾ ਆਵਾਂ।

***ਜਿਉਂ ਜਿਉਂ ਬਿਨੈ ਦੀਨ ਹੁਇ ਕਰਿਈ।***
***ਤਿਉਂ ਤ੍ਰਿਉਂ ਰਾਇ ਮੋਹ ਤਮ ਟਰਿਈ।***
***ਦੇਖ ਦੀਨਤਾ ਅਧਿਕ ਦਯਾਲਾ।***
***ਰਿਦੈ ਪ੍ਰਸੀਦਤਿ ਭਯੇ ਬਿਸਾਲਾ।***

***ਸ੍ਰੀ ਗੁਰ ਪ੍ਰਤਾਪ ਸੂਰਜ ਗ੍ਰੰਥ, ਪੰਨਾ 476***

ਜਿਵੇਂ-ਜਿਵੇਂ ਰੋ-ਰੋ ਕੇ ਬੇਨਤੀਆਂ ਕਰਦਾ ਹੈ, ਤਿਉਂ-ਤਿਉਂ ਉਹਦੀ ਜਿਹੜੀ ਹਨ੍ਹੇਰੀ ਮਤ ਸੀ, ਉਹ ਦੂਰ ਹੁੰਦੀ ਜਾਂਦੀ ਹੈ। ਪ੍ਰਕਾਸ਼ ਹਿਰਦੇ 'ਚ ਹੋ ਗਿਆ। ਗੁਰੂ ਮਹਾਰਾਜ ਦਾ ਪਵਿੱਤਰ ਹੱਥ ਉਠਿਆ ਤੇ ਰਾਇ ਦੇ ਸਿਰ ਤੇ ਜਾ ਕੇ ਜਦ ਟਿਕਿਆ, ਉਸ ਵੇਲੇ ਜਿੰਨੇ ਜਨਮਾਂ-ਜਨਮਾਂਤਰਾਂ ਦੇ ਕੀਤੇ ਹੋਏ ਦੋਖ ਸੀ, ਪਾਪ ਸੀ, ਓਹ ਸਾਰੇ ਦੇ ਸਾਰੇ ਮਹਾਰਾਜ ਨੇ ਕੱਟ ਦਿਤੇ।

*ਕਰਿ ਹੁਕਮੁ ਮਸਤਕਿ ਹਥੁ ਧਰਿ*
*ਵਿਚਹੁ ਮਾਰਿ ਕਢੀਆ ਬੁਰਿਆਈਆ ॥*
*ਸਹਿ ਤੁਠੈ ਨਉ ਨਿਧਿ ਪਾਈਆ ॥* *ਅੰਗ - ੪੭੩*

ਬਜਰ ਕਪਾਟ ਖੁੱਲ੍ਹ ਗਏ, ਸੁਰਤ ਪਹੁੰਚ ਗਈ ਜਿਸਨੂੰ ਕਹਿੰਦੇ ਨੇ -

*ਨਉ ਦਰਵਾਜੇ ਕਾਇਆ ਕੋਟੁ ਹੈ ਦਸਵੈ ਗੁਪਤੁ ਰਖੀਜੈ ॥*
*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅਨਹਦ ਵਾਜੇ ਧੁਨਿ ਵਜਦੇ ਗੁਰ ਸਬਦਿ ਸੁਣੀਜੈ ॥*
*ਤਿਤੁ ਘਟ ਅੰਤਰਿ ਚਾਨਣਾ ਕਰਿ ਭਗਤਿ ਮਿਲੀਜੈ ॥*
*ਸਭ ਮਹਿ ਏਕੁ ਵਰਤਦਾ ਜਿਨਿ ਆਪੇ ਰਚਨ ਰਚਾਈ ॥*
*ਵਾਹੁ ਵਾਹੁ ਸਚੇ ਪਾਤਿਸਾਹੁ ਤੂ ਸਚੀ ਨਾਈ॥* *ਅੰਗ -੯੫੪*

ਦ੍ਰਿਸ਼ਟੀ ਦੇ ਦਿਤੀ, ਮਾਇਆ ਦਾ ਪੜਦਾ ਦੂਰ ਕਰ ਦਿਤਾ।

*ਗਿਆਨ ਅੰਜਨੁ ਗੁਰਿ ਦੀਆ*
*ਅਗਿਆਨ ਅੰਧੇਰ ਬਿਨਾਸੁ ॥*
*ਹਰਿ ਕਿਰਪਾ ਤੇ ਸੰਤ ਭੇਟਿਆ ਨਾਨਕ ਮਨਿ ਪਰਗਾਸੁ ॥*
*ਅੰਗ - ੨੯੩*

ਕੀ ਦੇਖਦਾ ਹੈ ਕਿ ਇਹ ਤਾਂ ਸਾਰੀ ਕਾਇਨਾਤ ਦੇ ਵਿਚ, ਜਿਧਰ ਵੀ ਮੈਂ ਦੇਖਦਾ ਹਾਂ, ਓਸ ਪਾਸੇ ਹੀ ਗੁਰੂ ਨਾਨਕ ਹੈ। ਇਹ ਤਾਂ ਸਾਰੇ ਹੀ ਗੁਰੂ ਨਾਨਕ ਹੈ, ਕਿਉਂਕਿ ਨੇਤਰ ਖੁਲ੍ਹ ਗਏ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥ ਅੰਗ - ੪੦੭*

ਅੱਖ ਖੁਲ੍ਹ ਗਈ, ਜਿਹੜੀ ਸਾਡੀ ਬੰਦ ਪਈ ਹੈ, ਜਿਸਦੇ ਵਾਸਤੇ ਅਸੀਂ ਜਪ ਕਰਦੇ ਹਾਂ, ਤਪ ਕਰਦੇ ਹਾਂ, ਦਾਨ ਕਰਦੇ ਹਾਂ, ਤੀਰਥ ਯਾਤਰਾ ਕਰਦੇ ਹਾਂ, ਦੀਵਾਨ ਸੁਣਨ ਦੂਰ ਦਰਾਜ਼ ਤੋਂ ਆਉਂਦੇ ਹਾਂ। ਉਹ ਇਹੀ ਹੈ ਕਿ ਮਾਇਆ ਦਾ ਜਿਹੜਾ ਹਨ੍ਹੇਰਾ ਪਿਆ ਹੋਇਆ ਹੈ ਉਹ ਦੂਰ ਹੋ ਜਾਵੇ ਤੇ ਅਸਲੀਅਤ ਦਾ ਪ੍ਰਕਾਸ਼ ਹੋ ਜਾਵੇ। ਉਹ ਅੱਖ ਖੁਲ੍ਹ ਗਈ, ਗੁਰੂ ਨੇ ਦਿਖਾ ਦਿਤੀ, ਆਪਣੇ ਆਪ ਨਹੀਂ ਖੁਲ੍ਹਦੀ।

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥*
*ਧਰਨਿ ਮਾਹਿ ਆਕਾਸ ਪਇਆਲ ॥*
*ਸਰਬ ਲੋਕ ਪੂਰਨ ਪ੍ਰਤਿਪਾਲ ॥*
*ਬਨਿ ਤਿਨਿ ਪਰਬਤਿ ਹੈ ਪਾਰਬ੍ਰਹਮੁ ॥*
*ਜੈਸੀ ਆਗਿਆ ਤੈਸਾ ਕਰਮੁ ॥*
*ਪਉਣ ਪਾਣੀ ਬੈਸੰਤਰ ਮਾਹਿ ॥*
*ਚਾਰਿ ਕੁੰਟ ਦਹ ਦਿਸੇ ਸਮਾਹਿ ॥*
*ਤਿਸ ਤੇ ਭਿੰਨ ਨਹੀ ਕੋ ਠਾਉ ॥*
*ਗੁਰ ਪ੍ਰਸਾਦਿ ਨਾਨਕ ਸੁਖੁ ਪਾਉ ॥ ਅੰਗ - ੨੯੪*

ਪੰਜੇ ਭਰਮ ਦੂਰ ਕਰ ਦਿਤੇ, ਪ੍ਰਮੇਸ਼ਰ ਦਾ ਦਰਸ਼ਨ ਕਰਾ ਦਿਤਾ, ਸਾਕਾਰ ਰੂਪ ਵਿਚ। ਜਿਧਰ ਦੇਖਦਾ ਹੈ ਗੁਰੂ ਨਾਨਕ ਨਜ਼ਰ ਆਉਂਦਾ ਹੈ। ਉਹ ਵਿਛੋੜਾ, ਜਿਹਦੇ ਵਾਸਤੇ ਕਲਪਦਾ ਸੀ, ਦੂਰ ਕਰ ਦਿਤਾ। ਹੁਣ ਵਿਛੋੜਾ ਨਹੀਂ ਹੁੰਦਾ, ਕਿਉਂਕਿ ਗੁਰੂ ਨਾਨਕ ਦਾ ਰੂਪ ਬਣ ਗਿਆ, ਗੁਰੂ ਨਾਨਕ ਤੇ ਉਸਦਾ ਫਰਕ ਨਾ ਰਿਹਾ, ਆਪਣਾ ਰੂਪ ਬਣਾ ਲਿਆ ਉਨ੍ਹਾਂ ਨੇ।

ਸੋ ਇਸ ਤਰ੍ਹਾਂ ਦੇ ਨਾਲ ਗੁਰੂ ਭਿਜਦਾ ਹੈ ਪਿਆਰ ਦੇ ਨਾਲ। ਪੈਸੇ ਟਕੇ ਦੀ ਲਿਹਾਜ਼ ਨਹੀਂ ਹੈ, ਰਾਜਾ ਸੀ ਓਸ ਥਾਂ ਦਾ ਲੇਕਿਨ ਪਿਆਰ ਵਾਲਾ ਸੀ, ਜਦੋਂ ਪਿਆਰ ਦੀ ਪ੍ਰਬਲਤਾ ਆਈ, ਤਾਂ ਉਸ ਵੇਲੇ ਗੁਰੂ ਨਾਨਕ ਨੇ ਛੌੜ ਕੱਟੇ ਬਜਰ ਕਪਾਟ ਤੜਾਕ ਦੇ ਕੇ ਖੋਲ੍ਹ ਕੇ, ਅਸਲੀਅਤ ਦਾ ਝਲਕਾ ਦਿਖਾ ਦਿਤਾ।

***ਜਿਮੀ ਜਮਾਨ ਕੇ ਬਿਖੈ***
***ਸਮਸੱਤਿ ਏਕ ਜੋਤ ਹੈ***
***ਨਾ ਘਾਟ ਹੈ ਨ ਬਾਢ ਹੈ***
***ਨ ਬਾਢ ਘਾਟ ਹੋਤ ਹੈ। ਅਕਾਲ ਉਸਤਤਿ***

ਸੋ ਉਹ ਨੇਤਰਾਂ ਦੇ ਅੰਦਰ ਜੋਤੀ ਆ ਗਈ ਜਿਹੜੀ ਪ੍ਰਮੇਸ਼ਰ ਨੂੰ ਹਰ ਥਾਂ ਵਿਆਪਕ ਦੇਖਦੀ ਹੈ। ਸੋ ਇਸ ਤਰ੍ਹਾਂ ਪਿਆਰ ਦੇ ਨਾਲ, ਗੁਰੂ ਪੈਸੇ ਨਾਲ ਨਹੀਂ ਰੀਝਦਾ, ਨਾ ਭਿੱਜਦਾ ਹੈ। ਨਾ ਕਿਸੇ ਰਾਗ ਨਾਲ ਭਿੱਜਦਾ ਹੈ, ਨਾ ਗਾਣਿਆਂ ਨਾਲ ਭਿੱਜਦਾ ਹੈ, ਨਾ ਦਾਨ ਦਿੱਤੇ ਤੇ ਨਾ ਕੁਛ ਹੋਰ ਕਰੇ ਤੇ।

*ਸਭੁ ਕੋ ਤੇਰੈ ਵਸਿ ਅਗਮ ਅਗੋਚਰਾ ॥*
*ਤੂ ਭਗਤਾ ਕੈ ਵਸਿ ਭਗਤਾ ਤਾਣੁ ਤੇਰਾ ॥ ਅੰਗ - ੯੬੨*

ਜਿਹੜਾ ਪਿਆਰ ਕਰਦਾ ਹੈ, ਹੁਣ ਵੀ ਗੁਰੂ ਦੂਰ ਨਹੀਂ ਹੈ। ਅੰਦਰ ਵਸਦਾ ਹੈ ਕਿਉਂਕਿ ਸ੍ਰੀ ਗੁਰੂ ਨਾਨਕ ਦੇਵ ਜੀ ਪਾਰਬ੍ਰਹਮ ਪ੍ਰਮੇਸ਼ਰ ਹਨ। ਗੁਰੂ ਬੇਅੰਤ ਨੇ ਸੰਸਾਰ ਦੇ ਅੰਦਰ ਪਰ ਪਾਰਬ੍ਰਹਮ ਪ੍ਰਮੇਸ਼ਰ ਕੇਵਲ ਸ੍ਰੀ ਗੁਰੂ ਨਾਨਕ ਦੇਵ ਜੀ, ਸ੍ਰੀ ਗੁਰੂ ਗ੍ਰੰਥ ਸਾਹਿਬ ਨੇ। ਬਾਕੀ ਗੁਰਮੁਖ ਹੋਇਆ ਕਰਦੇ ਨੇ, ਗੁਰਮੁਖਾਂ ਦੀ ਡਿਊਟੀ ਹੈ ਕਿ ਸੰਸਾਰ ਨੂੰ ਸਿੱਧੇ ਰਾਹ ਚਲਾਉਣਾ। ਪ੍ਰਮੇਸ਼ਰ ਦਾ ਰਸਤਾ ਦੱਸਣਾ, ਆਪ ਜਪਣਾ ਦੂਸਰਿਆਂ ਨੂੰ ਜਪਾਉਣਾ। ਆਪ ਮਿਲਣਾ ਤੇ ਦੂਸਰਿਆਂ ਨੂੰ ਮਿਲਾਉਣਾ। ਇਹ ਗੁਰਮੁਖਾਂ ਦਾ ਕੰਮ ਗੁਰੂ ਨੇ ਸਉਂਪਿਆ ਹੋਇਆ ਹੈ। ਸੋ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਉਤੇ ਨਿਹਚਾ ਰੱਖੋ, ਬਾਣੀ ਤੇ ਨਿਹਚਾ ਰੱਖੋ, ਡੋਲੋ ਨਾ ਕਿਸੇ ਪਾਸੇ। ਇਥੇ ਇਸ ਘਰ ਵਿਚ ਸਭ ਕੁਛ ਹੈ, ਛੱਡ ਕੇ ਜਾਣ ਦੀ ਲੋੜ ਨਹੀਂ ਹੈ, ਕੇਵਲ ਸਾਡੀ ਭਾਲ ਦੇ ਵਿਚ ਫਰਕ ਹੈ। ਢੂੰਡ ’ਚ ਫਰਕ ਹੈ। ਸਾਨੂੰ ਮਿਲ ਨਹੀਂ ਸਕਿਆ, ਐਸਾ ਕੋਈ, ਜਿਹੜਾ ਦਿਖਾ ਦੇਵੇ। ਸੋ ਏਸ ਕਰਕੇ ਸਾਧਸੰਗਤ ਜੀ! ਜੋ ਆਪਾਂ ਬਚਨ ਕੀਤੇ ਨੇ ਪਿਆਰ ਦੇ ਬਚਨ, ਬਹੁਤ ਘੱਟ ਬੰਦਿਆਂ ਨੂੰ ਪਤਾ ਹੈ ਕਿ ਰਾਇ ਬੁਲਾਰ ਦਾ ਸ੍ਰੀ ਗੁਰੂ ਨਾਨਕ ਦੇਵ ਜੀ ਨਾਲ ਐਨਾ ਪਿਆਰ ਸੀ ਤੇ ਪਿਆਰ ਦੇ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ ਸੀ। ਇਥੇ ਜਾਤ ਦਾ ਸਵਾਲ ਨਹੀਂ, ਜਾਤ ਦਾ ਮੁਸਲਮਾਨ ਸੀ, ਪਰ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਿਆਰ ਵਿਚ ਐਨਾ ਲੀਨ ਹੋਇਆ ਕਿ ਉਨ੍ਹਾਂ ਦਾ ਹੀ ਰੂਪ ਬਣ ਗਿਆ। ਸੋ ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ। ਇਥੇ ਹੀ ਸਮਾਪਤੀ ਹੈ।

# 350ਵੀਂ ਸ਼ਹੀਦੀ ਸ਼ਤਾਬਦੀ ਨੂੰ ਸਮਰਪਿਤ
# ਸ੍ਰੀ ਗੁਰੂ ਤੇਗ ਬਹਾਦਰ ਜੀ

**(ਸ਼ਹੀਦੀ ਦਿਵਸ - 25 ਨਵੰਬਰ 2025)**

***ਸੰਤ ਵਰਿਆਮ ਸਿੰਘ ਜੀ***
*ਬਾਨੀ, ਟਰੱਸਟ ਰਤਵਾੜਾ ਸਾਹਿਬ*

***(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-29)***

ਈਸਾ ਜੀ ਆਪਣੇ ਅਨੁਯਾਈਆਂ ਵਾਸਤੇ ਦੁਖ ਲੈ ਕੇ ਸੂਲੀ 'ਤੇ ਚੜ੍ਹ ਕੇ ਕਹਿੰਦੇ ਨੇ ਕਿ ਮੈਂ ਤੁਹਾਡੇ ਸਾਰਿਆਂ ਦਾ ਦੁੱਖ ਆਪਣੇ ਉਤੇ ਲੈ ਲਿਆ। ਉਨ੍ਹਾਂ ਦੇ ਅਨੁਯਾਈ ਸੀ, ਲੇਕਿਨ ਗੁਰੂ ਸਾਹਿਬਾਨ ਨੇ ਸਾਰੀ ਸ੍ਰਿਸ਼ਟੀ ਬਗੈਰ ਇਸ ਗੱਲ ਦੇ ਸੋਚਿਆਂ ਕਿ ਇਹ ਹਿੰਦੂ ਹੈ, ਮੁਸਲਮਾਨ ਹੈ, ਈਸਾਈ ਹੈ, ਕੌਣ ਹੈ, ਕੌਣ ਨਹੀਂ, ਸਾਰੀ ਸ੍ਰਿਸ਼ਟੀ ਦਾ ਦੁੱਖ ਆਪਣੇ ਉਤੇ ਲੈ ਕੇ, ਆਪਣਾ ਖ਼ੂਨ ਦੇ ਕੇ, ਇਸ ਬੂਟੇ ਨੂੰ ਹਰਾ ਰੱਖਣ ਦਾ ਪ੍ਰਣ ਕੀਤਾ। ਉਸ ਵੇਲੇ ਆਪਣੀਆਂ-ਆਪਣੀਆਂ ਕਥਾਵਾਂ ਸੁਣਾ ਰਹੇ ਨੇ ਸਾਰੇ, ਸਾਡੇ ਨਾਲ ਐਉਂ ਹੋਈ ਮਹਾਰਾਜ, ਸਾਡੇ ਨਾਲ ਐਉਂ ਹੋਈ। ਅਸੀਂ ਲੁਕੇ ਛਿਪੇ ਫਿਰਦੇ ਹਾਂ, ਘਰ ਨਹੀਂ ਆ ਸਕਦੇ। ਦਿਨ ਕਿਤੇ, ਰਾਤ ਕਿਤੇ, ਭੇਸ ਸਾਡੇ ਬਦਲਾਏ ਹੋਏ ਨੇ, ਕਪੜੇ ਦੂਜੇ ਪਾਏ ਹੋਏ ਨੇ, ਆਹ ਹੁਣ ਅਸੀਂ ਬਚ ਨਹੀਂ ਸਕਦੇ ਤੇ ਨਾਲ ਕੋਈ ਉਚੀ-ਉਚੀ ਧਾਹਾਂ ਮਾਰ ਕੇ ਰੋਂਦਾ ਸੀ ਕਿ ਮਹਾਰਾਜ! ਮੇਰੇ ਨਾਲ ਐਉਂ ਹੋਈ।

ਬਾਹਰੋਂ ਗੁਰੂ ਦਸ਼ਮੇਸ਼ ਪਿਤਾ ਅਚਾਨਕ ਆ ਜਾਂਦੇ ਨੇ, ਦੇਖਿਆ ਕਿ ਬਹੁਤ ਇਕੱਠ ਹੈ, ਬੜੇ ਵਿਦਵਾਨ ਲੋਕ ਬੈਠੇ ਨੇ, ਤਿਲਕ ਲੱਗੇ ਹੋਏ ਨੇ, ਬੜੇ ਸੋਹਣੇ ਦਸਤਾਰੇ ਨੇ, ਸੋਹਣੇ ਦਾੜ੍ਹੇ ਨੇ, (ਜਦ ਕੋਈ ਦਾੜ੍ਹੀਆਂ ਨਹੀਂ ਸੀ ਕਟਾਉਂਦਾ, ਇਹ ਬੋਦੀਆਂ ਦਾ ਰਿਵਾਜ਼ ਤਾਂ ਹੁਣੇ ਹੀ ਪਿਆ ਹੈ, ਪਹਿਲਾਂ ਨਹੀਂ ਸੀ। ਬ੍ਰਾਹਮਣ ਦੇ ਸਿਰ 'ਤੇ ਕੇਸ ਹੁੰਦੇ, ਦਾੜ੍ਹੀ ਹੁੰਦੀ, ਕਸ਼ਤਰੀ ਦੇ ਸਿਰ ਤੇ ਕੇਸ ਹੁੰਦੇ, ਦਾੜ੍ਹੀ ਕੋਈ ਕਟਾ ਦਿੰਦਾ ਸੀ, ਮੁੱਛਾਂ ਨਹੀਂ ਸੀ ਕੋਈ ਕਟਾਉਂਦਾ। ਜਿਹੜੇ ਵੈਸ਼ ਸੀਗੇ ਇਨ੍ਹਾਂ ਵਾਸਤੇ ਕੋਈ ਪਾਬੰਦੀ ਨਹੀਂ, ਸ਼ੂਦਰ ਦੇ ਸਿਰ 'ਤੇ ਕੇਸ ਨਹੀਂ ਸੀ ਹੋਇਆ ਕਰਦੇ, ਉਹਨੂੰ ਹੱਕ ਨਹੀਂ ਸੀ ਕਿ ਇਹ ਕੇਸ ਰੱਖੇ। ਗੁਲਾਮ ਹੁੰਦਾ, ਗੁਲਾਮ ਕੇਸ ਦਾੜ੍ਹੀ ਨਹੀਂ ਸੀ ਰੱਖ ਸਕਦਾ। ਸੋ ਇਹ ਸਾਰੇ ਕੇਸਾਧਾਰੀ, ਦਾੜ੍ਹੀਆਂ ਵਾਲੇ ਤਿਲਕ ਲੱਗੇ ਹੋਏ, ਮਹਾਰਾਜ ਜੀ ਨੇ ਦੇਖਿਆ ਕਿ ਇਹ ਰੋ ਕਿਉਂ ਰਹੇ ਨੇ, ਉਚੀ-ਉਚੀ ਰੋ ਰਹੇ ਨੇ? ਗੁਰੂ ਮਹਾਰਾਜ ਬੜੀ ਡੂੰਘੀ ਸੋਚ ਵਿਚ ਪਏ ਹੋਏ ਕਿਸੇ ਐਸੇ ਦੇਸ਼ ਵਿਚ ਪੁੱਜੇ ਹੋਏ ਨੇ ਕਿ ਆਪ ਇਕ ਟਕ ਇਨ੍ਹਾਂ ਦੀਆਂ ਬਾਤਾਂ ਸੁਣ ਰਹੇ ਨੇ, ਇਨ੍ਹਾਂ ਫਰਿਆਦੀਆਂ ਦੀਆਂ ਅੱਖਾਂ ਵਿਚੋਂ ਜਲ ਆ ਰਿਹਾ ਹੈ। ਵਾਤਾਵਰਣ ਦੇਖਿਆ, ਗੁਰੂ ਮਹਾਰਾਜ ਗੁਰੂ ਦਸ਼ਮੇਸ਼ ਪਿਤਾ ਬਾਲ ਰੂਪ ਵਿਚ ਸਨ, ਉਸ ਵੇਲੇ ਆਪ ਗੁਰੂ ਮਹਾਰਾਜ ਕੋਲ ਆਏ ਬਾਲ ਰੂਪ ਦੇ ਅੰਦਰ, ਪਿਛੇ ਦੀ ਗਰਦਨ 'ਚ ਬਾਹਾਂ ਪਾ ਕੇ ਇਕ ਘੁੰਮ ਕੇ ਗੋਦੀ 'ਚ ਬੈਠ ਗਏ। ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਨੇਤਰ ਖੋਲ੍ਹੇ, ਉਸ ਵੇਲੇ ਇਕ ਦਮ ਸਵਾਲ ਕਰਿਆ ਕਿ ਪਿਤਾ ਗੁਰੂ ਜੀ! ਕਿਉਂ ਰੋ ਰਹੇ ਨੇ ਇਹ ਲੋਕ? ਇਨ੍ਹਾਂ ਨੂੰ ਕੀ ਤਕਲੀਫ ਹੋ ਗਈ? ਇਨ੍ਹਾਂ ਨੂੰ ਐਸ ਵੇਲੇ ਕਿਹੜੇ ਸੰਕਟ ਦਾ ਦੁੱਖ ਹੈ ਤੇ ਤੁਹਾਡੀ ਸ਼ਰਨ ਵਿਚ ਆਏ ਨੇ, ਇਹ ਦਰ ਗੁਰੂ ਨਾਨਕ ਦਾ ਹੈ ਜਿਥੋਂ ਕੋਈ ਖਾਲੀ ਨਹੀਂ ਜਾਂਦਾ, ਖਾਲੀ ਆਉਂਦਾ ਹੈ ਤੇ ਝੋਲੀਆਂ ਭਰ ਕੇ ਜਾਂਦਾ ਹੈ। ਰੋਂਦਾ ਹੋਇਆ ਹੱਸ ਕੇ ਜਾਂਦਾ ਹੈ। ਕੀ ਮਨੋਰਥ ਹੈ ਇਨ੍ਹਾਂ ਦਾ?

ਗੁਰੂ ਮਹਾਰਾਜ ਕਹਿਣ ਲੱਗੇ, ਲਾਲ ਜੀ! ਦੇਸ਼ ਦੇ ਉਤੇ ਬਹੁਤ ਵੱਡਾ ਸੰਕਟ ਆਇਆ ਹੋਇਆ ਹੈ, ਇਹ ਤਿਲਕ ਤੇ ਜੰਞੂ ਵਿਚ ਵਿਸ਼ਵਾਸ਼ ਰੱਖਣ ਵਾਲੇ ਬ੍ਰਾਹਮਣ ਨੇ, ਇਨ੍ਹਾਂ ਦਾ ਧਰਮ ਸੁਰਖਸ਼ਿਤ ਨਹੀਂ ਹੈ ਇਸ ਵੇਲੇ। ਜ਼ੋਰ ਦੇ ਨਾਲ ਇਨ੍ਹਾਂ ਦੇ ਧਰਮ ਦੀ ਤਬਦੀਲੀ ਕੀਤੀ ਜਾ ਰਹੀ ਹੈ, ਇਸਲਾਮ 'ਚ ਲਿਆ ਰਹੇ ਨੇ। ਕਹਿਣ ਲੱਗੇ, ਫੇਰ? ਆਪ ਨੇ ਵੀ ਤਾਂ ਕੁਛ ਸੋਚਿਆ ਹੋਣਾ ਹੈ? ਕਹਿੰਦੇ ਹਾਂ, ਅਸੀਂ ਸੋਚਿਆ ਹੈ ਇਨ੍ਹਾਂ ਦੀ ਰਾਖੀ ਬਾਰੇ।

***ਧਾਰਨਾ -ਤਿਲਕ ਜੰਞੂ ਦੀ ਰਾਖੀ ਨਹੀਂਓਂ ਹੋਣੀ,***
***ਬਿਨਾਂ ਸੀਸ ਦਿਤੇ ਲਾਲ ਜੀ।***

ਕੋਈ ਮਹਾਂਪਵਿੱਤਰ, ਮਹਾਂਪੁਰਸ਼ ਆਪਣੇ ਖ਼ੂਨ ਦਾ, ਆਪਣੇ ਸੀਸ ਦਾ ਬਲੀਦਾਨ ਦੇਵੇ ਤਾਂ ਇਹ ਠੱਲ੍ਹ ਪੈ ਸਕਦੀ ਹੈ।

***ਨੌਂਵੇਂ ਸਤਿਗੁਰ ਆਖਿਆ ਮੇਰੇ ਸੁਤ ਸੁਜਾਨ***
***ਠੱਲ੍ਹ ਸਕਦਾ ਹੈ ਦੇਸ਼ ਵਿਚ***
***ਜ਼ੁਲਮਾਂ ਦਾ ਤੁਫਾਨ***

***ਜੇ ਕੋਈ ਅਣਖੀ ਸੂਰਮਾ ਜੋਧਾ ਕੋਈ ਮਹਾਨ***
***ਡੱਟ ਖੜੋਵੇ ਸਾਮ੍ਹਣੇ ਆਪਣੀ ਛਾਤੀ ਤਾਣ***
***ਕੋਈ ਪਵਿੱਤਰ ਆਤਮਾ ਨਿਰਭੈ ਤੇ ਬਲਵਾਨ***
***ਤਿਆਗੇ ਮੋਹ ਸਰੀਰ ਦਾ ਕਰਕੇ ਸਸਤੀ ਜਾਨ***
***ਅਗਨੀ ਦੇ ਇਸ ਕੁੰਡ ਵਿਚ ਦੇ ਆਪਣਾ***
***ਬਲੀਦਾਨ***

ਕੋਈ ਸੂਰਮਾ, ਕੋਈ ਮਹਾਂ ਪਵਿੱਤਰ ਹਸਤੀ ਆਪਣਾ ਬਲੀਦਾਨ ਦੇਵੇ ਏਸ ਕੁੰਡ ਦੇ ਵਿਚ, ਜ਼ੁਲਮ ਦੀ ਕੁੰਡ ਨੂੰ ਠੰਢੀ ਕਰਨ ਵਾਸਤੇ, ਬੇਟਾ! ਤਾਂ ਇਨ੍ਹਾਂ ਦਾ ਇਲਾਜ ਹੋ ਸਕਦਾ ਹੈ।

***ਲੇਖੇ ਧਰਮ ਅਸੂਲ ਦੇ ਅਰਪਣ ਕਰੇ ਪਰਾਨ***

ਤਾਂ ਉਸ ਵੇਲੇ ਆਪ ਕਹਿਣ ਲੱਗੇ ਪਿਤਾ ਜੀ! ਤਕਲੀਫ ਕੀ ਹੈ? ਇਹ ਲੋਕ ਕਿਉਂ ਨਹੀਂ ਉਠਦੇ? ਕਹਿਣ ਲੱਗੇ, ਲਾਲ ਜੀ! ਇਹ ਨਿਮਾਣੇ ਨਿਤਾਣੇ ਹੋ ਚੁੱਕੇ ਨੇ, ਅੰਦਰੋਂ ਇਨ੍ਹਾਂ ਦੇ ਜੋ ਮਰਦਊਪੁਣਾ ਸੀ, ਉਹ ਜਾ ਚੁੱਕਿਆ ਹੈ, ਇਹ ਜ਼ੁਲਮਾਂ ਦੇ ਸਾਮ੍ਹਣੇ ਡੱਟ ਕੇ ਖੜ੍ਹੇ ਨਹੀਂ ਹੋ ਸਕਦੇ ਤੇ ਕੋਈ ਪੂਰਨ ਪੁਰਸ਼ ਹੋਵੇ ਉਹ ਰੱਖਿਆ ਕਰ ਸਕਦਾ ਹੈ। ਆਪ ਨੇ ਉਸ ਵੇਲੇ ਕਿਹਾ ਕਿ ਪਿਤਾ ਜੀ! ਤੁਹਾਡੇ ਨਾਲੋਂ ਤਾਂ ਕੋਈ ਵੱਡਾ ਸੰਸਾਰ ਦੇ ਵਿਚ ਹੈ ਨਹੀਂ।

*ਸਭ ਤੇ ਵਡਾ ਸਤਿਗੁਰੁ ਨਾਨਕੁ*
*ਜਿਨਿ ਕਲ ਰਾਖੀ ਮੇਰੀ ॥ ਅੰਗ - ੭੫੦*

ਕੋਈ ਦੇਵੀ ਦੇਵਤਾ, ਕੋਈ ਪੀਰ ਫਕੀਰ, ਕੋਈ ਵੀ ਹੈ ਨਹੀਂ ਐਸਾ ਏਸ ਵੇਲੇ, ਜੋ ਤੁਹਾਡੇ ਤੋਂ ਉਪਰ ਹੋਵੇ, ਤੁਹਾਡਾ ਖ਼ੂਨ ਮਹਾਂਪਵਿੱਤਰ ਹੈ, ਜੇ ਤੁਹਾਡੇ ਖ਼ੂਨ ਦੇਣ ਦੇ ਨਾਲ ਜ਼ੁਲਮ ਨੂੰ ਠੱਲ੍ਹ ਪੈ ਜਾਵੇ, ਪਿਤਾ ਜੀ! ਫੇਰ ਤੁਸੀਂ ਜਾ ਕੇ ਕੁਰਬਾਨੀ ਦੇ ਦਿਓ ਨਾ। ਐਨੇ ਸੁਣਦੇ ਸਾਰ ਮਹਾਰਾਜ ਜੀ ਨੇ ਬੜੇ ਹੀ ਗੰਭੀਰ ਹੋ ਕੇ ਚਿਹਰੇ ਵਲ ਦੇਖਣਾ ਸ਼ੁਰੂ ਕਰ ਦਿਤਾ, ਕਹਿਣ ਲੱਗੇ ਲਾਲ ਜੀ! ਸਮਾਂ ਬੜਾ ਭਿਆਨਕ ਹੈ, ਗੁਰੂ ਨਾਨਕ ਦੀ ਗੱਦੀ 'ਤੇ ਬਾਰ-ਬਾਰ ਹਮਲੇ ਹੋ ਰਹੇ ਨੇ, ਸਾਡੇ ਦਾਦਾ ਜੀ ਨੂੰ ਤੱਤੀਆਂ ਤਵੀਆਂ ਦੇ ਉਤੇ, ਉਬਲਦੇ ਪਾਣੀ 'ਚ ਉਬਾਲ ਦਿਤਾ, ਬਹੁਤ ਤਸੀਹੇ ਦਿਤੇ, ਉਨ੍ਹਾਂ ਨੇ ਆਪਣਾ ਬਲੀਦਾਨ ਦੇ ਕੇ ਸ਼ਹੀਦੀ ਦਾ ਸਭ ਤੋਂ ਉਚਾ ਦਰਜਾ ਪ੍ਰਾਪਤ ਕੀਤਾ ਤੇ ਉਸ ਤੋਂ ਬਾਅਦ ਗੁਰੂ ਛੇਵੇਂ ਪਾਤਸ਼ਾਹ ਸਾਡੇ ਪਿਤਾ ਜੀ ਨੇ ਸ਼ਸਤਰਾਂ ਦਾ ਆਸਰਾ ਲਿਆ। ਇਨ੍ਹਾਂ ਨਿਮਾਣਿਆਂ-ਨਿਤਾਣਿਆਂ ਦੇ ਅੰਦਰ ਰੂਹ ਭਰੀ ਤੇ ਇਹ ਦਿਖਾ ਦਿਤਾ ਕਿ ਜੇ ਅਣਖੀ ਸੂਰਮੇ ਡਟ ਕੇ ਖੜ੍ਹ ਜਾਣ, ਤਾਂ ਗਿਣਤੀਆਂ ਦੀ ਪਰਵਾਹ ਨਹੀਂ ਹੁੰਦੀ, ਜਿੱਤ ਹਮੇਸ਼ਾ ਸਤਿ ਵਾਲੇ ਦੀ ਹੋਇਆ ਕਰਦੀ ਹੈ। ਚਾਰ ਯੁੱਧ ਹੋਏ, ਚਾਰਾਂ ਦੇ ਵਿਚ ਆਪ ਦੀ ਜਿੱਤ ਪ੍ਰਾਪਤ ਹੋਈ। ਸੱਤਵੇਂ ਗੁਰੂਆਂ ਨੂੰ ਆਪ ਨੇ ਫ਼ੁਰਮਾਨ ਕਰ ਦਿਤਾ ਕਿ ਤੁਹਾਡੇ ਉਤੇ ਕੋਈ ਚੜ੍ਹ ਕੇ ਨਹੀਂ ਆਵੇਗਾ, ਪਰ 2200 ਘੋੜ ਸਵਾਰ ਤੁਸੀਂ ਆਪਣੇ ਨਾਲ ਰੱਖੋ ਤੇ ਅੱਠਵੇਂ ਪਾਤਸ਼ਾਹ ਨੂੰ ਜ਼ਬਰਦਸਤੀ ਔਰੰਗਜ਼ੇਬ ਨੇ ਬੁਲਾ ਕੇ ਗੱਲਾਂ ਕਰਨੀਆਂ ਸੀ, ਆਪ ਨੇ ਪ੍ਰਣ ਕਰ ਲਿਆ ਕਿ ਮੈਂ ਉਸ ਦੇ ਮੱਥੇ ਨਹੀਂ ਲੱਗਣਾ, ਉਸ ਤੋਂ ਪਹਿਲਾਂ ਕਿ ਉਹ ਆਵੇ, ਇਕ ਵਾਰੀ ਮੋੜ ਦਿਤਾ ਕਿ ਮੇਰੇ ਕੋਲ ਨਹੀਂ ਇਹ ਆ ਸਕਦਾ, ਹਾਲਾਂਕਿ ਅੱਠ ਸਾਲ ਦੀ ਉਮਰ ਸੀ। ਜਦ ਉਹਨੇ ਜਿੱਦ ਕਰੀ ਕਿ ਜਾਵਾਂਗਾ, ਉਸ ਤੋਂ ਪਹਿਲਾਂ ਆਪ ਨੇ ਸਰੀਰ ਤਿਆਗ ਦਿਤਾ। ਕਹਿੰਦੇ, ਬੇਟਾ! ਐਸ ਤਰ੍ਹਾਂ ਦੇ ਨਾਲ ਗੁਰੂ ਨਾਨਕ ਦੀ ਗੱਦੀ, ਜਿਸ ਨੇ ਇਨ੍ਹਾਂ ਮੁਗਲਾਂ ਨੂੰ ਬਾਦਸ਼ਾਹੀ ਦੀ ਦਾਤ ਬਖਸ਼ੀ, ਹੁਣ ਉਹ ਸਮਾਂ ਆ ਗਿਆ ਕਿ ਐਸੇ ਜ਼ਾਲਮ ਰਾਜ ਨੂੰ ਗਿਰਾ ਦਿਤਾ ਜਾਵੇ। ਗੁਰੂ ਨਾਨਕ ਦਾ ਬਚਨ ਨਾਲ ਇਹ ਸੀ ਕਿ ਜੇ ਤੁਸੀਂ ਅਨਿਆਈ ਹੋਏ ਤਾਂ ਅਸੀਂ ਸੀਸ ਦੇ ਕੇ ਤੁਹਾਡੇ ਤੋਂ ਰਾਜ ਖੋ ਲਵਾਂਗੇ ਤੇ ਹੋਰ ਕਿਸੇ ਨੂੰ ਦੇ ਦੇਵਾਂਗੇ। ਸੋ ਇਹ ਅਨਿਆਈ ਹੋ ਗਏ। ਸੋ ਐਸ ਵੇਲੇ ਮੇਰਾ ਸੀਸ ਦੇਣਾ ਬਣਦਾ ਹੈ।

ਉਸ ਵੇਲੇ ਆਪ ਨੇ ਕਿਹਾ ਕਿ ਤੁਸੀਂ ਮੇਰਾ ਫਿਕਰ ਨਾ ਕਰੋ, ਕਿਉਂਕਿ ਮੇਰਾ ਰਾਖਾ ਅਕਾਲ ਪੁਰਖ ਆਪ ਹੈ-

***ਅਕਾਲ ਪੁਰਖ ਕੀ ਰੱਛਾ ਹਮਨੈ***
***ਸਰਬ ਲੋਹ ਦੀ ਰੱਛਿਆ ਹਮਨੈ।***
***ਸਰਬ ਲੋਹ ਜੀ ਸਦਾ ਰਛਿਆ ਹਮਨੈ***

ਮੇਰੇ ਸਿਰ ਦੇ ਉਤੇ ਤਾਂ ਆਪ ਅਕਾਲ ਪੁਰਖ ਹੈ ਤੇ ਮੈਂ ਤਾਂ ਭੇਜਿਆ ਹੀ ਇਸ ਕੰਮ ਦੇ ਵਾਸਤੇ ਗਿਆ ਹਾਂ, ਅਕਾਲ ਪੁਰਖ ਨੇ ਕਿਹਾ ਹੈ ਕਿ -

***ਮੈਂ ਅਪਨਾ ਸੁਤ ਤੁਹਿ ਨਿਵਾਜਾ।***
***ਪੰਥ ਪ੍ਰਚੁਰ ਕਰਬੇ ਕਉ ਸਾਜਾ।***
***ਜਹਾ ਤਹਾ ਤੈ ਧਰਮੁ ਚਲਾਇ।***
***ਕਬੁਧਿ ਕਰਨ ਤੇ ਲੋਕ ਹਟਾਇ।***
***ਅਕਾਲ ਪੁਰਖ ਬਾਚ॥ ਚੌਪਈ॥***

ਗੁਰੂ ਪਿਤਾ ਜੀ, ਮੇਰੀ ਤਾਂ ਡਿਊਟੀ ਆਪ ਪ੍ਰਮੇਸ਼ਰ ਨੇ ਇਸੇ ਗੱਲ ਦੇ ਉਤੇ ਲਾਈ ਹੈ ਕਿ ਜਿਹੜੇ ਕੁਬੁੱਧ ਕਰਨ ਵਾਲੇ ਦੁਸ਼ਟ ਲੋਕ ਨੇ, ਇਨ੍ਹਾਂ ਦੀ ਕੁਬੁੱਧੀ ਦੇ ਵਿਚ ਸਬੁੱਧੀ ਪ੍ਰਦਾਨ ਕੀਤੀ ਜਾਵੇ ਤੇ ਜਿਹੜੇ ਲਾ-ਇਲਾਜ ਕੈਂਸਰ ਦੇ ਮਰੀਜ਼ ਨੇ ਉਨ੍ਹਾਂ ਦਾ ਅੰਗ-ਅੰਗ ਓਪਰੇਸ਼ਨ ਕਰਕੇ ਕੱਟ ਦਿਤਾ ਜਾਵੇ। ਸੋ ਮੈਂ ਉਸ ਵੇਲੇ ਬੇਨਤੀ ਕਰੀ ਕਿ -

*ਠਾਢ ਭਯੋ ਮੈ ਜੋਰਿ ਕਰ,*
*ਬਚਨ ਕਹਾ ਸਿਰ ਨਿਆਇ॥*
*ਪੰਥ ਚਲੈ ਤਬ ਜਗਤ ਮੈ*
*ਜਬ ਤੁਮ ਕਰਹੁ ਸਹਾਇ॥*
*ਕਬਿ ਬਾਚ॥ ਦੋਹਰਾ॥*
*ਮੂਲ ਕਰਹੁੰ ਗੁਰਦੇਵ ਨ ਮਨ ਅੰਦਰ ਸੰਸਾ*
*ਆਪ ਪੁਰਖ ਅਕਾਲ ਨੂੰ ਹੈ ਮੇਰੀ ਚਿੰਤਾ,*
*ਇਕੋ ਉਸ ਦਾ ਆਸਰਾ ਤੇ ਇਕੋ ਪਰਨਾ*
*ਰੱਛਾ ਮੇਰੀ ਕਰੂਗਾ ਓਹ ਸਾਹਿਬ ਸੱਚਾ।*

ਬੇਸ਼ੱਕ ਨਿਸੰਗ ਹੋ ਕੇ ਜਾਓ, ਜਾ ਕੇ ਇਨ੍ਹਾਂ ਦੇ ਦੁਖ ਨੂੰ ਦੂਰ ਕਰੋ।

ਐਸੀਆਂ ਮਿਸਾਲਾਂ ਇਤਿਹਾਸ 'ਚ ਕਿਤੇ ਨਹੀਂ ਮਿਲਦੀਆਂ। ਆਪਣੇ ਵਾਸਤੇ ਸੰਸਾਰ ਲੜਦਾ ਹੈ, ਰਾਜੇ ਰਾਜ ਲੈਣ ਵਾਸਤੇ ਬੜੀ ਬਹਾਦਰੀ ਨਾਲ ਲੜਾਉਂਦੇ ਨੇ, ਮਜ਼ਬੂਰ ਕਰਕੇ ਲੜਾਉਂਦੇ ਨੇ। ਵੱਡੇ-ਵੱਡੇ ਬਹਾਦਰ ਹੋਏ ਨੇ, ਜੂਲੀਅਸ ਸੀਜ਼ਰ ਵਰਗੇ, ਪੋਰਸ ਵਰਗੇ, ਪਰ ਉਨ੍ਹਾਂ ਨੇ ਜਨਰਲ ਲੜਾਈ ਨਹੀਂ ਲੜੀ, ਦੂਸਰਿਆਂ ਵਾਸਤੇ ਨਹੀਂ ਲੜੀ। ਪੋਰਸ ਨੇ ਆਪਣੀ ਰਾਖੀ ਤਾਂ ਕੀਤੀ, ਅੰਭੀ ਦੇ ਉਤੇ ਜਦ ਹਮਲਾ ਕਰਿਆ ਉਸ ਵੇਲੇ ਪੋਰਸ ਵੀ ਦਰਿਆ ਨਹੀਂ ਟੱਪਿਆ, ਇਹ ਨਹੀਂ ਕਿ ਉਥੇ ਹੀ ਜਾ ਕੇ ਅਸੀਂ ਸਿਕੰਦਰ ਨੂੰ ਰੋਕ ਲਈਏ। ਕਿਉਂਕਿ ਅਜੇ ਉਹਦੇ ਉਤੇ ਨਹੀਂ ਸੀ ਆਈ। ਅੰਭੀ ਰਾਜੇ ਉਤੇ, ਟੈਕਸਲਾ ਦੇ ਰਾਜੇ ਉਤੇ ਬਣੀ ਹੋਈ ਸੀ ਭੀੜ ਤੇ ਦੂਸਰਿਆਂ ਦੇ ਵਾਸਤੇ ਤਾਂ ਕੋਈ ਜਾਂਦਾ ਨਹੀਂ।

*ਤਿਲਕ ਜੰਞੂ ਰਾਖਾ ਪ੍ਰਭ ਤਾਕਾ॥*
*ਕੀਨੋ ਬਡੋ ਕਲੂ ਮਹਿ ਸਾਕਾ॥*
*ਸਾਧਨਿ ਹੇਤਿ ਇਤੀ ਜਿਨਿ ਕਰੀ॥*
*ਸੀਸੁ ਦੀਆ ਪਰ ਸੀ ਨ ਉਚਰੀ।।*

ਉਹ ਤਾਂ ਤਿਲਕ ਤੇ ਜੰਞੂ, ਜਿਸ ਜੰਞੂ ਨੂੰ ਸ੍ਰੀ ਗੁਰੂ ਨਾਨਕ ਦੇਵ ਜੀ ਕਹਿੰਦੇ ਨੇ -

*ਦਇਆ ਕਪਾਹ ਸੰਤੋਖੁ ਸੂਤੁ ਜਤੁ ਗੰਢੀ ਸਤੁ ਵਟੁ ॥*
*ਏਹੁ ਜਨੇਊ ਜੀਅ ਕਾ ਹਈ ਤ ਪਾਡੇ ਘਤੁ ॥*

*ਅੰਗ - ੪੭੧*

ਉਸ ਵੇਲੇ ਨਕਾਰ ਦਿਤਾ ਜੰਞੂ ਧਾਗੇ ਨੂੰ। ਲੇਕਿਨ ਅੱਜ ਓਹੀ ਗੁਰੂ ਨਾਨਕ ਨੌਵੇਂ ਰੂਪ ਵਿਚ ਡੱਟ ਕੇ ਖੜ੍ਹ ਗਿਆ ਕਿ ਕਿਸੇ ਦਾ ਹੱਕ ਨਹੀਂ ਹੈ, ਦੂਸਰੇ ਦੇ ਧਰਮ ਦੇ ਵਿਚ ਦਖਲ ਦੇਣਾ ਤੇ ਉਹਦੀ ਰਹੁ-ਰੀਤ, ਮਰਿਆਦਾ ਨੂੰ ਭੰਗ ਕਰਨਾ। ਤਿਲਕ ਤੇ ਜੰਞੂ ਦੇ ਉਤੇ ਹਮਲਾ ਹੋਇਆ ਹੈ ਤੇ ਉਹਦੀ ਰਾਖੀ ਆਪ ਕਰਦੇ ਨੇ।

ਉਸ ਵੇਲੇ ਕਹਿਣ ਲੱਗੇ ਕਿ ਤੁਸੀਂ ਇਸ ਤਰ੍ਹਾਂ ਕਰੋ, ਜਾਓ ਇਕ ਗੱਲ ਕਹਿ ਦਿਓ, ਸਾਰੇ ਅਰਜ਼ਦਾਸਤ ਲਿਖੋ, ਲਾਹੌਰ ਦੇ ਸੂਬੇਦਾਰ ਨੂੰ ਦਿਓ, ਕਸ਼ਮੀਰ ਦੇ ਸੂਬੇਦਾਰ ਨੂੰ ਦੇ ਦਿਓ, ਸਰਹੰਦ ਦੇ ਸੂਬੇਦਾਰ ਨੂੰ ਦੇ ਦਿਓ, ਜਲੰਧਰ ਦੇ ਨੂੰ ਦੇ ਦਿਓ, ਸਾਰਿਆਂ ਨੂੰ ਦੇ ਦਿਓ, ਦਿੱਲੀ ਜਾ ਕੇ ਦੇ ਦਿਓ। ਇਕੱਠੇ ਹੋ ਕੇ ਜੱਥਾ ਲੈ ਕੇ ਜਾਓ ਇਵੇਂ ਜਿਵੇਂ। ਉਨ੍ਹਾਂ ਨੂੰ ਇਹ ਕਹੋ ਕਿ ਗੁਰੂ ਤੇਗ ਬਹਾਦਰ ਸਾਹਿਬ ਹਿੰਦ ਦੇ ਪੀਰ ਨੇ, ਹਿੰਦੂਆਂ ਦੇ ਗੁਰੂ ਤੇ ਮੁਸਲਮਾਨਾਂ ਦੇ ਪੀਰ ਨੇ। ਅਸੀਂ ਉਨ੍ਹਾਂ ਦਾ ਹੁਕਮ ਮੰਨਦੇ ਹਾਂ, ਜੇ ਉਹ ਸਾਨੂੰ ਕਹਿ ਦੇਣ ਅਸੀਂ ਉਸੇ ਵੇਲੇ ਇਸਲਾਮ ਧਾਰਨ ਕਰ ਲਵਾਂਗੇ। ਇਸ ਕਰਕੇ ਆਪਣੀ ਰਿਆਇਆ ਨੂੰ ਵੱਢੋ ਨਾ, ਮੁਕਾਓ ਨਾ, ਰਿਆਇਆ ਮਾਰ ਦਿਤੀ ਤਾਂ ਫੇਰ ਰਾਜ ਤੁਸੀਂ ਕਾਹਦੇ ਉਤੇ ਕਰੋਂਗੇ? ਰਿਆਇਆ ਨੂੰ ਨਾ ਮਾਰੋ, ਰਾਜ ਰਿਆਇਆ 'ਤੇ ਹੁੰਦਾ ਹੈ, ਸੁੰਨੇ ਥਾਂ 'ਤੇ ਰਾਜ ਨਹੀਂ ਹੋਇਆ ਕਰਦਾ।

ਸੋ ਬੜੀ ਵੱਡੀ ਅਰਜ਼ਦਾਸ਼ਤ ਲਿਖ ਦਿਤੀ ਗਈ, 16 ਮੁਖੀਏ ਆਏ ਹੋਏ ਸੀ ਤੇ ਉਨ੍ਹਾਂ ਦੀਆਂ ਡਿਊਟੀਆਂ ਲੱਗ ਗਈਆਂ ਕਿ ਤੂੰ ਫਲਾਣੇ ਨੂੰ ਦੇਣਾ ਹੈ, ਤੂੰ ਫਲਾਣੇ ਨੂੰ। ਅਖੀਰ ਜਦੋਂ ਦਿੱਲੀ ਦੇ ਵਿਚ ਪਹੁੰਚਦੀ ਹੈ, ਵਿਚਾਰ ਹੋਈ, ਕਹਿਣ ਲੱਗੇ, ਇਹ ਤਾਂ ਕੰਮ ਹੋ ਗਿਆ, ਅੱਲਾਹ ਤਾਲਾ ਨੇ ਆਪੇ ਹੀ ਕਰ ਦਿਤਾ। ਹੁਣ ਕਿਹੜਾ ਔਖਾ ਹੈ, ਜਦੋਂ ਇਕ ਦਾ ਹੀ ਫੈਸਲਾ ਹੋ ਗਿਆ, ਗੁਰੂ ਤੇਗ ਬਹਾਦਰ (ਜੀ) ਨੂੰ ਜੇ ਅਸੀਂ ਮੁਸਲਮਾਨ ਬਣਾ ਲਿਆ, ਇਸਲਾਮ ਦੇ ਵਿਚ ਆ ਗਏ ਤਾਂ ਫੇਰ ਇਹ ਤਲਵਾਰਾਂ ਚੁੱਕ ਕੇ ਖੂਨ ਬਹਾਉਣ ਦੀ ਲੋੜ ਹੀ ਕੋਈ ਨਹੀਂ ਹੈ। ਸੋ ਏਸ ਗੱਲ ਨੂੰ ਵਿਚਾਰ ਕੇ ਕਹਿਣ ਲੱਗੇ, ਫੇਰ ਤੁਸੀਂ ਸਾਰੇ ਬਣ ਜਾਓਂਗੇ? ਕਹਿੰਦੇ, ਹਾਂ ਅਸੀਂ ਇਸਲਾਮ 'ਚ ਆ ਜਾਵਾਂਗੇ, ਜੇ ਉਹ ਆ ਗਏ। ਉਸ ਵੇਲੇ ਗ੍ਰਿਫਤਾਰੀ ਦਾ ਹੁਕਮ ਹੋ ਗਿਆ ਕਿ ਗੁਰੂ ਤੇਗ ਬਹਾਦਰ ਸਾਹਿਬ ਨੂੰ ਗ੍ਰਿਫਤਾਰ ਕਰੋ।

ਆਪ ਦੇ ਪਾਸ ਆਫੀਸਰ ਆਉਂਦਾ ਹੈ, ਮਹਾਰਾਜ ਕਹਿਣ ਲੱਗੇ ਕਿ ਅਸੀਂ ਆਪ ਹੀ ਆ ਰਹੇ ਹਾਂ, ਤੁਸੀਂ ਫਿਕਰ ਨਾ ਕਰੋ, ਜਲਦੀ ਤੋਂ ਜਲਦੀ ਅਸੀਂ ਉਥੇ ਪਹੁੰਚ ਜਾਵਾਂਗੇ। ਜਦ ਸੰਗਤ ਨੂੰ ਪਤਾ ਲੱਗਿਆ, ਉਸ ਵੇਲੇ ਬਹੁਤ ਬਿਰਹਾ ਜਾਗ ਪਿਆ ਕਿ ਹੈਂ ਮਹਾਰਾਜ ਆਪਣੇ ਆਪ ਹੀ ਜਾ ਰਹੇ ਨੇ? ਇਹ ਤਾਂ ਅੱਗ ਠੰਢੀ ਹੋਣ ਵਾਲੀ ਨਹੀਂ ਹੈ ਤੇ ਇਹ ਉਥੇ ਜਾ ਰਹੇ ਨੇ? ਪਹਿਲਾਂ ਗੁਰੂ ਪੰਜਵੇਂ ਪਾਤਸ਼ਾਹ ਆਪ ਗਏ ਤੇ ਵਾਪਸ ਨਾ ਮੁੜੇ। ਹੁਣ ਇਹ ਜਾ ਰਹੇ ਨੇ। ਉਸ ਵੇਲੇ ਬੜੀਆਂ ਮਿੰਨਤਾਂ ਕਰਦੇ ਨੇ ਕਿ ਮਹਾਰਾਜ! ਏਸ ਕਲੇਸ਼ ਵਿਚ ਆਪ ਨਾ

ਪਵੋ। ਜੋ ਹੁੰਦਾ ਹੈ ਹੋਣ ਦਿਓ। ਆਪਾਂ ਮੰਦਰਾਂ ਨੂੰ ਮੰਨਦੇ ਨਹੀਂ ਹਾਂ, ਕਿਸੇ ਮੂਰਤੀ ਨੂੰ ਅਸੀਂ ਨਮਸ਼ਕਾਰ ਨਹੀਂ ਕਰਦੇ, ਜੰਞੂ ਅਸੀਂ ਨਹੀਂ ਪਾਉਂਦੇ, ਤਿਲਕ ਅਸੀਂ ਨਹੀਂ ਲਾਉਂਦੇ ਪਾਤਸ਼ਾਹ! ਏਸ ਝਗੜੇ ਦੇ ਵਿਚ ਸਾਨੂੰ ਪੈਣ ਦੀ ਲੋੜ ਨਹੀਂ। ਓਸ ਵੇਲੇ ਮਹਾਰਾਜ ਕਹਿਣ ਲੱਗੇ, ਨਹੀਂ ਪਿਆਰਿਓ! ਮਜ਼ਲੂਮਾਂ ਦੀ ਬਾਂਹ ਅਸੀਂ ਫੜ ਲਈ ਹੈ, ਹੁਣ ਅਸੀਂ ਬਾਂਹ ਫੜੇ ਦੀ ਲਾਜ ਰੱਖਣੀ ਹੈ –

***ਧਾਰਨਾ – ਬਾਂਹ ਜਿਨ੍ਹਾਂ ਦੀ ਪਕੜੀਏ,***
***ਸਿਰ ਦੀਜੈ ਬਾਂਹ ਨ ਛੋੜੀਏ।***

ਕਹਿਣ ਲੱਗੇ, ਪਿਆਰਿਓ! ਸਾਨੂੰ ਇਸਲਾਮ ਵਾਲੇ ਵੀ ਓਨੇ ਹੀ ਪਿਆਰੇ ਨੇ, ਕਿਉਂਕਿ ਜਦੋਂ ਗੁਰੂ ਨਾਨਕ ਪਾਤਸ਼ਾਹ ਨੇ ਸਰੀਰ ਛੱਡਿਆ ਸੀ, ਓਸ ਵੇਲੇ ਹਿੰਦੂ ਕਹਿੰਦੇ ਸੀ ਕਿ ਸਾਡਾ ਗੁਰੂ ਹੈ, ਇਸਲਾਮ ਵਾਲੇ ਕਹਿੰਦੇ ਸੀ ਕਿ ਸਾਡਾ ਮੁਰਸ਼ਦ ਹੈ। ਗੁਰੂ ਨਾਨਕ ਇਕ ਨਿਗ੍ਹਾ ਦੇ ਨਾਲ ਸਾਰਿਆਂ ਨੂੰ ਦੇਖਦੇ ਸੀ, ਉਨ੍ਹਾਂ ਨੂੰ ਦੋਵੇਂ ਕੌਮਾਂ ਪਿਆਰ ਕਰਦੀਆਂ ਸੀ। ਐਸ ਵੇਲੇ ਇਸਲਾਮ ਵਾਲਿਆਂ ਦੇ ਉਤੇ ਕੋਈ ਬਿਪਤਾ ਨਹੀਂ, ਜੇ ਆਈ ਹੁੰਦੀ ਅਸੀਂ ਉਨ੍ਹਾਂ ਦੀ ਵੀ ਸਹਾਇਤਾ ਕਰਦੇ। ਇਹ ਨਹੀਂ ਕਿ ਅਸੀਂ ਹਿੰਦੂਆਂ ਦੀ ਮਦਦ ਕਰਨੀ ਸੀ, ਅਸੀਂ ਇਸਲਾਮ ਵਾਲਿਆਂ ਦੀ ਵੀ ਮਦਦ ਕਰਨੀ ਸੀ। ਪਰ ਰਾਜ ਹੋਣ ਕਰਕੇ ਉਨ੍ਹਾਂ ਨੂੰ ਸਹੂਲਤਾਂ ਮਿਲੀਆਂ ਹੋਈਆਂ ਨੇ, ਰਿਆਇਤਾਂ ਮਿਲੀਆਂ ਹੋਈਆਂ ਨੇ, ਨੌਕਰੀਆਂ ਉਨ੍ਹਾਂ ਨੂੰ ਮਿਲਦੀਆਂ ਨੇ, ਵਣਜ ਵਪਾਰ ਵਿਚ ਉਹ ਵਧਦੇ ਨੇ। ਹੋਰ ਸਾਰੇ ਸੁਰਖਸ਼ਾ ਦੇ ਸਾਧਨ ਉਨ੍ਹਾਂ ਨੂੰ ਮਿਲੇ ਹੋਏ ਨੇ। ਐਸ ਵੇਲੇ ਦੂਜਾ ਵਰਗ ਜੋ ਹਿੰਦੂ ਹੈ, ਉਹ ਬਹੁਤ ਵੱਡੀ ਬਿਪਤਾ ਵਿਚ ਹੈ ਤੇ ਉਹ ਬਚ ਨਹੀਂ ਸਕਦੇ। ਅਸੀਂ ਸੀਸ ਦੇਣ ਦਾ ਇਰਾਦਾ ਕਰਿਆ ਹੈ, ਸੋ ਅਸੀਂ ਹੁਣ ਬਾਂਹ ਨਹੀਂ ਛੱਡ ਸਕਦੇ। ਸੋ ਇਸ ਤਰ੍ਹਾਂ ਦੇ ਨਾਲ ਆਪ ਨੇ–

***ਬਾਲ ਗੁਰੂ ਤਪ ਕਹਿਓ ਅਲਾਇ***
***ਪਿਤਾ ਗੁਰੂ ਤਉ ਕਰਹੁੰ ਸਹਾਇ।***

ਓਸ ਵੇਲੇ ਵੀ ਗੁਰੂ ਦਸਵੇਂ ਪਾਤਸ਼ਾਹ ਨੇ ਕਿਹਾ ਕਿ ਪਿਤਾ ਗੁਰੂ ਜੀ! ਤੁਸੀਂ ਉਨ੍ਹਾਂ ਦੀ ਜ਼ਰੂਰ ਸਹਾਇਤਾ ਕਰੋ। ਗੁਰੂ ਮਹਾਰਾਜ ਜੀ ਕੁਛ ਸਿੱਖਾਂ ਨੂੰ ਨਾਲ ਲੈ ਕੇ ਸੰਗਤ ਤੋਂ ਤੁਰਦੇ ਨੇ, ਬਾਹਰ ਦੂਰ ਆ ਕੇ ਆਪ ਨੇ ਹੁਕਮ ਕਰਿਆ ਕਿ ਏਸ ਤੋਂ ਅੱਗੇ ਨਹੀਂ ਜਾਣਾ ਕਿਸੇ ਨੇ। ਐਥੋਂ ਅੱਗੇ ਨਾ ਜਾਓ, ਸਾਰੇ ਮੁੜ ਜਾਓ। ਓਸ ਵੇਲੇ ਦਾ ਭਾਵ ਜੋ ਸੰਗਤਾਂ ਦੇ ਮਨਾਂ ਵਿਚ ਸੀ ਉਹ ਇਸ ਤਰ੍ਹਾਂ ਦਾ ਸੀ –

***ਧਾਰਨਾ – ਕਦੇ ਹੋਣਗੇ ਸੰਜੋਗਾਂ ਨਾਲ ਮੇਲੇ,***
***ਨਦੀਆਂ ਦੇ ਵਹਿਣ ਵਿਛੜੇ।***

*ਨਦੀਆ ਵਾਹ ਵਿਛੁੰਨਿਆ ਮੇਲਾ ਸੰਜੋਗੀ ਰਾਮ ॥*
*ਜੁਗੁ ਜੁਗੁ ਮੀਠਾ ਵਿਸੁ ਭਰੇ ਕੋ ਜਾਣੈ ਜੋਗੀ ਰਾਮ॥*
*ਅੰਗ – ੪੩੯*

ਵੈਰਾਗ ਪੂਰਕ ਨੇਤਰਾਂ ਦੇ ਵਿਚੋਂ ਜਲ ਜਾ ਰਿਹਾ ਹੈ ਕਿ ਗੁਰੂ ਮਹਾਰਾਜ ਕੋਲੋਂ ਹੀ ਜਾ ਰਹੇ ਨੇ, ਫੇਰ ਤਾਂ ਮੇਲਾ ਪਤਾ ਨਹੀਂ ਸੰਜੋਗ ਬਣਨ ਤਾਂ ਹੋਵੇ, ਨਹੀਂ ਤਾਂ ਨਾ ਵੀ ਹੋਵੇ। ਜ਼ਾਲਮ ਬਾਦਸ਼ਾਹ ਹੈ। ਉਸ ਵੇਲੇ ਗੁਰੂ ਮਹਾਰਾਜ ਨੇ ਸਭ ਨੂੰ ਰੋਕ ਕਰਕੇ, ਕੁਝ ਸਿੱਖ ਆਪਣੇ ਨਾਲ ਲਏ, ਭਾਈ ਮਤੀ ਦਾਸ, ਭਾਈ ਸਤੀ ਦਾਸ, ਭਾਈ ਦਿਆਲਾ, ਭਾਈ ਗੁਰਦਿਤਾ ਜੀ, ਭਾਈ ਊਧਾ ਰਾਠੌਰ ਤੇ ਭਾਈ ਜੈਤਾ ਜੀ। ਬਾਕੀ ਸਭ ਨੂੰ ਮੋੜ ਦਿਤਾ ਤੇ ਆਪ ਚਲਦੇ ਹੋਏ ਰੋਪੜ ਤੋਂ ਹੁੰਦੇ ਹੋਏ, ਪਿੰਡਾਂ ਵਿਚੀਂ ਜਿਸ ਜਿਸ ਰਸਤੇ ਤੋਂ ਗੁਰੂ ਮਹਾਰਾਜ ਜੀ ਲੰਘੇ, ਉਸ ਰਾਹ 'ਤੇ ਗੁਰਦੁਆਰੇ ਬਣ ਗਏ। ਬਹਾਦਰਗੜ੍ਹ ਕਿਲ੍ਹੇ 'ਚ ਗੁਰਦੁਆਰਾ ਬਣ ਗਿਆ। ਆਪ ਸਭ ਤੋਂ ਪਹਿਲਾਂ ਸੈਫ ਅਲੀ ਕੋਲ ਗਏ, ਬਹਾਦਰਗੜ੍ਹ, ਬੜਾ ਰੱਬ ਪ੍ਰਸਤ ਬੰਦਾ ਸੀ, ਮਹਾਰਾਜ ਜੀ ਨਾਲ ਉਹਦਾ ਹੱਦ ਤੋਂ ਜ਼ਿਆਦਾ ਪਿਆਰ ਸੀ, ਸੈਫਦੀਨ ਨੇ ਗੁਰੂ ਮਹਾਰਾਜ ਨੂੰ ਜਾਣ ਨਾ ਦਿਤਾ ਕਿ ਤੁਸੀਂ ਜਾਓ ਨਾ। ਮੈਂ ਗੱਲਬਾਤ ਕਰਦਾਂ, ਬੰਦੇ ਭੇਜਦਾ ਰਿਹਾ ਕਿ ਇਹ ਗੱਲ ਨਾ ਕਰੋ। ਤਿੰਨ ਮਹੀਨੇ ਮਹਾਰਾਜ ਨੇ ਉਥੇ ਲਾਏ। ਉਨ੍ਹਾਂ ਨੇ ਫੌਜ ਭੇਜ ਦਿਤੀ ਕਿ ਜਾਓ ਓਥੋਂ ਹੀ ਗ੍ਰਿਫਤਾਰ ਕਰ ਲਓ। ਉਸ ਵੇਲੇ ਨੂੰ ਹੀ ਅਨੁਭਵ ਕਰਕੇ ਕਿ ਇਥੇ ਆਉਣਗੇ ਤੇ ਮੁਹੰਮਦ ਬਖਸ਼ ਦੇ ਨਾਲ ਜਿਹੜਾ ਰਾਜਪੂਤ ਸੀ ਉਹ ਸਮਾਣੇ ਭੇਜ ਦਿਤਾ ਮਹਾਰਾਜ ਜੀ ਨੇ। ਇਥੇ ਪਤਾ ਲੱਗਿਆ ਕਿ ਸਮਾਣੇ ਹੈ, ਮਹਾਰਾਜ ਜੀ ਅੰਦਰ ਸੀ, ਉਹ ਸੱਯਦ ਕਹਿਣ ਲੱਗਿਆ ਕਿ ਦੇਖੋ, ਮੈਂ ਇਸਲਾਮ ਵਾਲਾ ਹਾਂ, ਮੈਨੂੰ ਗੁਰੂ ਤੇਗ ਬਹਾਦਰ ਦੀ ਰਾਖੀ ਕਰਨ ਦਾ ਕੀ ਫਾਇਦਾ ਹੈ। ਮੈਂ ਰਾਜ ਦਾ ਹਿਤੈਸ਼ੀ ਹਾਂ ਕਿ ਗੁਰੂ ਤੇਗ ਬਹਾਦਰ ਜੀ ਦਾ, ਨਹੀਂ ਉਸ ਨੇ ਗ੍ਰਿਫਤਾਰੀ ਨਹੀਂ ਦੇਣ ਦਿਤੀ। ਉਥੇ ਵੀ ਗੁਰਦੁਆਰਾ ਹੈ, ਉਸ ਤੋਂ ਬਾਅਦ ਬਾਂਗਰ ਵਿਚ ਸਾਰੇ ਗੁਰਦੁਆਰੇ ਨੇ, ਹਰਿਆਣੇ ਵਿਚ ਸਾਰੇ ਗੁਰਦੁਆਰੇ ਨੇ। ਉਥੋਂ ਹੁੰਦੇ ਹੋਏ ਮਹਾਰਾਜ ਆਗਰੇ ਪਹੁੰਚ ਜਾਂਦੇ ਨੇ। ਉਥੇ ਜਾ ਕੇ ਆਪ ਨੇ ਕਲਾ ਵਰਤਾਈ ਤੇ ਅਖੀਰ ਆਪ ਗ੍ਰਿਫਤਾਰ ਹੋਏ ਤੇ ਆਪ ਜੀ ਨੂੰ ਇਕ ਹਵੇਲੀ, ਜਿਹਨੂੰ ਇਹ ਕਹਿੰਦੇ ਸੀ ਕਿ ਇਥੇ ਪ੍ਰੇਤ ਰਹਿੰਦਾ ਹੈ, ਬੜਾ ਭਾਰਾ ਜਿੰਨ ਰਹਿੰਦਾ ਹੈ, ਉਹ ਕਿਸੇ ਨੂੰ ਰਹਿਣ ਨਹੀਂ ਦਿੰਦਾ। ਭੂਤ ਘਰ ਹੈ ਕਿ ਆਪੇ ਹੀ ਮਾਰ ਦਏਗਾ ਰਾਤ ਨੂੰ। ਜਿੰਨੇ ਏਸ ਹਵੇਲੀ 'ਚ ਗਏ ਨੇ ਉਹ ਮਾਰ ਦਿਤੇ। ਉਥੇ ਮਹਾਰਾਜ ਜੀ ਨੂੰ ਕੈਦ ਰੱਖ

ਦਿਤਾ। ਉਸ ਤੋਂ ਬਾਅਦ ਬੜੇ ਉਥੇ ਕੌਤਕ ਹੋਏ।

ਪਤਾ ਲੱਗਿਆ ਆਪ ਨੇ ਇਕ ਦਿਨ ਉਥੇ ਗੰਨੇ ਚੂਪੇ, ਗੰਨੇ ਉਥੇ ਕਿਥੋਂ ਆ ਗਏ, ਐਉਂ ਵੀ ਕਹਿ ਦਿੰਦੇ ਨੇ। ਉਹ ਦੇਵ ਸ਼ਕਤੀ ਸੀ ਉਹ ਪ੍ਰਗਟ ਹੋ ਕੇ ਗੁਰੂ ਮਹਾਰਾਜ ਦੇ ਚਰਨ ਪਰਸਣ ਲੱਗ ਗਈ, ਮਹਾਰਾਜ! ਮੇਰਾ ਉਧਾਰ ਕਰੋ ਮੈਂ ਬੜਾ ਦੁਖੀ ਹਾਂ। ਤੁਸੀਂ ਆਏ ਓਂ। ਅਸੀਂ ਇਕ ਸਤਿਪੁਰਸ਼ਾਂ ਦੇ ਨੇੜੇ ਨਹੀਂ ਜਾ ਸਕਦੇ ਇਕ ਪਾਣੀ ਦੇ ਨੇੜੇ ਨਹੀਂ ਜਾ ਸਕਦੇ। ਤੁਸੀਂ ਮੇਰਾ ਉਧਾਰ ਕਰੋ, ਮੈਂ ਸੇਵਾ ਕਰਾਂ। ਉਹ ਲੈ ਆਇਆ, ਫਲ ਫਰੂਟ ਲਿਆਇਆ, ਗੰਨੇ ਲਿਆਂਦੇ। ਮਹਾਰਾਜ ਜੀ ਨੇ ਗੰਨੇ ਚੂਪੇ, ਛਿਲਕੇ ਬਾਹਰ ਸੁਟਾ ਦਿਤੇ। ਇਕ ਸਿੱਖ ਨੇ ਦਿੱਲੀ ਦੇ ਰਹਿਣ ਵਾਲੇ, ਉਹ ਛਿਲਕਾ ਚੂਪ ਲਿਆ। ਉਸ ਵੇਲੇ ਹੀ ਕਹਿਣਾ ਸ਼ੁਰੂ ਕਰ ਦਿਤਾ ਕਿ ਮੇਰੇ 'ਚ ਬਹੁਤ ਸ਼ਕਤੀ ਆ ਗਈ, ਮੈਂ ਗੁਰੂ ਮਹਾਰਾਜ ਦੇ ਹਜ਼ੂਰ ਪੇਸ਼ ਹੋਣਾ ਹੈ, ਕੈਦ ਵਿਚ ਹੀ। ਦਰੋਗਾ ਭਲਾ ਲੋਕ ਸੀ।

ਉਸ ਵੇਲੇ ਕਹਿਣ ਲੱਗਿਆ ਕਿ ਮਹਾਰਾਜ ਮੈਨੂੰ ਹੁਕਮ ਕਰੋ। ਕਹਿੰਦੇ, ਕਾਹਦਾ ਕਰੀਏ? ਕਹਿੰਦਾ, ਮੇਰੇ 'ਚ ਐਨੀ ਸ਼ਕਤੀ ਆ ਗਈ ਕਿ ਮੈਂ ਇਨ੍ਹਾਂ ਦੁਸ਼ਟ ਦੋਖੀਆਂ ਨੂੰ ਸਾਰਿਆਂ ਨੂੰ ਮਾਰ ਸਕਦਾ ਹਾਂ, ਦਿੱਲੀ ਤੇ ਲਾਹੌਰ ਨੂੰ ਜੜ੍ਹਾਂ ਤੋਂ ਕੱਟ ਕੇ ਛੈਣੇ ਵਜਾ ਦੇਵਾਂ। ਸਾਰੇ ਮਾਰ ਦੇਵਾਂ।

ਮਹਾਰਾਜ ਕਹਿੰਦੇ, ਹੋਰ ਕੀ ਕਰ ਸਕਦਾ ਹੈ?

ਕਹਿੰਦਾ, ਸਾਰੀਆਂ ਕੁਲਾਂ ਨਾਸ਼ ਕਰ ਸਕਦਾ ਹਾਂ।

ਕਹਿੰਦੇ, ਸ਼ਕਤੀ ਤੇਰੇ ਵਿਚ ਕਿੱਥੋਂ ਆ ਗਈ, ਐਨੀ ਸ਼ਕਤੀ ਦਾ ਮਾਲਕ ਹੋ ਗਿਆ?

ਕਹਿੰਦਾ, ਹਾਂ।

ਕਹਿੰਦੇ, ਕਦ ਤੋਂ?

ਕਹਿੰਦਾ, ਕੱਲ੍ਹ ਤੋਂ।

ਕੀ ਹੋਇਆ ਸੀ?

ਕਹਿਣ ਲੱਗਿਆ, ਮਹਾਰਾਜ! ਇਥੇ ਛਿਲਕਾ ਪਿਆ ਸੀ ਗੰਨੇ ਦਾ, ਮੈਂ ਮੂੰਹ ਵਿਚ ਪਾ ਲਿਆ। ਮੇਰੇ ਤੋਂ ਸ਼ਕਤੀ ਨਾ ਸਾਂਭੀ ਗਈ, ਉਸੇ ਵੇਲੇ ਮੇਰੇ ਸਰੀਰ ਵਿਚ ਤਾਕਤਾਂ ਆ ਗਈਆਂ।

ਮਹਾਰਾਜ ਕਹਿੰਦੇ, ਤੈਨੂੰ ਪਤਾ ਹੈ, ਉਹ ਛਿਲਕ ਕਿੱਥੋਂ ਆਇਆ?

ਕਹਿੰਦਾ, ਮਹਾਰਾਜ! ਮੈਨੂੰ ਐਉਂ ਪਤਾ ਲੱਗਿਆ ਹੈ ਕਿ ਆਪ ਦੇ ਪਵਿੱਤਰ ਮੁੱਖ ਨਾਲ ਛੋਹਿਆ ਹੋਇਆ ਗੰਨੇ ਦਾ ਛਿਲਕਾ ਸੀ। ਕਹਿੰਦੇ, ਫੇਰ ਪ੍ਰੇਮੀਆਂ! ਉਰ੍ਹੇ ਹੋ। ਮਹਾਰਾਜ ਜੀ ਨੇ ਬਾਂਹ ਫੜ ਲਈ, ਖਾਲੀ ਹੋ ਗਿਆ। ਕਹਿੰਦੇ, ਹੁਣ ਕਰਕੇ ਦਿਖਾ ਸਾਨੂੰ। ਕਹਿੰਦਾ, ਹੁਣ ਕੀ ਕਰਨਾ ਹੈ ਮਹਾਰਾਜ ਤੁਸੀਂ ਤਾਂ ਸਾਰੀ ਸ਼ਕਤੀ ਖਿੱਚ ਲਈ। ਕਹਿੰਦੇ, ਕੁਛ ਸਮਝ 'ਚ ਵੀ ਪਿਆ। ਕਹਿੰਦਾ, ਸਮਝ 'ਚ ਮੇਰੇ ਪੈ ਗਿਆ ਕਿ ਤੁਸੀਂ ਸਭ ਕੁਛ ਕਰਨ ਕਰਾਵਨ ਜੋਗ ਹੋਂ। ਜੋ ਚਾਹੋਂ ਹੋ ਸਕਦਾ ਹੈ। ਪਾਤਸ਼ਾਹ! ਮੇਰੇ ਤੋਂ ਦੇਖਿਆ ਨਹੀਂ ਜਾਂਦਾ, ਬੇਹੁਰਮਤੀ ਹੁੰਦੀ ਹੈ। ਬਾਰ-ਬਾਰ ਕਚੀਚੀਆਂ ਖਾਂਦਾ ਹਾਂ ਕਿ ਮੈਂ ਤੁਹਾਡੇ ਆਉਣ ਤੋਂ ਪਹਿਲਾਂ ਹੀ ਕਿਉਂ ਨਾ ਇਹ ਕੰਮ ਕਰ ਦਿਤਾ। ਮੈਂ ਪਹਿਲਾਂ ਹੀ ਕਰ ਦਿੰਦਾ, ਮੈਂ ਦੱਸਣਾ ਹੀ ਨਹੀਂ ਸੀ ਤੁਹਾਨੂੰ। ਮੈਨੂੰ ਤਾਂ ਬੜਾ ਪਛਤਾਵਾ ਹੋ ਰਿਹਾ ਹੈ। ਮਹਾਰਾਜ ਕਹਿੰਦੇ, ਪਿਆਰਿਆ! ਇਹ ਖੇਲ੍ਹ ਅਸੀਂ ਆਪ ਹੀ ਰਚਿਆ ਹੋਇਆ ਹੈ। ਇਹਦੇ 'ਚ ਕਿਸੇ ਦਾ ਵਸ ਨਹੀਂ ਹੈ। ਅਸੀਂ ਆਪ ਹੀ ਆਪਣਾ ਠੀਕਰਾ ਇਥੇ ਭੰਨਣਾ ਹੈ।

***ਠੀਕਰਿ ਫੋਰਿ ਦਿਲੀਸਿ ਸਿਰਿ,***
***ਪ੍ਰਭ ਪੁਰ ਕੀਆ ਪਯਾਨ।***

ਸੋ ਇਸ ਤਰ੍ਹਾਂ ਦੇ ਕੌਤਕ ਹੁੰਦੇ ਰਹੇ, ਅਖੀਰ ਬੜਾ ਸਮਝਾਇਆ, ਉਥੇ ਹੀ ਗੁਰੂ ਮਹਾਰਾਜ ਨੇ ਭੋਗ ਦੇ ਸਲੋਕ ਲਿਖ ਕੇ ਭੇਜੇ ਤੇ ਓਸ ਵੇਲੇ ਭਾਈ ਮਤੀਦਾਸ ਨੂੰ ਸਭ ਤੋਂ ਪਹਿਲਾਂ ਫਤਵਾ ਲੱਗਿਆ ਕਿ ਇਹਨੂੰ ਆਰੇ ਨਾਲ ਦੋ ਫਾੜ ਕਰ ਦਿਓ। ਭਾਈ ਮਤੀਦਾਸ ਜੀ ਦਾ ਜੋ ਮੁੱਖ ਸੀ, ਬੇਨਤੀ ਕਰਨ ਦੇ ਉਤੇ ਗੁਰੂ ਮਹਾਰਾਜ ਵਲ ਹੋ ਗਿਆ। ਉਸ ਵੇਲੇ ਆਰਾ ਸੀਸ ਦੇ ਉਤੇ ਰੱਖ ਦਿਤਾ, ਆਪ ਦੇ ਚਿਹਰੇ 'ਤੇ ਲਾਲੀ ਆ ਗਈ, ਜਲਾਦ ਕਹਿਣ ਲੱਗਿਆ, ਪੀਲੇ ਚਿਹਰੇ ਵਾਲਿਆਂ ਨੂੰ ਅੱਜ ਤਕ ਚੀਰਿਆ ਹੈ ਮੈਂ, ਜਾਂ ਮਰਿਆਂ ਹੋਇਆਂ ਨੂੰ। ਇਹ ਕੀ ਇਹਦੀਆਂ ਅੱਖਾਂ ਦੇ ਵਿਚ ਰਸ ਆ ਗਿਆ, ਲਾਲ ਹੋ ਗਈਆਂ, ਚਿਹਰੇ ਦੇ ਉਤੇ ਰੌਣਕ ਆ ਗਈ।

ਪੁੱਛਣ ਲੱਗਿਆ, ਮਤੀਦਾਸ! ਇਹ ਕੀ ਗੱਲ ਹੈ, ਤੈਨੂੰ ਮੌਤ ਤੋਂ ਡਰ ਨਹੀਂ ਲਗਦਾ?

ਮਤੀਦਾਸ ਜੀ ਨੇ ਕਿਹਾ, ਮੌਤ ਦਾ ਸਾਨੂੰ ਭੇਤ ਆ ਗਿਆ। ਮੌਤ ਤੋਂ ਉਹ ਡਰੇ -

***ਸੋ ਡਰੈ ਜਿ ਪਾਪ ਕਮਾਵਦਾ ਧਰਮੀ ਵਿਗਸੇਤੁ ॥***

***ਅੰਗ - ੮੪***

ਅਸੀਂ ਤਾਂ ਆਪਣੇ ਗੁਰੂ ਦੀ ਦਰਗਾਹ ਵਿਚ ਜਾਣਾ ਹੈ, ਸਾਨੂੰ ਡਰ ਦਾ ਕੋਈ ਸਵਾਲ ਨਹੀਂ ਹੈ। ਉਸ ਵੇਲੇ ਆਪ ਇਸ ਤਰ੍ਹਾਂ ਦੇ ਨਾਲ ਫੁਰਮਾਨ ਕਰਦੇ ਨੇ, ਪੜ੍ਹੋ ਪਿਆਰ ਨਾਲ–

***ਧਾਰਨਾ– ਜਿਹੜੀ ਮੌਤ ਤੋਂ ਡਰੇ ਜਗ ਸਾਰਾ,***
***ਮੇਰੇ ਮਨ ਆਨੰਦ ਹੈ ਪਿਆਰਿਓ।***

*ਕਬੀਰ ਜਿਸੁ ਮਰਨੇ ਤੇ ਜਗੁ ਡਰੈ*
*ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥ ਅੰਗ – ੧੩੬੫*

ਕਹਿਣ ਲੱਗੇ, ਮੌਤ ਨਹੀਂ ਹੋਇਆ ਕਰਦੀ। ਕਿਉਂਕਿ ਤੂੰ ਨਹੀਂ ਜਾਣਦਾ, ਤੂੰ ਮੈਨੂੰ ਸਰੀਰ ਸਮਝ ਕੇ ਚੀਰਨਾ ਹੈ, ਸਰੀਰ ਨੇ ਚਿਰ ਜਾਣਾ ਹੈ, ਮੈਂ ਤਾਂ ਨਹੀਂ ਚੀਰਿਆ ਜਾਣਾ। ਕਹਿਣ ਲੱਗਿਆ, ਅਜੀਬ ਗੱਲ ਹੈ? ਤੂੰ ਕਿਵੇਂ ਨਹੀਂ ਚੀਰਿਆ ਜਾਣਾ–

***ਧਾਰਨਾ – ਆਤਮ ਮੇਰਾ ਰੂਪ ਹੈ,***
***ਚੀਰੇਂ ਤੂੰ ਕਿਸਨੂੰ ਪਿਆਰੇ***

ਕਹਿਣ ਲੱਗੇ, ਐ ਜਲਾਦ! ਮੈਂ ਸਰੀਰ ਨਹੀਂ। ਜੇ ਤੂੰ ਮੇਰਾ ਕੁੜਤਾ ਪਾੜ ਦੇਵੇਂ, ਤਾਂ ਕੀ ਮੈਂ ਪਾਟ ਗਿਆ। ਇਹ ਕੋਟ ਹੈ ਪੰਜ ਤੱਤਾਂ ਦਾ, ਮੈਂ ਇਹਦੇ ਵਿਚ ਰਹਿਣ ਵਾਲੀ ਆਤਮਾ ਹਾਂ।

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਅੰਗ – ੪੪੧*

ਅਸੀਂ ਪਛਾਣ ਲਿਆ, ਤੂੰ ਮਾਰੇਂਗਾ ਕੀਹਨੂੰ? ਇਹ ਆਤਮਾ ਨਾ ਜਲਦੀ ਹੈ, ਨਾ ਡੁੱਬਦੀ ਹੈ, ਨਾ ਕੱਟ ਹੁੰਦੀ ਹੈ, ਨਾ ਮਰਦੀ ਹੈ, ਨਾ ਘਟਦੀ ਹੈ ਨਾ ਵਧਦੀ ਹੈ, ਇਕ ਰੂਪ 'ਚ ਰਹਿੰਦੀ ਹੈ। ਇਹ ਕਦੇ ਬੱਚਾ ਨਹੀਂ ਹੁੰਦੀ, ਕਦੇ ਬੁੱਢਾ ਨਹੀਂ ਹੁੰਦੀ, ਇਕ ਅਵਸਥਾ ਵਿਚ ਹੈ, ਜਿਸ ਵਿਚ ਹੈ, ਹੈ। ਇਹਨੂੰ ਕੋਈ ਕੱਟ ਨਹੀਂ ਸਕਦਾ, ਕੋਈ ਸੁਕਾ ਨਹੀਂ ਸਕਦਾ, ਕੋਈ ਜਾਲ ਨਹੀਂ ਸਕਦਾ, ਸਰੂਪ ਅਸੀਂ ਪਛਾਣ ਲਿਆ। ਮੌਤ ਕਿਸਨੂੰ ਹੁੰਦੀ ਹੈ? ਮੌਤ ਹੁੰਦੀ ਹੈ ਹਉਮੈ ਦੀ।

*ਜਿਨਿ ਰਚਿ ਰਚਿਆ ਪੁਰਖਿ ਬਿਧਾਤੈ*
*ਨਾਲੇ ਹਉਮੈ ਪਾਈ ॥*
*ਜਨਮ ਮਰਣੁ ਉਸ ਹੀ ਕਉ ਹੈ ਰੇ*
*ਓਹਾ ਆਵੈ ਜਾਈ ॥ ਅੰਗ – ੯੯੯*

ਜਿਹਨੇ ਹਉਮੈ ਨੂੰ ਬੁੱਝ ਲਿਆ –

*ਹਉਮੈ ਬੂਝੈ ਤਾ ਦਰੁ ਸੂਝੈ ॥*
*ਗਿਆਨ ਵਿਹੂਣਾ ਕਥਿ ਕਥਿ ਲੂਝੈ ॥ ਅੰਗ – ੪੬੬*

ਉਸਨੂੰ ਸੋਝੀ ਪੈ ਗਈ ਕਿ ਮੈਂ ਤਾਂ ਆਤਮਾ ਹਾਂ, ਸਾਰੇ ਸਰੀਰ ਦਾ –

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ*
*ਪ੍ਰਭ ਬਿਨਾ ਨਹੀ ਜਾਣੀਐ॥ ਅੰਗ – ੮੪੬*

ਇਹ ਸਾਰਾ ਪਸਾਰਾ ਆਤਮਾ ਦਾ ਹੈ। ਤੈਨੂੰ ਸਰਾਪ ਦੇ ਕੇ ਖਤਮ ਕਿਉਂ ਨਹੀਂ ਕਰਦੇ ਕਿਉਂਕਿ ਤੂੰ ਵੀ ਸਾਡਾ ਰੂਪ ਹੈਂ। ਇਹ ਆਰਾ ਵੀ ਮੇਰਾ ਹੀ ਰੂਪ ਹੈ। ਕੌਣ ਕਿਸਨੂੰ ਮਾਰ ਰਿਹਾ ਹੈ? ਹੈਰਾਨ ਹੋ ਗਿਆ, ਐਸੇ ਬਚਨ ਕਦੇ ਸੁਣੇ ਨਹੀਂ ਸੀ। ਸਮਝ ਕੀ ਆਉਣੇ ਸੀ ਐਸੇ ਲੋਕਾਂ ਦੇ। ਸੋ ਐਸ ਤਰ੍ਹਾਂ ਦੇ ਨਾਲ ਭਾਈ ਮਤੀ ਦਾਸ ਜੀ ਨੂੰ ਆਰੇ ਨਾਲ ਦੋ–ਫਾੜ ਕਰ ਦਿਤਾ ਤੇ ਦੇਖਦੇ ਕੀ ਨੇ? ਹੈਰਾਨ ਹੋਈ ਜਾਂਦੇ ਨੇ, ਦੋ ਹਿੱਸੇ ਧੜ ਦੇ ਪਏ ਨੇ। ਦੋਹਾਂ ਦੇ ਵਿਚੋਂ ਇਕੱਠੀ ਆਵਾਜ਼ ਆ ਰਹੀ ਹੈ, ਜਪੁਜੀ ਸਾਹਿਬ ਦੀ। ਜਿਸ ਵਕਤ –

*ਜਿਨੀ ਨਾਮੁ ਧਿਆਇਆ ਗਏ ਮਸਕਤਿ ਘਾਲਿ ॥*
*ਨਾਨਕ ਤੇ ਮੁਖ ਉਜਲੇ ਕੇਤੀ ਛੁਟੀ ਨਾਲਿ ॥*
*ਅੰਗ – ੮*

ਐਉਂ ਕਹਿ ਕੇ ਆਵਾਜ਼ ਬੰਦ ਹੋ ਗਈ।

ਐਸੇ ਕਰਨੀਆਂ ਕਮਾਈਆਂ ਵਾਲੇ ਗੁਰਸਿੱਖ, ਪੂਰਨ ਸ਼ਕਤੀਆਂ ਦੇ ਮਾਲਕ, ਹੁਕਮ ਦੇ ਭਾਣੇ ਦੇ ਅੰਦਰ ਗੁਰੂ ਦੇ, ਐਉਂ ਘਟ ਗਏ ਜਿਵੇਂ ਕੁਛ ਹੋਇਆ ਹੀ ਨਹੀਂ ਕਰਦਾ। ਭਾਈ ਦਿਆਲੇ ਨੂੰ ਦੇਗ ਦੇ ਵਿਚ ਬਿਠਾ ਦਿਤਾ ਗਿਆ। ਦੇਗ ਦਾ ਪਾਣੀ ਉਬਾਲੇ ਮਾਰਨ ਲੱਗ ਗਿਆ। ਉਸ ਵੇਲੇ ਆਪ ਦੇ ਚਿਹਰੇ ਦੇ ਉਤੇ ਮਸਤੀ ਨਜ਼ਰ ਆਉਂਦੀ ਹੈ, ਕਿਉਂਕਿ ਆਤਮ ਸਰੂਪ ਦੇ ਵਿਚ ਸਥਿਤ ਸਨ। ਕੋਈ ਗੈਰ ਨਹੀਂ ਸੀ, ਕੋਈ ਰਾਗ ਨਹੀਂ ਸੀ, ਕੋਈ ਦ੍ਵੈਸ਼ ਨਹੀਂ ਸੀ, ਕੋਈ ਬੁਰਾ ਨਹੀਂ–

*ਮਨ ਮੇਰੇ ਜਿਨਿ ਅਪੁਨਾ ਭਰਮੁ ਗਵਾਤਾ ॥*
*ਤਿਸ ਕੈ ਭਾਣੈ ਕੋਇ ਨ ਭੂਲਾ*
*ਜਿਨਿ ਸਗਲੋ ਬ੍ਰਹਮੁ ਪਛਾਤਾ ॥ ਅੰਗ – ੬੧੦*

ਬ੍ਰਹਮ ਦੀ ਪਛਾਣ ਹੋ ਗਈ ਸੀ, ਹਨ੍ਹੇਰੇ ਵਿਚ ਰੱਸੀ ਜਿਹੜੀ ਸੀ ਉਹ ਸੱਪ ਲਗਦਾ ਰਿਹਾ। ਪਰ ਜਦੋਂ ਚਾਨਣਾ ਹੋ ਗਿਆ, ਪਤਾ ਲੱਗਿਆ ਕਿ ਇਥੇ ਤਾਂ ਸੱਪ ਹੈ ਨਹੀਂ ਇਹ ਤਾਂ ਰੱਸੀ ਹੈ, ਇਹ ਤਾਂ ਭੁਲੇਖਾ ਸੀ।

*ਜਨ ਨਾਨਕ ਬਿਨੁ ਆਪਾ ਚੀਨੈ*
*ਮਿਟੈ ਨ ਭ੍ਰਮ ਕੀ ਕਾਈ ॥ ਅੰਗ – ੬੮੪*

ਇਨ੍ਹਾਂ ਗੁਰਸਿੱਖਾਂ ਨੇ ਆਪਾ ਚੀਨਿਆ ਹੋਇਆ ਸੀ, ਉਸ ਵੇਲੇ ਆਪ ਦੇ ਹਿਰਦੇ ਦੇ ਅੰਦਰੋਂ ਐਸੀ ਪੁਕਾਰ ਸੁਣਾਈ ਦਿਤੀ–

***ਧਾਰਨਾ - ਮੇਰੀ ਟੁੱਟੇ ਨਾ ਪ੍ਰੇਮ ਵਾਲੀ ਡੋਰੀ,***
***ਭਾਣਾ ਤੇਰਾ ਮਿੱਠਾ ਲਗਦੈ।***

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਅੰਗ - ੩੯੪*

ਸ਼ਹੀਦ ਹੋ ਗਏ, ਵਾਰੀ ਆਈ ਸਤੀ ਦਾਸ ਜੀ ਦੀ। ਉਸ ਵੇਲੇ ਆਪ ਨੂੰ ਰੂੰ ਦੇ ਵਿਚ ਵਲੇਟ ਕੇ ਅੱਗ ਲਾ ਦਿਤੀ। ਸਤੀ ਦਾਸ ਗੁਰੂ ਮਹਾਰਾਜ ਦੇ ਬਚਨ, ਬਾਣੀ ਲਿਖਿਆ ਕਰਦਾ ਸੀ। ਬੜਾ ਵਿਦਵਾਨ ਪੁਰਸ਼ ਸੀ। ਸੋ ਇਸ ਤਰ੍ਹਾਂ ਗੁਰੂ ਮਹਾਰਾਜ ਨੂੰ 17 ਮੱਘਰ ਸੰਮਤ 1732 ਚਾਂਦਨੀ ਚੌਂਕ 'ਚ ਲਿਆਂਦਾ ਜਾਂਦਾ ਹੈ। ਸਵਾਲ ਕਰਿਆ ਜਾਂਦਾ ਹੈ ਕਿ ਇਸਲਾਮ ਕਬੂਲ ਕਰ ਲਓ, ਆਪ ਨੂੰ ਜੀਉਣ ਦਾ ਹੱਕ ਪ੍ਰਾਪਤ ਹੋ ਜਾਏਗਾ। ਇਨ੍ਹਾਂ ਦੀ ਬਾਂਹ ਛੱਡ ਦਿਓ ਤੇ ਕਰਾਮਾਤ ਦਿਖਾਓ। ਮਹਾਰਾਜ ਕਹਿੰਦੇ, ਕਰਾਮਾਤ ਤਾਂ ਕਾਇਰ ਹੁੰਦਾ ਹੈ।

***ਨਾਟਕ ਚੇਟਕ ਕੀਏ ਕੁਕਾਜਾ।***
***ਪ੍ਰਭ ਲੋਗਨ ਕਹ ਆਵਤ ਲਾਜਾ।***

ਭਾਣਾ ਵਰਤ ਰਿਹਾ ਹੈ, ਅਸੀਂ ਆਪਣੀ ਮਰਜ਼ੀ ਦੇ ਨਾਲ ਵਰਤਾ ਰਹੇ ਹਾਂ, ਕਰਾਮਾਤਾਂ ਦਿਖਾਈਏ ਤੁਹਾਨੂੰ? ਉਸ ਵੇਲੇ ਆਪ ਨੂੰ ਚਾਂਦਨੀ ਚੌਂਕ ਲਿਆਂਦਾ ਗਿਆ। ਕਹਿੰਦੇ, ਕਰਾਮਾਤ ਅਸੀਂ ਦੇਖਣੀ ਹੈ, ਕਹਿੰਦੇ ਦਿਖਾ ਦੇਵਾਂਗੇ। ਪਰ ਜਦ ਸ਼ਹੀਦ ਹੋਵਾਂਗੇ ਉਸ ਤੋਂ ਬਾਅਦ ਦੇਖਿਓ। ਆਪ ਨੇ ਇਕ ਕੱਚਾ ਧਾਗਾ ਗਲ ਦੇ ਨਾਲ ਬੰਨ੍ਹ ਲਿਆ। ਉਸ ਵੇਲੇ ਜਲਾਦ ਨੇ ਆ ਕੇ ਜਦ ਤਲਵਾਰ ਉਪਰ ਕੀਤੀ, ਉਹ ਛੋਹਣ ਤੋਂ ਪਹਿਲਾਂ ਜਿਹੜਾ ਸੀਸ ਸੀ, ਐਸਾ ਇਤਿਹਾਸ 'ਚ ਲਿਖਿਆ ਹੋਇਆ ਹੈ, ਕਈ ਤਰ੍ਹਾਂ ਦੀਆਂ ਗੱਲਾਂ ਨੇ, ਹੁਣ ਵਾਲੇ ਹੋਰ ਤਰ੍ਹਾਂ ਲਿਖਦੇ ਨੇ, ਪੁਰਾਣੇ-ਪੁਰਾਣੇ ਤਰੀਕੇ ਨਾਲ ਜੋ ਬਾਤਾਂ ਸੀ ਸੁਣੀਆਂ-ਸੁਣਾਈਆਂ, ਉਹਦੇ ਮੁਤਾਬਿਕ ਲਿਖਦੇ ਨੇ।

ਉਹ ਤਾਂ ਇਹ ਸੀ ਕਿ ਭਾਈ ਜੈਤੇ ਦੇ, ਉਹ ਵੀ ਵਿਚ ਖੜ੍ਹਾ ਸੀ ਤੇ ਸੀਸ ਉਹਦੀ ਗੋਦੀ ਦੇ ਵਿਚ ਚਲਿਆ ਗਿਆ। ਉਹਨੇ ਸਾਂਭ ਲਿਆ ਕਪੜੇ ਦੇ ਅੰਦਰ। ਕਿਉਂਕਿ ਮਹਾਰਾਜ ਜੀ ਨੇ ਕਿਹਾ ਸੀ ਕਿ ਸਾਡਾ ਸੀਸ ਤੇਰੇ ਕੋਲ ਪਹੁੰਚੇਗਾ, ਤੂੰ ਅਨੰਦਪੁਰ ਸਾਹਿਬ ਲੈ ਜਾਣਾ ਹੈ। ਉਸ ਤੋਂ ਬਾਅਦ ਪੁਰਾਣੇ ਇਤਿਹਾਸ ਵਿਚ ਆਉਂਦਾ ਹੈ ਕਿ ਜਦੋਂ ਧਿਆਨ ਨਾਲ ਦੇਖਿਆ ਕਿ ਜਿਹੜਾ ਧਾਗਾ ਬੰਨ੍ਹਿਆ ਸੀ ਉਹ ਕੱਟਿਆ ਹੀ ਨਹੀਂ ਹੈ ਤਲਵਾਰ ਨੇ, ਤਲਵਾਰ ਐਵੇਂ ਘੁੰਮ ਗਈ, ਧਾਗਾ ਵੀ ਨਾ ਕੱਟ ਹੋਇਆ। ਸੋ ਐਸਾ ਵੱਡਾ ਸਾਕਾ ਗੁਰੂ ਮਹਾਰਾਜ ਨੇ ਕੀਤਾ ਜੋ ਧੜ ਸੀ ਉਹਨੂੰ ਭਾਈ ਲੱਖੀ ਨਿਗ੍ਹਾਈਆ ਆਪਣੇ ਘਰ ਲੈ ਗਏ ਤੇ ਉਥੇ ਆਪਣੇ ਪਿੰਡ ਦੇ ਵਿਚ ਲਿਜਾ ਕੇ ਆਪਣੇ ਹੀ ਘਰ ਥੋੜ੍ਹੇ ਜਿਹੇ ਬੰਦਿਆਂ ਨੂੰ ਭਰੋਸੇ 'ਚ ਲੈ ਲਿਆ, ਬਹੁਤ ਹਨ੍ਹੇਰੀ ਆਈ ਹੋਈ ਸੀ ਤੇ ਗੱਡੇ ਲੈ ਕੇ, ਸ਼ਾਹੀ ਠੇਕੇਦਾਰ ਸੀ, 500 ਗੱਡਾ ਸੀ ਇਹਦਾ, ਧੂੜ ਉਡਦੀ ਆਉਂਦੀ ਹੈ, ਕੁਛ ਕਲੀ ਦਾ ਖਿੰਡਾਉ ਆਉਂਦਾ ਹੈ, ਕੁਛ ਹਨ੍ਹੇਰੀ ਆਈ ਹੋਈ ਹੈ, ਪਹਿਰੇਦਾਰ ਅੱਖਾਂ ਮੀਟੀ ਬੈਠੇ ਨੇ ਕਿ ਮਿੱਟੀ ਨਾ ਪੈ ਜਾਏ। ਉਸ ਵੇਲੇ ਇਹਨੇ ਰੂੰ ਦੇ ਵਿਚ ਸਰੀਰ ਵਲੇਟ ਕੇ ਗੱਡਾ ਨਠਾ ਲਿਆ। ਬਾਕੀ ਗੱਡੇ ਓਨੀਂ ਹੀ ਚਾਲ ਤੇ ਤੁਰੇ ਰਹੇ। ਤਲਾਸ਼ੀਆਂ ਵੀ ਹੋਈਆਂ, ਉਸ ਤੋਂ ਪਹਿਲਾਂ ਕੁਛ ਬਣੇ, ਉਹਨੇ ਆਪਣੇ ਘਰ ਨੂੰ ਅੱਗ ਲਾ ਕੇ ਸਸਕਾਰ ਕਰ ਦਿਤਾ। ਜਿਥੇ ਰਕਾਬਗੰਜ ਸਾਹਿਬ ਗੁਰਦੁਆਰਾ ਬਣਿਆ ਹੋਇਆ ਹੈ। ਇਧਰ ਪੰਜ ਦਿਨਾਂ ਦੇ ਅੰਦਰ ਸੀਸ ਲੈ ਕੇ ਭਾਈ ਜੈਤਾ ਤੇ ਨਾਲ ਦੋ ਗੁਰਸਿੱਖ, ਤਿੰਨੋ ਜਣੇ ਪੰਜ ਦਿਨ, ਰਾਤਾਂ ਨੂੰ ਚਲਦੇ ਸੀ, ਦਿਨ ਵਿਚ ਕਿਸੇ ਥਾਂ ਛੁਪ ਕੇ ਬਹਿ ਜਾਂਦੇ ਸੀ।

ਸੀਸ ਗੁਰੂ ਦਸ਼ਮੇਸ਼ ਪਿਤਾ ਦੇ ਪਾਸ ਲਿਆਂਦਾ। ਉਸ ਵੇਲੇ ਮਹਾਰਾਜ ਜੀ ਨੇ ਬੜਾ ਹੀ ਪਿਆਰ ਦਿਤਾ, 'ਰੰਗਰੇਟੇ ਗੁਰ ਕੇ ਬੇਟੇ' ਬੜੀ ਪਦਵੀ ਦਿਤੀ। ਜਿਨ੍ਹਾਂ ਨੂੰ ਅਸੀਂ ਛੂਤ-ਛਾਤ ਨਾਲ ਨੀਚ ਕਹਿੰਦੇ ਹਾਂ, ਉਹ ਗੁਰੂ ਦੇ ਬੇਟੇ ਨੇ, ਗੁਰੂ ਨੇ ਬੇਟੇ ਬਣਾ ਲਏ ਆਪਣੇ।

ਸੋ ਐਸਾ ਸਾਕਾ ਸੰਸਾਰ ਦੇ ਅੰਦਰ -

***ਠੀਕਰਿ ਫੋਰਿ ਦਿਲੀਸ ਸਿਰਿ,***
***ਪ੍ਰਭ ਪੁਰ ਕੀਆ ਪਯਾਨ।***
***ਤੇਗ ਬਹਾਦਰ ਸੀ ਕ੍ਰਿਆ***
***ਕਰੀ ਨ ਕਿਨਹੂੰ ਆਨ।***
***ਤੇਗ ਬਹਾਦਰ ਕੇ ਚਲਤ,***
***ਭਯੋ ਜਗਤ ਕੋ ਸੋਕ।***
***ਹੈ ਹੈ ਹੈ ਸਭ ਜਗ ਭਯੋ***
***ਜੈ ਜੈ ਜੈ ਸੁਰ ਲੋਕ। ਬਚਿਤ੍ਰ ਨਾਟਕ***

***ਤਿਲਕ ਜੰਞੂ ਰਾਖਾ ਪ੍ਰਭ ਤਾਕਾ।***
***ਕੀਨੋ ਬਡੋ ਕਲੂ ਮਹਿ ਸਾਕਾ।***
***ਸਾਧਨਿ ਹੇਤਿ ਇਤੀ ਜਿਨਿ ਕਰੀ।***
***ਸੀਸੁ ਦੀਆ ਪਰ ਸੀ ਨ ਉਚਰੀ।***
***ਧਾਰਨਾ- ਵਾਹਵਾ-ਵਾਹਵਾ ਬਈ ਸੀਸ ਦੇ ਕੇ***
***ਹਿੰਦ ਰਖ ਲਈ।***
***ਐਸੀ ਕਰਨੀ ਕਿਸੇ ਨਾ ਕੀਤੀ।***

ਵੱਡਾ ਸਾਕਾ ਕਰਕੇ, ਭਾਰਤ ਵਰਸ਼ ਨੂੰ ਰੱਖ ਲਿਆ। ਕਿਉਂਕਿ ਉਸ ਦਿਨ ਤੋਂ ਬਾਅਦ ਐਸਾ ਇਤਿਹਾਸਾਂ ਵਿਚ ਆਉਂਦਾ ਹੈ ਕਿ ਔਰੰਗਜ਼ੇਬ ਨੂੰ ਨੀਂਦ ਆਉਣੀ

ਬੰਦ ਹੋ ਗਈ, ਸਿੱਖਾਂ ਦੇ ਵਿਚ ਐਨੀ ਜਾਗ੍ਰਤ ਹੋਈ, ਘੋੜੇ ਤੇ ਚੜ੍ਹਿਆ ਜਾ ਰਿਹਾ ਹੈ, ਇਕ ਗੁਰਸਿੱਖ ਨੇ ਇੱਟ ਮਾਰੀ ਪੂਰੇ ਜ਼ੋਰ ਨਾਲ। ਥਾਂ-ਥਾਂ ਤੋਂ ਬਗਾਵਤਾਂ ਉਠ ਖੜ੍ਹੀਆਂ, ਹਰ ਵਕਤ ਡਰ ਹੋ ਗਿਆ ਕਿ ਮੈਨੂੰ ਮਾਰ ਦਿਤਾ ਜਾਏਗਾ। ਉਹਨੇ ਦੱਖਣ ਵਿਚ ਜਾ ਕੇ ਦਿਨ ਕੱਟੇ। ਉਥੇ ਹੀ ਰਿਹਾ ਜਾ ਕੇ ਮਰਹੱਟਿਆਂ ਨਾਲ ਲੜਾਈ ਲੜਦਾ ਰਿਹਾ। ਐਸਾ ਵੀ ਆਉਂਦਾ ਹੈ ਕਿ ਜੋ ਖਾਂਦਾ ਸੀ ਉਹ ਮੂੰਹ ਤਾਂਈ ਨਿਕਲਦਾ ਸੀ ਉਲਟੀ ਦੇ ਨਾਲ। ਬੜਾ ਦੁਖੀ ਹੁੰਦਾ ਰਿਹਾ। ਕਿਉਂਕਿ ਬੜੇ ਪੂਰਨ ਪੁਰਸ਼ਾਂ ਨੂੰ ਉਸਨੇ ਸ਼ਹੀਦ ਕੀਤਾ।

ਸੋ ਐਸੀ ਸ਼ਹਾਦਤ ਗੁਰੂ ਤੇਗ ਬਹਾਦਰ ਪਾਤਸ਼ਾਹ ਨੇ ਦਿਤੀ, ਕਾਹਦੇ ਵਾਸਤੇ ਕਿ ਹਿੰਦੂਆਂ ਨੂੰ ਪੂਜਾ ਪਾਠ ਕਰਨ ਦਾ, ਆਪਣੇ ਧਾਰਮਿਕ ਚਿੰਨ੍ਹ ਰੱਖਣ ਦਾ ਹੁਕਮ ਨਹੀਂ ਸੀ, ਉਨ੍ਹਾਂ ਨੂੰ ਮਿਟਾਇਆ ਜਾ ਰਿਹਾ ਸੀ, ਧਰਮ ਤੋਂ ਬੇਦੀਨ ਕੀਤਾ ਜਾ ਰਿਹਾ ਸੀ। ਸੋ ਇਹ ਗੱਲ ਜਿਹਨੂੰ ਅਜਕਲ੍ਹ ਅਸੀਂ ਮਨੁੱਖੀ ਅਧਿਕਾਰ ਕਹਿੰਦੇ ਹਾਂ, ਉਸ ਦੇ ਆਧਾਰ ਤੇ ਆਪ ਨੇ ਦੂਸਰਿਆਂ ਦੀ ਰਾਖੀ ਕਰਨ ਵਾਸਤੇ, ਤਿਲਕ ਨੂੰ ਤੇ ਜੰਞੂ ਨੂੰ ਪ੍ਰਫੁੱਲਤ ਰੱਖਣ ਵਾਸਤੇ, ਆਪ ਨੇ ਆਪਣੇ ਸਰੀਰ ਦੀ ਕੁਰਬਾਨੀ ਦਿਤੀ, ਆਪਣੇ ਖ਼ੂਨ ਦੇ ਨਾਲ ਕਲਪ ਬ੍ਰਿਛ ਨੂੰ ਸਿੰਜਿਆ। ਸੋ ਦੁਨੀਆਂ ਦੇ ਅੰਦਰ ਬਹੁਤ ਵੱਡੀ ਗੱਲ ਹੋਈ ਹੈ।

ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਨੇ ਜਿੰਨੇ ਜੰਗ ਲੜੇ ਉਹ ਕੋਈ ਰਾਜ ਲੈਣ ਵਾਸਤੇ ਨਹੀਂ ਸੀ, ਨਾ ਇਸ ਕਰਕੇ ਸੀ ਕਿ ਇਹ ਚੜ੍ਹ ਕੇ ਆਉਂਦੇ ਨੇ ਤੇ ਰਾਖੀ ਕਰ ਲਈਏ। ਮਹਾਰਾਜ ਚਲੇ ਜਾਂਦੇ ਦੱਖਣ ਨੂੰ ਇਥੇ ਰਹਿਣ ਦੀ ਕੀ ਲੋੜ ਸੀ? ਜੇ ਰਾਖੀਓ ਕਰਨੀ ਸੀ, ਐਨੇ ਯੁੱਧ-ਜੰਗ ਨਹੀਂ ਸੀ ਕਰਨੇ। ਉਨ੍ਹਾਂ ਦਾ ਇਹ ਸੀ ਕਿ ਜਿਹੜੇ ਦੂਸਰਿਆਂ ਨੂੰ ਹੱਕ ਨਹੀਂ ਦਿੰਦੇ, ਦੂਸਰਿਆਂ ਦੇ ਹੱਕਾਂ ਦੇ ਉਤੇ ਜ਼ੋਰ-ਜਬਰ ਕਰਦੇ ਨੇ, ਉਨ੍ਹਾਂ ਦੇ ਨਾਲ ਯੁੱਧ ਹੋਏ ਨੇ ਆਪ ਦੇ ਸਾਰੇ, ਕੋਈ ਰਾਜ ਲੈਣ ਨੂੰ ਨਹੀਂ ਹੋਇਆ। ਰਾਜ ਲੈਣ ਨੂੰ ਤਾਂ ਪਾਉਂਟੇ ਸਾਹਿਬ ਦੀ ਲੜਾਈ ਦੇ ਵਿਚ ਸਾਰੇ ਹੀ ਰਾਜੇ ਹਾਰ ਗਏ ਸੀ। ਗੁਰੂ ਮਹਾਰਾਜ ਉਸੇ ਵੇਲੇ ਸ੍ਰੀ ਨਗਰ ਦੇ ਉਤੇ ਚੜ੍ਹਾਈ ਕਰ ਦਿੰਦੇ, ਉਹ ਤਾਂ ਹਾਰਿਆ ਹੋਇਆ ਹੀ ਸੀ, ਨੱਠਿਆ ਵੀ ਸੀ, ਸਾਰੇ ਸ੍ਰੀ ਨਗਰ ਤੇ ਕਬਜ਼ਾ ਕਰ ਲੈਂਦੇ। ਐਧਰ ਬਾਈਧਾਰ ਦੇ ਰਾਜੇ ਇਕੱਲੇ-ਇੱਕਲੇ ਦੀ ਕੀ ਤਾਕਤ ਸੀ, ਅਨੇਕਾਂ ਦੁਨੀਆਂ ਨੇ ਨਾਲ ਰਲ ਜਾਣਾ ਸੀ, ਸਾਰੇ ਪਹਾੜ ਤੇ ਕਬਜ਼ਾ ਕਰ ਸਕਦੇ ਸੀ। ਜੇ ਕੋਈ ਰਾਜਾ ਹੁੰਦਾ ਉਹਨੇ ਐਵੇਂ ਹੀ ਕਰਨਾ ਸੀ। ਗੁਰੂ ਮਹਾਰਾਜ ਨੇ ਸਤਿ ਦਾ ਜੀਵਨ ਬਿਤਾਇਆ, ਸਤਿ ਦੇ ਜੀਵਨ ਤੇ ਸਾਨੂੰ ਚੱਲਣ ਦਾ ਤਜਰਬਾ ਕਰਕੇ ਦੱਸਿਆ।

ਸੋ ਇਸ ਤਰ੍ਹਾਂ ਦੇ ਨਾਲ ਸਮਝਣ ਦਾ ਯਤਨ ਕਰੋ, ਅੱਜ ਦਾ ਦਿਨ ਜੋ ਹੈ ਇਹ ਸਾਨੂੰ ਪ੍ਰੇਰਨਾ ਦਿੰਦਾ ਹੈ ਕਿ ਆਪਣੇ ਲਈ ਨਹੀਂ ਜੀਉਣਾ, ਦੂਸਰਿਆਂ ਦੇ ਵਾਸਤੇ ਜੀਉਣਾ ਸਿੱਖੋ। ਦੂਸਰਿਆਂ ਦੇ ਵਾਸਤੇ ਜਦ ਅਸੀਂ ਜੀਵਾਂਗੇ, ਦਰਗਾਹ ਵਿਚੋਂ ਸਾਡੇ 'ਤੇ ਬਖਸ਼ਿਸ਼ਾਂ ਹੋਣਗੀਆਂ। ਆਪਣੇ ਵਾਸਤੇ ਜੀਉਣਾ, ਇਹ ਬੜੀ ਛੋਟੀ ਗੱਲ ਹੈ, ਵੱਡੀ ਬਾਤ ਨਹੀਂ ਹੋਇਆ ਕਰਦੀ।

ਹੁਣ ਸਮਾਂ ਇਜਾਜ਼ਤ ਨਹੀਂ ਦਿੰਦਾ, ਇਥੇ ਹੀ ਸਮਾਪਤੀ ਹੈ। ਸਾਰੇ ਪ੍ਰੇਮੀ ਅਨੰਦ ਸਾਹਿਬ 'ਚ ਬੋਲੋ ਭਾਈ।

ਗੁਰ ਸਤੋਤਰ, ਅਰਦਾਸ, ਹੁਕਮਨਾਮਾ।


**'ਆਤਮ ਮਾਰਗ' ਸੰਬੰਧੀ ਜ਼ਰੂਰੀ ਬੇਨਤੀਆਂ**

1. **ਰਿਨੂਅਲ ਦਾ ਚੰਦਾ ਭੇਜਣ ਲਈ ਮੈਂਬਰਸ਼ਿਪ ਨੰਬਰ ਅਤੇ ਰਿਨੂਅਲ ਤਾਰੀਖ ਦਾ ਵੇਰਵਾ ਜ਼ਰੂਰ ਦਿਤਾ ਜਾਵੇ ਅਤੇ ਇਹ ਵੀ ਦਸਿਆ ਜਾਵੇ ਕਿ ਚੰਦਾ ਰਿਨੂਅਲ ਲਈ ਹੈ ਜਾਂ ਨਵੀਂ ਮੈਂਬਰਸ਼ਿਪ ਲਈ ਹੈ।**
2. **ਜੇ ਕਿਸੇ ਪ੍ਰੇਮੀ ਨੇ ਆਤਮ ਮਾਰਗ ਲਈ ਚੰਦਾ ਜਮ੍ਹਾਂ ਕਰਾਇਆ ਹੋਵੇ ਅਤੇ ਉਸ ਨੂੰ ਮੈਗਜ਼ੀਨ ਨਾ ਪੁਜਦਾ ਹੋਵੇ ਤਾਂ ਉਹ ਜਮ੍ਹਾਂ ਕਰਵਾਈ ਗਈ ਰਕਮ ਦਾ ਰਸੀਦ ਨੰਬਰ ਆਦਿ ਲਿਖ ਕੇ ਭੇਜਣ ਦੀ ਕ੍ਰਿਪਾਲਤਾ ਕਰੇ।**
3. **'ਆਤਮ ਮਾਰਗ' ਇਕ ਧਾਰਮਿਕ ਮੈਗਜ਼ੀਨ ਹੈ, ਇਸ ਵਿਚ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਬਾਣੀ ਛਪੀ ਹੁੰਦੀ ਹੈ, ਕ੍ਰਿਪਾ ਕਰਕੇ ਇਸ ਨੂੰ ਰੱਦੀ ਵਿਚ ਨਾ ਵਰਤਿਆ ਜਾਵੇ। ਜੇਕਰ ਆਪ ਪੁਰਾਣੇ ਮੈਗਜ਼ੀਨ ਨਹੀਂ ਰਖਣਾ ਚਾਹੁੰਦੇ ਤਾਂ ਇਹ ਸਾਡੇ ਕਿਸੇ ਵੀ ਵਿਤਰਣ ਕੇਂਦਰ ਤੇ ਜਾਂ ਦਫ਼ਤਰ 'ਆਤਮ ਮਾਰਗ' ਰਤਵਾੜਾ ਸਾਹਿਬ ਵਾਪਿਸ ਕਰ ਦਿਤੇ ਜਾਣ।**

# ਚਉਥੈ ਪਹਰਿ ਸਬਾਹ ਕੈ
# ਸੁਰਤਿਆ ਉਪਜੈ ਚਾਉ
## ਤਿਨ ਦਰੀਆਵਾ ਸਿਉ ਦੋਸਤੀ ਮਨਿ ਮੁਖਿ ਸਚਾ ਨਾਉ॥
### (ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਦੀ ਸਮਾਪਤੀ ਉਪਰੰਤ ਕੀਤੇ ਬਚਨ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-43)*

ਉਹ ਕਹਿੰਦੇ ਰਸਤਾ ਤਾਂ ਬਹੁਤ ਸੁਖਾਲਾ (ਸੌਖਾ) ਹੈ। ਉਹ ਇਹ ਹੈ ਕਿ ਕੁਝ ਚੀਜ਼ਾਂ ਤੈਨੂੰ ਪ੍ਰਮੇਸ਼ਰ ਨੇ ਦਿਤੀਆਂ ਹੋਈਆਂ ਹਨ। ਤੂੰ ਆਪਣਾ ਕਬਜ਼ਾ ਕਰਕੇ ਬਹਿ ਗਿਆ ਉਨ੍ਹਾਂ ਤੇ, ਉਨ੍ਹਾਂ ਤੋਂ ਅਪਣੱਤ ਛੱਡ ਦੇਹ, ਉਹ ਵਾਪਸ ਕਰ ਦੇ ਜਿਸ ਤੋਂ ਲਈਆਂ ਨੇ। ਇਕ ਤਾਂ 'ਜੀਉ' ਤੇ 'ਪਿੰਡ' ਇੱਕ 'ਮਨ' ਇਹ ਅਰਪਨ ਕਰ ਦੇ। ਜੀਅ ਜੋ ਹੈ, ਜਿਸ ਦੇ ਵਿਚ 'ਮੈਂ' ਭਾਵ ਹੈ ਕਿ ਮੈਂ ਹਾਂ ਫਲਾਣਾ ਸਿੰਘ, ਮੇਰਾ ਘਰ, ਮੇਰੇ ਪੁੱਤਰ, ਮੇਰੀਆਂ ਧੀਆਂ, ਮੇਰੀ ਜਾਇਦਾਦ, ਮੈਂ ਫਲਾਣਾ ਅਫਸਰ, ਜਿਹੜੀ ਇਹ feeling (ਅਨੁਭਵ) ਹੁੰਦੀ ਹੈ ਇਹ ਜੀਵ ਨੂੰ ਹੁੰਦੀ ਹੈ। ਜਿਹੜੀ ਤੇਰੀ ਹੋਂਦ ਹੈ, ਬਣਿਆ ਹੋਇਆ ਹੈਂ ਤੂੰ, ਕਰੋੜਾਂ ਜਨਮਾਂ ਵਿਚ ਘੁੰਮਦਾ ਫਿਰਿਆ ਹੈਂ, ਤੇਰੀ ਹੋਂਦ ਜਿਸ ਮਹਾਨ ਸੱਤਾ ਦੀ ਅੰਸ ਹੈ - ਉਸ ਨੂੰ ਪਛਾਣ। ਉਹ ਕਿੰਨਾ ਕੁ ਹੈ? ਕਹਿੰਦੇ, ਇਕ ਅਣੂ ਤੋਂ ਵੀ ਛੋਟਾ ਹੈ, atom (ਐਟਮ) ਤੋਂ ਵੀ ਖਰਬਾਂ-ਖਰਬਾਂ ਗੁਣਾਂ ਛੋਟਾ ਹੈ, infinity ਹੈ, ਅੰਤ ਰਹਿਤ ਹੈ, ਕੋਈ ਗਿਣਤੀ ਮਿਣਤੀ ਦਸੀ ਹੀ ਨਹੀਂ ਜਾ ਸਕਦੀ, ਛੋਟਾ ਹੈ ਬਹੁਤ ਹੀ -

*ਸੂਛਮ ਤੇ ਸੂਛਮ ਕਰ ਚੀਨੇ ਬ੍ਰਿਧਨ ਬ੍ਰਿਧ ਬਤਾਏ॥*
*ਭੂਮ ਅਕਾਸ ਪਤਾਲ ਸਭੈ ਸਜਿ ਏਕ ਅਨੇਕ ਸਦਾਏ॥*

*ਪਾਤਸ਼ਾਹੀ ੧੦*

ਸੂਖਮ ਤੋਂ ਸੂਖਮ ਹੈ, ਜਿਥੇ ਜਾ ਕੇ ਅੰਦਾਜ਼ਾ ਖੜ੍ਹ ਜਾਂਦਾ ਹੈ ਉਸ ਤੋਂ ਵੀ ਅੱਗੇ ਹੋਰ ਸੂਖਮ ਹੈ, ਵੱਡੇ ਤੋਂ ਵੱਡਾ ਹੈ ਜਿਥੇ ਜਾ ਕੇ ਕਹੇਂਗਾ ਕਿ ਐਡਾ ਕੁ, ਉਸ ਤੋਂ ਅੱਗੇ ਹੋਰ ਹੈ। ਦੋਏ ਰੂਪ ਨੇ ਇਸ ਦੇ। ਇਹ ਤੇਰਾ ਜੀਉ, ਪ੍ਰਭੂ ਦੀ ਅੰਸ਼ ਹੈ, ਦਿਤਾ ਤੈਨੂੰ ਪ੍ਰਮੇਸ਼ਰ ਨੇ ਹੈ, ਤੂੰ ਵੱਖਰਾ ਭਾਵ ਬਣਾ ਕੇ ਆਪਣਾ ਮੰਨ ਬੈਠਿਆ ਇਸ ਨੂੰ, ਇਸ ਨੂੰ 'ਮੈਂ' ਕਹਿਣ ਲਗ ਗਿਆ। ਦੂਸਰਾ ਹੈ-ਸਰੀਰ। ਸਰੀਰ ਦੀ ਬਣਤਰ ਤੇਰੇ ਵਸ ਵਿਚ ਨਹੀਂ ਸੀ। ਜਿਹੋ-ਜਿਹਾ ਤੈਨੂੰ ਸਰੀਰ ਦਿਤਾ ਹੈ ਉਹੋ ਜਿਹਾ ਤੈਨੂੰ ਪ੍ਰਾਪਤ ਹੋਇਆ ਹੈ। ਸਰੀਰ ਦੇ ਨਾਲ ਬੇਅੰਤ ਚੀਜ਼ਾਂ ਤੈਨੂੰ ਦਿਤੀਆਂ ਨੇ। ਇਕ ਇਸ ਦੇ in-between (ਵਿਚ-ਵਿਚਾਲੇ) ਮਨ ਹੈ। ਸਰੀਰ ਦੇ ਤੇ ਜੀਵ ਦੇ ਵਿਚਾਲੇ ਮਨ ਹੈ, ਉਹ ਹੈ ਫੁਰਨਾ। ਉਸ ਦੇ ਵਿਚ ਬੇਅੰਤ ਸ਼ੰਕੇ ਵੀ ਪੈਦਾ ਹੁੰਦੇ ਨੇ, ਬੇਅੰਤ doubts ਪੈਦਾ ਹੁੰਦੇ ਨੇ, ਬੇਅੰਤ ਸ਼ਰਧਾ ਦੇ ਬਚਨ ਹੁੰਦੇ ਨੇ, ਬੇਅੰਤ ਅਸ਼ਰਧਾ ਦੇ ਹੁੰਦੇ ਨੇ, ਬੜੇ ਮਨਸੂਬੇ ਬੰਨ੍ਹਦਾ ਹੈ ਕਿ ਮੈਂ ਫਲਾਣੇ ਥਾਂ ਜਾਵਾਂ, ਢਿਮਕੇ ਥਾਂ ਜਾਵਾਂ। ਕਹਿੰਦੇ ਇਹ ਤਿੰਨੋ ਚੀਜ਼ਾਂ ਜਿਹੜੀਆਂ ਨੇ, ਇਹ ਦੇ-ਦੇ ਤੂੰ, ਸੌਂਪ ਦੇ ਜਿਸਦੀਆਂ ਹਨ, ਉਸ ਨੂੰ। ਕਹਿੰਦੇ ਉਸੇ ਵੇਲੇ ਤੈਨੂੰ ਪ੍ਰਮੇਸ਼ਰ ਮਿਲ ਜਾਏਗਾ, ਦੇਰ ਨਹੀਂ ਲੱਗਣੀ ਕਿਉਂਕਿ ਤੈਨੂੰ ਸਤਿ ਅਵਸਥਾ ਦਾ ਅਨੁਭਵ ਪ੍ਰਕਾਸ਼ ਹੋ ਜਾਵੇਗਾ। ਇਹ ਤਿੰਨ ਚੀਜ਼ਾਂ ਤੈਨੂੰ ਰੁਕਾਵਟ ਬਣ ਕੇ ਰੋਕੀ ਬੈਠੀਆਂ ਨੇ -

*ਹਉ ਹਉ ਭੀਤਿ ਭਇਓ ਹੈ ਬੀਚੋ*
*ਸੁਨਤ ਦੇਸਿ ਨਿਕਟਾਇਓ ॥*
*ਭਾਂਭੀਰੀ ਕੇ ਪਾਤ ਪਰਦੋ ਬਿਨੁ ਪੇਖੇ ਦੂਰਾਇਓ ॥*

*ਅੰਗ - ੬੨੪*

ਉਹ ਬਿਲਕੁਲ ਐਹ ਸਰੀਰ ਦੇ ਅੰਦਰ ਵਸਦਾ ਹੈ - ਤੇਰੇ ਸਰੀਰ ਦੇ ਅੰਦਰ, ਲੇਕਿਨ ਇਕ ਪੜਦਾ ਪੈ ਗਿਆ, ਪਰਛਾਵਾਂ ਪੈ ਗਿਆ। ਹਉਮੈ ਦਾ ਪਰਛਾਵਾਂ ਪੈ ਗਿਆ, 'ਮੈਂ' ਦਾ ਪਰਛਾਵਾਂ ਪੈ ਗਿਆ। ਤੂੰ ਇਸ 'ਮੈਂ' ਨੂੰ ਛੱਡ ਦੇ; ਬਾਕੀ ਕੀ ਰਹਿ ਗਿਆ? ਜਦ 'ਮੈਂ' ਨਾ ਰਹੀ ਕਹਿੰਦੇ ਫੇਰ ਮਿਲਣਾ ਕਿਸ ਨੇ ਹੈ? ਕਹਿੰਦੇ ਫੇਰ ਉਹ ਤਾਂ ਆਪੇ ਹੀ ਹੈ। ਇਹ 'ਮੈਂ' ਹੀ ਰੁਕਾਵਟ ਹੈ ਵਾਧੂ ਚੀਜ਼ ਹੈ, ਪਰਛਾਵੇਂ ਦੇ ਨਾਲ ਝੂਠੀ ਸੁਰਤਿ ਰਾਹੀਂ ਜਿਸ ਨੂੰ ਹਉਮੈ ਦੀ ਸੁਰਤਿ ਕਹਿੰਦੇ ਹਨ, ਤੂੰ ਪਰਚਿਆ ਹੋਇਆ ਹੈਂ। ਤੇਰੀ ਜਿਹੜੀ ਸੁਰਤਿ ਹੈ ਪਰਛਾਵੇਂ ਵਿਚ ਪਰਚ ਗਈ, ਉਸ ਚੀਜ਼ ਵਿਚ ਪਰਚ ਗਈ ਜਿਹੜੀ ਥਿਰ (ਹਮੇਸ਼ਾ, ਸਥਿਰ) ਨਹੀਂ ਰਹਿੰਦੀ, ਛਿਨ-ਛਿਨ ਦੇ ਵਿਚ ਬਦਲੀ ਹੋਈ ਜਾਂਦੀ ਹੈ, ਤੂੰ ਆਪ ਜਿਸ ਨੂੰ 'ਮੈਂ' ਕਹਿੰਦਾ ਹੈਂ ਉਹ ਵੀ ਬਦਲ ਰਿਹਾ ਹੈ -

*ਬਾਲ ਜੁਆਨੀ ਅਰੁ ਬਿਰਧਿ ਫੁਨਿ*
*ਤੀਨਿ ਅਵਸਥਾ ਜਾਨਿ ॥*

*ਕਹੁ ਨਾਨਕ ਹਰਿ ਭਜਨ ਬਿਨੁ*
*ਬਿਰਥਾ ਸਭ ਹੀ ਮਾਨੁ॥* *ਅੰਗ - ੧੪੨੯*

ਤੂੰ ਗਲਤੀ ਨਾਲ 'ਮੈਂ' ਕਹਿੰਦਾ ਹੈਂ, ਉਸ ਨੂੰ ਪਛਾਣ -

*ਮਨ ਤੂੰ ਜੋਤਿ ਸਰੂਪੁ ਹੈ ਆਪਣਾ ਮੂਲੁ ਪਛਾਣੁ ॥*
*ਮਨ ਹਰਿ ਜੀ ਤੇਰੈ ਨਾਲਿ ਹੈ ਗੁਰਮਤੀ ਰੰਗੁ ਮਾਣੁ ॥*
*ਅੰਗ - ੪੪੧*

ਜਦੋਂ ਤੈਨੂੰ ਆਪਣੇ ਮੂਲ ਦਾ ਪਤਾ ਲਗ ਜਾਏਗਾ ਕਿ ਮੈਂ ਜੋਤੀ ਹਾਂ, ਮੈਂ ਸਰੀਰ ਨਹੀਂ ਹਾਂ, ਮੈਂ ਮਨ ਨਹੀਂ ਹਾਂ, ਮੈਂ ਜੀਉ ਨਹੀਂ ਹਾਂ, ਮੈਂ ਪਿੰਡ ਨਹੀਂ ਹਾਂ, ਇਹ ਵਾਧੂ ਚੀਜ਼ਾਂ 'ਮੈਂ' ਮੰਨ ਬੈਠਿਆ, ਇਹ ਬੋਝ ਉਤਾਰ ਦੇ, ਉਤਾਰ ਕੇ ਗੁਰੂ ਦੇ ਚਰਨਾਂ ਵਿਚ ਅਰਪਨ ਕਰ ਦੇ। ਫੇਰ ਕੀ ਹੋਏਗਾ? ਕਹਿੰਦੇ, ਫੇਰ ਗੁਰੂ ਹੁਕਮ ਦਏਗਾ, 1430 ਅੰਗ ਦੇ ਅੰਦਰ ਹੁਕਮ ਆ ਰਿਹਾ ਹੈ, ਤੂੰ ਇਸ ਨੂੰ ਕਮਾ ਲੈ। ਜਦੋਂ ਇਹਨੂੰ ਕਮਾਏਂਗਾ ਤਾਂ ਪ੍ਰਮੇਸ਼ਰ ਮਿਲ ਜਾਏਗਾ -

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ - ੯੧੮*

ਤਿੰਨ ਚੀਜ਼ਾਂ ਦੇ-ਦੇ, ਕੋਸ਼ਿਸ਼ ਕਰ ਕੇ ਹੌਲੀ-ਹੌਲੀ ਦੇਣੀਆਂ ਸ਼ੁਰੂ ਕਰ ਦੇ। ਕੁਝ ਦੇਰ ਵਾਸਤੇ ਸਰੀਰ ਦੇ-ਦੇ, ਉਸ ਵੇਲੇ ਤੂੰ ਸੇਵਾ ਕਰਿਆ ਕਰ, ਬਾਣੀ ਪੜ੍ਹਿਆ ਕਰ, ਨਾਮ ਜਪਿਆ ਕਰ, ਸਿਮਰਨ ਕਰਿਆ ਕਰ। ਮਨ ਦੇ-ਦੇ, ਇਹ ਫੁਰਨੇ ਕਰਨ ਤੋਂ ਹਟਾ ਲੈ; ਜੀਅ (ਮੈਂ ਭਾਵ) ਦੇ-ਦੇ। ਜਦੋਂ ਦੇਵੇਂਗਾ ਤਾਂ ਤੂੰ ਦੇਖੇਂਗਾ ਕਿ ਇਥੇ ਤਾਂ ਹੈ ਹੀ ਪ੍ਰਮੇਸ਼ਰ। ਦੋ ਵਸਦੇ ਨੇ ਇਸ ਦੇ ਵਿਚ -

*ਨਾਨਕ ਤਰਵਰੁ ਏਕੁ ਫਲੁ ਦੁਇ ਪੰਖੇਰੂ ਆਹਿ॥*
*ਆਵਤ ਜਾਤ ਨ ਦੀਸਹੀ ਨਾ ਪਰ ਪੰਖੀ ਤਾਹਿ॥*
*ਅੰਗ - ੫੫੦*

ਇਕ ਤਾਂ ਇਹ ਹੈ ਜਿਹੜਾ ਕਿਤੇ ਨਹੀਂ ਜਾਂਦਾ, ਨਾ ਕਰਮ ਕਰਦਾ ਹੈ, ਨਾ ਫਲ ਭੋਗਦਾ ਹੈ, ਸਦਾ ਹੀ ਅਨੰਦ ਰਹਿੰਦਾ ਹੈ, ਨਾ ਉਸ ਦੇ ਫੰਗ (ਖੰਭ) ਨੇ - ਉਡਣ ਵਾਸਤੇ।

ਇਕ ਉਹ ਹੈ ਜਿਹੜਾ ਪਰਛਾਵਾਂ ਹੈ, ਉਹ ਉਡਦਾ ਫਿਰਦਾ ਹੈ -

*ਪੰਖੀ ਬਿਰਖ ਸੁਹਾਵੜੇ ਊਡਹਿ ਚਹੁ ਦਿਸਿ ਜਾਹਿ ॥*
*ਜੇਤਾ ਊਡਹਿ ਦੁਖ ਘਣੇ ਨਿਤ ਦਾਝਹਿ ਤੈ ਬਿਲਲਾਹਿ ॥*
*ਅੰਗ - ੬੬*

ਜਿੰਨੀਆਂ ਇਹ ਉਡਾਰੀਆਂ ਮਾਰਦਾ ਹੈ ਉਨਾਂ ਹੀ ਫਸਦਾ ਤੁਰਿਆ ਜਾਂਦਾ ਹੈ -

*ਮਾਇਆ ਜਾਲੁ ਪਸਾਰਿਆ ਭੀਤਰਿ ਚੋਗ ਬਣਾਇ ॥*
*ਤ੍ਰਿਸਨਾ ਪੰਖੀ ਫਾਸਿਆ ਨਿਕਸੁ ਨ ਪਾਏ ਮਾਇ ॥*
*ਅੰਗ - ੫੦*

ਕਹਿੰਦੇ ਮਾਇਆ ਨੇ ਚੋਗ ਪਸਾਰ ਦਿਤਾ, ਇਕ ਜਾਲ ਵਿਛਾ ਦਿਤਾ। ਇਸ ਦੇ ਉਤੇ ਉਡਦਾ ਪੰਛੀ ਆ ਕੇ ਬੈਠ ਗਿਆ। ਕਹਿੰਦੇ, ਹੁਣ ਕਿਵੇਂ ਨਿਕਲੇਗਾ, ਜਾਲ ਦੇ ਵਿਚ ਬੁਰੀ ਤਰ੍ਹਾਂ ਫਸ ਗਿਆ।

ਸੋ ਕਹਿੰਦੇ, ਸਤਿਸੰਗ ਦੇ ਮਿਲਣ ਨਾਲ, ਪੂਰੇ ਗੁਰੂ ਦੀ ਕ੍ਰਿਪਾ ਹੋਣ ਦੇ ਨਾਲ, ਇਹ ਤਿੰਨ ਚੀਜ਼ਾਂ ਜੇ ਤੂੰ ਦੇ ਸਕੇਂ ਤਾਂ ਦੇ-ਦੇ। ਜਦੋਂ ਦੇ ਦੇਵੇਂਗਾ, ਉਸੇ ਵੇਲੇ ਤੈਨੂੰ ਪ੍ਰਾਪਤੀ ਹੋ ਜਾਵੇਗੀ ਕਿਉਂਕਿ ਇਹ ਵਾਧੂ ਹੈ, ਤੂੰ ਆਪਣੀ ਮਨੌਤ ਬਣਾਈ ਹੋਈ ਹੈ ਪਰਛਾਵੇਂ ਨੂੰ ਆਪਣਾ 'ਆਪ' ਮੰਨਿਆ ਹੋਇਆ ਹੈ ਤੂੰ। ਜਦੋਂ ਜੋਤੀ ਨੂੰ ਮੰਨ ਲਏਂਗਾ ਆਪਣਾ-ਆਪ, ਆਤਮਾ ਮੰਨ ਲਏਂਗਾ - ਆਪਣੇ ਆਪ ਨੂੰ, ਉਸ ਵੇਲੇ ਆਤਮਾ ਤੇ ਪ੍ਰਮਾਤਮਾ ਵਿਚ ਕੋਈ ਫਰਕ ਨਹੀਂ ਰਹਿੰਦਾ -

*ਆਤਮਾ ਪਰਾਤਮਾ ਏਕੋ ਕਰੈ ॥*
*ਅੰਤਰ ਕੀ ਦੁਬਿਧਾ ਅੰਤਰਿ ਮਰੈ ॥* *ਅੰਗ - ੬੬੧*

ਉਹ ਪ੍ਰਮੇਸ਼ਰ ਦਾ ਸਰੂਪ ਹੋ ਜਾਂਦਾ ਹੈ ਲੇਕਿਨ ਇਹ ਫੜ ਨਹੀਂ ਹੁੰਦੀ ਗੱਲ -

*ਇਸੁ ਕਰਤੇ ਕਉ ਕਿਉ ਗਹਿ ਰਾਖਉ*
*ਅਫਰਿਓ ਤੁਲਿਓ ਨ ਜਾਈ ॥* *ਅੰਗ - ੯੩੦*

ਕਹਿੰਦੇ ਨਾ ਫੜ੍ਹ ਹੁੰਦਾ ਹੈ ਨਾ ਇਸ ਦੀ ਕੀਮਤ ਪੈਂਦੀ ਹੈ, ਕਿਸ ਤਰ੍ਹਾਂ ਰੱਖੀਏ? ਮਹਾਰਾਜ ਕਹਿੰਦੇ ਤੂੰ ਗੁਰੂ ਦੇ ਲੜ ਲੱਗ। ਗੁਰੂ ਤੈਨੂੰ ਇਕ ਮੰਤਰ ਦੇਵੇਗਾ, ਉਸ ਦੇ ਨਾਲ ਤੂੰ ਮਜ਼ਬੂਤ ਹੁੰਦਾ ਚਲਿਆ ਜਾਏਂਗਾ। ਉਸ ਮੰਤਰ ਦਾ ਜਾਪ ਕਰੀ ਜਾਹ, ਜਾਪ ਕਰਦੇ-ਕਰਦੇ ਤੇਰਾ ਅਧਿਆਸ ਜਿਹੜਾ ਦੇਹ ਦਾ ਹੈ, ਟੁੱਟਣਾ ਸ਼ੁਰੂ ਹੋ ਜਾਏਗਾ ਤੇ ਆਤਮ ਅਧਿਆਸ ਤੇਰਾ ਪੱਕਣਾ ਸ਼ੁਰੂ ਹੋ ਜਾਏਗਾ। ਜਿਉਂ-ਜਿਉਂ ਉਧਰਲਾ ਪਾਸਾ ਭਾਰੀ ਹੋਏਗਾ, ਤਿਉਂ-ਤਿਉਂ ਫੇਰ ਤੂੰ ਉਸ ਚੀਜ਼ ਨੂੰ ਫੜਨ ਦੇ ਕਾਬਲ ਹੋ ਜਾਏਂਗਾ, ਫੇਰ ਤੇਰੇ ਸਦਾ ਯਾਦ ਰਹਿਣ ਲੱਗ ਜਾਏਗਾ ਕਿ ਮੈਂ ਦੇਹ ਨਹੀਂ, ਪ੍ਰਾਣ ਨਹੀਂ, ਮਨ ਨਹੀਂ, ਬੁੱਧੀ ਨਹੀਂ। ਇਹ ਸਭ ਜੜ੍ਹ ਹਨ, ਮੈਂ ਚੇਤਨ ਹਾਂ। ਮੈਂ 'ਜੀਵ' ਰੂਪ ਪਰਛਾਵਾਂ ਭੀ ਨਹੀਂ, ਮੈਂ ਇਸ ਪ੍ਰਤੀਬਿੰਧ ਦਾ ਬਿੰਬ ਹਾਂ। ਮੈਂ ਕੁਝ ਭੀ ਨਹੀਂ ਉਹ ਆਪ ਹੀ ਹੈ - ਆਪੇ ਆਪ। ਕਦੇ ਭੁੱਲੇਗਾ ਨਹੀਂ, ਇਸ ਤਰ੍ਹਾਂ ਦੇ ਨਾਲ ਤੂੰ ਆਪਣੇ ਮੰਤਵ ਨੂੰ ਪ੍ਰਾਪਤ ਹੋ ਸਕਦਾ ਹੈਂ।

# ਪਰਮ ਪਿਆਰੇ ਮਹਿਬੂਬ ਪਿਤਾ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਪ੍ਰਕਾਸ਼ ਉਤਸਵ ਤੇ ਵਿਸੇਸ਼
# (ਅਬ ਮੈ ਅਪਨੀ ਕਥਾ ਬਖਾਨੋ)

*ਸੰਤ ਵਰਿਆਮ ਸਿੰਘ ਜੀ*
*ਬਾਨੀ, ਟਰੱਸਟ ਰਤਵਾੜਾ ਸਾਹਿਬ*

*ਸਰਗੁਨ ਨਿਰਗੁਨ ਨਿਰੰਕਾਰ ਸੁੰਨ ਸਮਾਧੀ ਆਪਿ ॥*
*ਆਪਨ ਕੀਆ ਨਾਨਕਾ ਆਪੇ ਹੀ ਫਿਰਿ ਜਾਪਿ ॥*
*ਅੰਗ - ੨੯੦*

ਸਾਧਸੰਗਤ ਜੀ! ਗੱਜ ਕੇ ਬੋਲਣਾ ਸਤਿਨਾਮ ਸ੍ਰੀ ਵਾਹਿਗੁਰੂ। ਗੁਰੂ ਮਹਾਰਾਜ ਦੀ ਅਪਾਰ ਕ੍ਰਿਪਾ ਦੇ ਨਾਲ ਏਸ ਕਲਜੁਗ ਦੇ ਜਲਦੇ ਬਲਦੇ ਸਮੇਂ ਦੇ ਅੰਦਰ, ਜਦੋਂ ਕਿ ਹਰ ਪਾਸੇ ਹਾਹਾਕਾਰ ਮਚੀ ਹੋਈ ਹੈ, ਸਾਰੀ ਦੁਨੀਆਂ ਜਲ ਰਹੀ ਹੈ, ਆਦਮੀ ਹੈਰਾਨ ਹੈ ਕਿ ਕੀ ਕੀਤਾ ਜਾਵੇ? ਏਸ ਸੰਸਾਰ ਦੇ ਉਤੇ ਕੀ ਹੋ ਰਿਹਾ ਹੈ? ਵੱਡੇ-ਵੱਡੇ ਸਿਆਣੇ ਜੋ ਮੁਖੀ ਹਨ, ਉਹ ਵੀ ਇਸ ਸੋਚ ਹਨ ਕਿ ਕਿਵੇਂ ਆਦਮੀ ਦੇ ਮਨ ਨੂੰ ਸ਼ਾਂਤੀ ਪਹੁੰਚੇ? ਪਰ ਇਹ ਸ਼ਾਂਤੀ -

*ਬਿਨੁ ਹਰਿ ਨਾਮ ਨ ਸਾਂਤਿ ਹੋਇ*
*ਕਿਤੁ ਬਿਧਿ ਮਨੁ ਧੀਰੇ ॥* *ਅੰਗ - ੭੦੨*

ਜਿੰਨੀ ਦੇਰ ਤੱਕ ਨਾਮ ਦਾ ਮਾਹੌਲ ਨਹੀਂ ਮਿਲਦਾ ਓਨੀ ਦੇਰ ਤੱਕ ਮਨ ਵਿਚ ਧੀਰਜ ਨਹੀਂ ਆ ਸਕਿਆ ਕਰਦਾ। ਸੋ ਆਪ ਉਪਰ ਵਾਹਿਗੁਰੂ ਜੀ ਦੀ ਕ੍ਰਿਪਾ ਹੈ ਕਿ ਆਪ ਦੂਰ-ਦਰਾਜ਼ ਤੋਂ ਚੱਲ ਕੇ, ਬੱਸਾਂ ਦੇ ਰਾਹੀਂ, ਟਰੱਕਾਂ ਦੇ ਰਾਹੀਂ, ਹੋਰ ਅਨੇਕਾਂ ਸਵਾਰੀਆਂ ਦੇ ਰਾਹੀਂ ਦੂਰ-ਦਰਾਜ ਤੋਂ ਏਸ ਸਥਾਨ ਤੇ ਪਹੁੰਚੇ ਓਂ। ਕਿਸ ਵਾਸਤੇ? ਕਿ ਆਪਣੇ ਪਰਮ ਪਿਆਰੇ ਮਹਿਬੂਬ ਪਿਤਾ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ ਦਾ ਪ੍ਰਕਾਸ਼ ਉਤਸਵ ਅੱਜ ਸਾਰੇ ਸੰਸਾਰ ਵਿਚ ਮਨਾਇਆ ਜਾ ਰਿਹਾ ਹੈ। ਸਾਰੇ ਆਪਣੀ ਸ਼ਰਧਾ, ਹਰ ਥਾਂ ਦੇ ਅੰਦਰ, ਜਿੰਨਾ ਵੀ ਕਿਸੇ ਅੰਦਰ ਬੋਲ ਹੈ ਉਹ ਬੋਲ ਕੇ ਪ੍ਰਗਟ ਕਰ ਰਿਹਾ ਹੈ, ਜਿਹਦੇ ਹਿਰਦੇ ਦੇ ਅੰਦਰ ਵਲਵਲੇ ਨੇ, ਉਹ ਵਲਵਲਿਆਂ ਦੇ ਰਾਹੀਂ ਭੇਂਟ ਕਰ ਰਿਹਾ ਹੈ, ਜਿਸਨੂੰ ਪ੍ਰਮੇਸ਼ਰ ਨੇ ਕੁਛ ਮਾਇਕ ਤਾਕਤ ਦਿਤੀ ਹੈ, ਉਹ ਬੇਅੰਤ ਕਿਸਮ ਦੇ ਨਾਲ ਸੇਵਾ ਕਰ ਰਿਹਾ ਹੈ, ਕੋਈ ਲੰਗਰਾਂ ਦੀ ਸੇਵਾ ਕਰ ਰਿਹਾ ਹੈ, ਕੋਈ ਹੋਰ ਸੇਵਾ ਕਰ ਰਿਹਾ ਹੈ। ਸਾਰਿਆਂ ਦੇ ਮਨ ਵਿਚ ਉਤਸ਼ਾਹ ਹੈ। ਕਿਉਂ ਹੈ? ਕਿਉਂਕਿ ਉਹ ਐਨੇ ਪਿਆਰੇ ਗੁਰੂ ਸਨ, ਐਨੇ ਪਿਆਰੇ ਨੇ ਕਿ ਸਾਡੇ ਸਿਰਫ ਉਨ੍ਹਾਂ ਸਿੰਘਾਂ ਦੇ ਹਿਰਦੇ ਵਿਚ ਹੀ ਨਹੀਂ ਉਹ, ਰੋਮ-ਰੋਮ ਵਿਚ ਸਮਾਏ, ਆਉਣ ਵਾਲੀਆਂ ਨਸਲਾਂ ਹਜ਼ਾਰਾਂ ਸਾਲ ਤੱਕ ਜਦੋਂ ਵੀ ਉਨ੍ਹਾਂ ਦੇ ਪਿਆਰ ਦਾ ਜ਼ਿਕਰ ਕਰਨਗੇ, ਯਾਦ ਕਰਨਗੇ, ਉਸੇ ਵੇਲੇ ਪਿਆਰ ਦੀਆਂ ਝੁਣਝੁਣੀਆਂ ਸ਼ੁਰੂ ਹੋ ਜਾਇਆ ਕਰਨਗੀਆਂ ਕਿਉਂਕਿ ਇਸ ਸੰਸਾਰ ਦੇ ਅੰਦਰ ਜਨਤਾ ਦੇ ਨਾਲ ਇਕਮਿਕ ਹੋਣ ਵਾਲੀ, ਕੋਈ ਵੱਡੀ ਹਸਤੀ ਬਹੁਤ ਘੱਟ ਪ੍ਰਗਟ ਹੋਈ ਹੈ। ਫੇਰ ਖਾਸ ਕਰਕੇ ਏਸ ਕਲਜੁਗ ਦੇ ਅੰਦਰ।

ਗੁਰੂ ਦਸਵੇਂ ਪਾਤਸ਼ਾਹ ਸਾਡੇ ਸਾਰਿਆਂ ਦੇ ਨੇ ਤੇ ਅਸੀਂ ਸਾਰੇ ਓਸ ਦੇ ਹਾਂ, ਉਨ੍ਹਾਂ ਦਾ ਬਚਨ ਹੈ -

***ਪੰਥ ਖਾਲਸਾ ਖੇਤੀ ਮੇਰੀ***
***ਕਰਹੁ ਸੰਭਾਲ ਮਹਿ ਤਿਸ ਕੇਰੀ।***

ਮੈਂ ਚਲਿਆ ਨਹੀਂ ਜਾਣਾ, ਤੁਹਾਨੂੰ ਛੱਡ ਨਹੀਂ ਜਾਣਾ, ਮੈਂ ਏਸ ਤਰ੍ਹਾਂ ਸੰਭਾਲ ਕਰਾਂਗਾ ਜਿਵੇਂ ਕਿ ਇਕ ਕਿਸਾਨ ਦਿਨ ਰਾਤ ਆਪਣੀ ਖੇਤੀ ਦੇ ਵਿਚ ਘੁੰਮਦਾ ਹੈ, ਕਦੇ ਪਾਣੀ ਦਿੰਦਾ, ਖਾਦ ਦਿੰਦਾ ਹੈ, ਕਦੇ ਗੁਡਾਈ ਕਰਦਾ ਹੈ, ਕਦੇ ਜਾਨਵਰਾਂ ਤੋਂ ਬਚਾਉਂਦਾ ਹੈ। ਠੀਕ ਏਸੇ ਤਰ੍ਹਾਂ ਮੈਂ ਕਰਾਂਗਾ, ਮੈਂ ਤੁਹਾਨੂੰ ਨਹੀਂ ਛੱਡਾਂਗਾ, ਜਦੋਂ ਵੀ ਛੱਡੋਗੇ, ਤੁਸੀਂ ਮੈਨੂੰ ਛੱਡੋਗੇ। ਕਿਉਂਕਿ ਮਿਸਾਲਾਂ ਨੇ। ਗੁਰੂ ਨੇ ਅਨੰਦਪੁਰ ਸਾਹਿਬ ਦੇ ਅੰਦਰ ਨਹੀਂ ਛੱਡਿਆ। ਲੇਕਿਨ ਸਿੱਖ ਕੁਛ ਛੱਡ ਗਏ ਤੇ ਲਿਖ ਕੇ ਦੇ ਗਏ ਕਿ ਤੂੰ ਸਾਡਾ ਗੁਰੂ ਨਹੀਂ, ਅਸੀਂ ਤੇਰੇ ਸਿੱਖ ਨਹੀਂ ਕਿਉਂਕਿ ਸੰਕਟ ਐਸਾ ਸੀ। ਸਾਡੇ ਨਾਲੋਂ ਕਰੋੜਾਂ ਗੁਣਾਂ ਚੰਗੇ ਸੀ। ਜਦੋਂ ਅਸੀਂ ਅੰਦਾਜ਼ਾ ਲਾਉਂਦੇ ਹਾਂ ਕਿ ਉਨ੍ਹਾਂ ਦੀ ਹਾਲਤ ਕੀ ਸੀ ਜਿਸ ਮੌਕੇ ਤੇ ਉਨ੍ਹਾਂ ਨੇ ਇਹ ਗੱਲ ਕਹੀ? ਹੈਰਾਨ ਹੋ ਜਾਈਦਾ ਹੈ ਕਿ ਗੁਰੂ ਦਸਵੇਂ ਪਾਤਸ਼ਾਹ ਮਹਾਰਾਜ ਅਨੰਦਪੁਰ ਦੇ ਕਿਲੇ ਦੇ ਅੰਦਰ ਛੇ ਮਹੀਨੇ ਤੋਂ ਤਕਰੀਬਨ 10 ਲੱਖ ਫੌਜਾਂ ਦੇ ਅੰਦਰ ਘਿਰੇ ਹੋਏ ਨੇ। ਜੋ ਥਾਂ-ਥਾਂ ਤੇ ਸਾਰੇ ਪੰਜਾਬ ਵਿਚ ਬੈਠੀਆਂ ਨੇ, ਕਿਸੇ ਥਾਂ ਤੋਂ ਕਿਸੇ ਜਥੇ ਨੂੰ ਤੁਰਨ ਨਹੀਂ ਦਿੰਦੀਆਂ, ਕੋਈ ਰਾਸ਼ਨ ਨਹੀਂ ਤੁਰਨ ਦਿੰਦੀਆਂ। ਕਿਸੇ ਪੁਲ ਤੋਂ ਨਹੀਂ ਲੰਘਣ ਦਿੰਦੀਆਂ ਤੇ ਬਾਹਰਲੀ ਦੁਨੀਆਂ ਦੇ ਨਾਲੋਂ ਬਿਲਕੁਲ ਕਟੇ ਹੋਏ ਨੇ। ਅੰਦਰ ਰਾਸ਼ਨ ਖਤਮ ਹੋ

ਗਿਆ। ਅਨਗਿਣਤ ਸਿੰਘ ਸ਼ਹੀਦ ਹੋ ਗਏ। ਗਿਣਤੀ ਦੇ ਮੁੱਠੀ ਭਰ ਸਿੰਘ ਰਹਿ ਗਏ। ਉਨ੍ਹਾਂ ਨੂੰ ਐਸੀ ਹਾਲਤ ਆ ਗਈ ਕਿ ਇਕ ਵਾਰੀ ਦਸ਼ਮੇਸ਼ ਪਿਤਾ ਬਾਹਰ ਨਿਕਲ ਕੇ ਦੇਖਦੇ ਨੇ, ਕਹਿਣ ਲੱਗੇ ਪ੍ਰੇਮੀਓ! ਆਹ ਦਰਖਤਾਂ ਦੇ ਪੱਤੇ ਕਿੱਥੇ ਗਏ? ਛਿੱਲਾਂ ਕਿੱਥੇ ਗਈਆਂ?

ਜਵਾਬ ਮਿਲਿਆ, ਸੱਚੇ ਪਾਤਸ਼ਾਹ! ਤੇਰੇ ਪਰਵਾਨਿਆਂ ਨੇ ਪੱਤੇ ਉਬਾਲ-ਉਬਾਲ ਖਾ ਲਏ, ਛਿੱਲਾਂ ਪੀਹ-ਪੀਹ ਕੇ ਖਾਹ ਲਈਆਂ ਤਾਂ ਕਿ ਕੁਛ ਦੇਰ ਹੋਰ ਸਰੀਰ ਕਾਇਮ ਰਹਿ ਜਾਵੇ। ਇਹ ਸਰੀਰ ਕਿਸੇ ਲੇਖੇ 'ਚ ਲਗ ਜਾਵੇ, ਭੁੱਖ ਦੇ ਦੁਖ ਨਾਲ ਨਾ ਮਰ ਜਾਵੇ। ਇਕ-ਇਕ ਮੁੱਠੀ ਰੋਜ਼ ਦੀ ਅੱਠਾਂ ਪਹਿਰਾਂ ਦੀ, ਗੁਰੂ ਮਹਾਰਾਜ ਨੂੰ, ਸਾਹਿਬਜ਼ਾਦਿਆਂ ਨੂੰ ਪ੍ਰਾਪਤ ਹੁੰਦੀ ਸੀ ਛੋਲਿਆਂ ਦੀ। ਰਾਸ਼ਨ ਬਿਲਕੁਲ ਖਤਮ ਹੋ ਗਿਆ। ਬਾਹਰ ਜਾਂਦੇ ਨੇ, ਛਾਪੇ ਮਾਰਦੇ ਨੇ, ਕੁੱਛ ਰਾਸ਼ਨ ਕਦੇ-ਕਦੇ ਆਉਂਦਾ ਹੈ ਤੇ ਸਿਰਫ ਪਾਣੀ ਦੇ ਆਸਰੇ ਜੀਉਂ ਰਹੇ ਨੇ। ਓਸ ਹਾਲਤ ਦਾ ਜਦੋਂ ਦੁਸ਼ਮਣ ਨੂੰ ਪਤਾ ਲੱਗਿਆ ਤਾਂ ਉਸ ਨੇ ਇਸ ਦਾ ਫਾਇਦਾ ਉਠਾਉਣ ਵਾਸਤੇ, ਕਿਉਂਕਿ ਤਾਕਤ-ਅਜਮਾਈ ਉਨ੍ਹਾਂ ਨੇ ਕਰਕੇ ਦੇਖ ਲਈ ਸੀ, ਉਸ ਤੋਂ ਬਾਅਦ ਦੂਸਰੀ ਨੀਤੀ ਹੁੰਦੀ ਹੈ, ਭੇਦ ਦੀ, ਫੁੱਟ ਪਾਉਣ ਦੀ। ਜਦੋਂ ਤੋਂ ਸੰਸਾਰ ਰਚਿਆ ਹੈ, ਜਦੋਂ ਤੋਂ ਰਾਜ ਸ਼ੁਰੂ ਹੋਏ ਨੇ, ਉਦੋਂ ਤੋਂ ਇਹ ਗੱਲ ਚਲੀ ਆਈ ਹੈ ਕਿ ਦੁਸ਼ਮਣ ਦੀਆਂ ਸਫਾ ਦੇ ਅੰਦਰ ਭੇਦ ਪਾ ਦਿਓ, ਫੁੱਟ ਪਾ ਦਿਓ। ਅੱਧੀ ਤਾਕਤ ਉਨ੍ਹਾਂ ਦੀ ਖਤਮ ਹੋ ਜਾਂਦੀ ਹੈ, ਪੂਰੇ ਦਿਲ ਨਾਲ ਫੇਰ ਨਹੀਂ ਮੁਕਾਬਲਾ ਕਰਦੇ। ਵੱਡੀਆਂ-ਵੱਡੀਆਂ ਫੌਜਾਂ ਏਸੇ ਗੱਲ ਤੇ ਹਾਰੀਆਂ ਨੇ ਕਿ ਉਨ੍ਹਾਂ ਦੇ ਅੰਦਰ ਫੁੱਟ ਪੈ ਗਈ। ਸਿੰਘਾਂ ਦਾ ਜੋ ਰਾਜ ਗਿਆ ਹੈ ਉਹ ਫੁੱਟ ਦੇ ਕਾਰਨ ਗਿਆ ਹੈ। ਲੜਾਈ ਲੜੀ ਜਾ ਰਹੀ ਹੈ, ਸਿੰਘ ਵੱਧ-ਵੱਧ ਕੇ ਸ਼ਹੀਦੀਆਂ ਦੇ ਰਹੇ ਨੇ, ਲੇਕਿਨ ਅੱਠ ਹਜ਼ਾਰ ਫੌਜ ਵਿਚਾਲਿਓਂ ਪਿਛੇ ਕੱਢ ਲਈ। ਸਤਲੁਜ ਦਰਿਆ ਤੇ ਲੈ ਗਏ, ਜਦੋਂ ਫੌਜ ਦਰਿਆ 'ਚੋਂ ਲੰਘਣ ਲੱਗੀ, ਪੁਲ ਵੱਢ ਦਿਤਾ, ਸਾਰੀ ਫੌਜ ਉਹਦੇ ਵਿਚ ਆ ਗਈ। ਬੜੀ ਦੁਖਾਂਤ ਘਟਨਾ ਹੋਈ ਹੈ, ਧੋਖਾ ਹੋਇਆ ਹੈ, ਜਿਹਦੇ ਨਾਲ ਸਿੰਘਾਂ ਦਾ ਬਹੁਤ ਖੂਨ ਬਹਾ-ਬਹਾ ਕੇ ਲਿਆ ਹੋਇਆ ਰਾਜ ਗਿਆ। ਸੋ ਇਹ ਫੁੱਟ ਖਹਿੜਾ ਨਹੀਂ ਛੱਡਿਆ ਕਰਦੀ।

ਸੋ ਉਸ ਨੇ ਵੀ ਫੁੱਟ ਪੁਆਉਣ ਦੇ ਇਰਾਦੇ ਦੇ ਨਾਲ, ਆਟੇ ਦੀ ਗਊ ਬਣਾ ਕੇ, ਕੁਰਾਨ ਸ਼ਰੀਫ ਦੀ ਪਵਿੱਤਰ ਪੁਸਤਕ ਥਾਲ ਵਿਚ ਰੱਖੀ। ਰੁਮਾਲੇ ਉਪਰ ਦਿਤੇ। ਪੰਜ ਦੱਸ ਬੰਦੇ ਚੁੱਕ ਕੇ ਤੁਰੇ ਹੋਏ ਨੇ। ਬੜੇ ਆਦਰ ਤੇ ਸਤਿਕਾਰ ਦੇ ਨਾਲ ਲੈ ਕੇ ਆ ਰਹੇ ਨੇ। ਦਰਵਾਜ਼ੇ ਖੁਲ੍ਹ ਗਏ। ਗੁਰੂ ਮਹਾਰਾਜ ਦੇ ਸਾਮ੍ਹਣੇ ਆ ਕੇ ਰੱਖ ਦਿਤੀ। ਪਾਤਸ਼ਾਹ! ਸਾਰਾ ਹਿੰਦੂ ਜਗਤ ਗਊ ਦੀ ਸੁਗੰਧ ਖਾਂਦਾ ਹੈ, ਸਾਰੇ ਇਸਲਾਮ ਵਾਲੇ ਜਿੰਨੇ ਵੀ ਆਫੀਸਰ ਇਹ ਸਾਰੇ ਕੁਰਾਨ ਸ਼ਰੀਫ ਦੀ ਸੁਗੰਧ ਖਾਂਦੇ ਨੇ ਤੇ ਇਕ ਗੱਲ ਕਹਿੰਦੇ ਨੇ ਕਿ ਸਾਨੂੰ ਹੁਣ ਯੁੱਧ ਕਰਦਿਆਂ ਨੂੰ ਬਹੁਤ ਦੇਰ ਹੋ ਗਈ। ਫੈਸਲਾ ਕੋਈ ਨਹੀਂ ਹੋਇਆ। ਸੱਚੇ ਪਾਤਸ਼ਾਹ! ਤੁਸੀਂ ਤਾਂ ਕਿਲ੍ਹੇ 'ਚ ਬੈਠੇ ਓਂ, ਪਰ ਅਸੀਂ ਬਹੁਤ ਤੰਗ ਪੈ ਗਏ। ਰੋਜ਼ ਦੀਆਂ ਤਾਕੀਦ ਭਰੀਆਂ ਚਿੱਠੀਆਂ ਬਾਦਸ਼ਾਹ ਵਲੋਂ ਆਉਂਦੀਆਂ ਨੇ ਕਿ ਅਨਗਿਣਤ ਬੰਦਿਆਂ ਦਾ ਖ਼ੂਨ ਹੋ ਚੁੱਕਿਆ ਹੈ। ਇਕ ਛੋਟੀ ਜਿਹੀ ਗੱਲ ਹੈ ਜੇ ਆਪ ਕਰ ਲਓਂ, ਆਪ ਗੁਰੂ ਓਂ ਸਾਰਾ ਭਰਤ ਵਰਸ਼ ਕੀ, ਸਾਰੀ ਦੁਨੀਆਂ ਦੇ ਸਾਂਝੇ ਓਂ। ਆਪ ਜੇ ਕਿਲ੍ਹਾ ਛੱਡ ਕੇ, ਇਥੋਂ ਛੱਡ ਕੇ ਚਲੇ ਜਾਵੋਂ ਤਾਂ ਸਾਡੀ ਵੀ ਇਜ਼ਤ ਰਹਿ ਜਾਵੇਗੀ ਤੇ ਆਪ ਨੇ ਤਾਂ ਸਿੱਖੀ ਦਾ ਪ੍ਰਚਾਰ ਹੀ ਕਰਨਾ ਹੈ, ਬਾਦਸ਼ਾਹ ਨਾਲ ਸਮਝੌਤਾ ਹੋ ਜਾਏਗਾ। ਸਾਰੀਆਂ ਚੀਜ਼ਾਂ ਆਉਣਾ, ਜਾਣਾ, ਤੁਰਨਾ, ਫਿਰਨਾ ਆਰਾਮ ਨਾਲ ਹੋ ਜਾਏਗਾ। ਸੋ ਓਸ ਚਿੱਠੀ ਦੇ ਉਤੇ ਮਹਾਰਾਜ ਜੀ ਵਿਚਾਰ ਲਿਖ ਦਿਤੀ। ਬਹੁਤਿਆਂ ਨੇ ਤਾਂ ਇਹ ਗੱਲ ਕਹੀ ਜਿਹੜੇ ਪਰਵਾਨੇ ਸੀ, ਅਸੀਂ ਤਾਂ ਅਲਪੱਗ ਜੀਵ ਹਾਂ ਸਾਨੂੰ ਨਹੀਂ ਪਤਾ ਤੇਰੀ ਕਥੀ ਦਾ, ਜਿਵੇਂ ਤੈਨੂੰ ਭਾਉਂਦਾ ਹੈ ਉਸੇ ਤਰ੍ਹਾਂ ਅਸੀਂ ਤਿਆਰ ਹਾਂ। ਕਿਉਂਕਿ ਅਸੀਂ ਤਾਂ ਸਰੀਰ ਤੈਨੂੰ ਦੇ ਚੁੱਕੇ ਹਾਂ ਸਾਡਾ ਹੁਣ ਆਪਣਾ ਕੁਛ ਵੀ ਨਹੀਂ -

***ਕਬੀਰ ਮੇਰਾ ਮੁਝ ਮਹਿ ਕਿਛੁ ਨਹੀ***
***ਜੋ ਕਿਛੁ ਹੈ ਸੋ ਤੇਰਾ ॥***
***ਤੇਰਾ ਤੁਝ ਕਉ ਸਉਪਤੇ ਕਿਆ ਲਾਗੈ ਮੇਰਾ ॥***

***ਅੰਗ - ੧੩੭੫***

ਪਾਤਸ਼ਾਹ! ਅਸੀਂ ਤਾਂ ਆਪਣੇ ਪਾਸ ਆਪਣਾ ਕੁਛ ਵੀ ਨਹੀਂ ਰੱਖਿਆ ਨਾ ਪੰਜਾਂ ਤੱਤਾਂ ਦਾ ਸਰੀਰ ਆਪਣਾ ਮੰਨਿਆ ਹੈ, ਨਾ ਪੰਜ ਕਰਮ ਇੰਦ੍ਰੇ, ਨਾ ਪੰਜ ਗਿਆਨ ਇੰਦ੍ਰੇ ਤੇ ਨਾ ਪੰਜ ਪ੍ਰਾਣ, ਨਾ ਮਨ, ਨਾ ਚਿੱਤ, ਨਾ ਬੁੱਧ, ਆਪਣਾ ਆਪ ਵੀ ਅਸੀਂ ਆਪ ਦੇ ਹਵਾਲੇ ਕੀਤਾ ਹੋਇਆ ਹੈ। ਜੋ ਆਪ ਦੀ ਰਜ਼ਾ, ਜੋ ਆਪ ਦਾ ਹੁਕਮ ਕਿਉਂਕਿ ਆਪ ਦਾ ਫੁਰਮਾਨ ਸੀ ਜਦੋਂ ਆਪ ਦੇ ਚਰਨੀਂ ਲੱਗੇ ਸੀ ਤਾਂ ਆਪ ਨੇ ਇਹ ਤਾਕੀਦ ਕੀਤੀ ਸੀ ਕਿ ਸਿੱਖਾ! ਮੇਰੇ ਨਾਲ ਪਿਆਰ ਪਾਉਣ ਦੀ ਸੋਚਦਾ ਹੈਂ? ਜੇ ਸੋਚਦਾ ਹੈਂ ਤਾਂ ਧਿਆਨ ਦੇ, ਇਹ ਥੋੜ੍ਹੀ ਜਿਹੀ ਔਖੀ ਗੱਲ ਹੈ। ਤੂੰ ਗਰਜ਼ ਦਾ ਪਿਆਰ ਰੱਖ ਲੈ ਉਹ

ਚੰਗਾ ਹੈ। ਤੂੰ ਪੁੱਤਰ ਮੰਗਦਾ ਹੈ ਅਸੀਂ ਦੇ ਦਿੰਦੇ ਹਾਂ, ਤੂੰ ਜਾਇਦਾਦ ਮੰਗਦਾ ਹੈਂ ਜਾਇਦਾਦ ਦੇ ਦਿੰਦੇ ਹਾਂ, ਪੈਸੇ ਮੰਗਦਾ ਹੈਂ ਪੈਸੇ ਦੇ ਦਿੰਦੇ ਹਾਂ, ਸਿਹਤ ਮੰਗਦਾ ਹੈਂ ਸਿਹਤ ਦੇ ਦਿੰਦੇ ਹਾਂ, ਪਿਆਰ ਦੀ ਗੱਲ ਨਾ ਕਰ। ਪਰ ਤੂੰ ਕਹਿੰਦਾ ਸੀ ਕਿ ਮੈਂ ਪਿਆਰ ਮੰਗਦਾ ਹਾਂ। ਤਾਂ ਉਸ ਵੇਲੇ ਆਪ ਦੇ ਮੁਖਾਰਬਿੰਦ ਤੋਂ ਇਹ ਫੁਰਮਾਨ ਹੋਇਆ ਸੀ –

*ਸਭਨੀ ਘਟੀ ਸਹੁ ਵਸੈ ਸਹ ਬਿਨੁ ਘਟੁ ਨ ਕੋਇ ॥ ਨਾਨਕ ਤੇ ਸੋਹਾਗਣੀ ਜਿਨ੍ਾ ਗੁਰਮੁਖਿ ਪਰਗਟੁ ਹੋਇ॥*
*ਜਉ ਤਉ ਪ੍ਰੇਮ ਖੇਲਣ ਕਾ ਚਾਉ ॥*
*ਸਿਰੁ ਧਰਿ ਤਲੀ ਗਲੀ ਮੇਰੀ ਆਉ ॥*
*ਇਤੁ ਮਾਰਗਿ ਪੈਰੁ ਧਰੀਜੈ ॥*
*ਸਿਰੁ ਦੀਜੈ ਕਾਣਿ ਨ ਕੀਜੈ ॥* *ਅੰਗ – ੧੪੧੨*

*ਪਹਿਲਾ ਮਰਣੁ ਕਬੂਲਿ ਜੀਵਣ ਕੀ ਛਡਿ ਆਸ ॥*
*ਹੋਹੁ ਸਭਨਾ ਕੀ ਰੇਣੁਕਾ ਤਉ ਆਉ ਹਮਾਰੈ ਪਾਸਿ॥*
*ਅੰਗ – ੧੧੦੨*

ਪਾਤਸ਼ਾਹ! ਜੇ ਮਿੱਟੀ ਦਾ ਖੇਲ੍ਹਣਾ ਜਿਹਾ ਦੇ ਕੇ ਤੂੰ ਮਿਲ ਜਾਵੇਂ ਤਾਂ, ਤਾਂ ਇਹ ਬੜੀ ਸਸਤੀ ਚੀਜ਼ ਹੈ। ਇਹਨੇ ਤਾਂ ਰਹਿਣਾ ਨਹੀਂ ਹੈ ਇਹਨੇ ਤਾਂ ਇਕ ਦਿਨ ਜਾਣਾ ਹੀ ਜਾਣਾ ਹੈ।

ਸਦਾ ਰਹਿਣ ਵਾਲੀ ਚੀਜ਼ ਨਹੀਂ ਹੈ, ਸਾਧਸੰਗਤ ਜੀ, ਸਰੀਰ। ਚਾਹੇ ਕੋਈ ਛੋਟਾ ਹੈ, ਚਾਹੇ ਕੋਈ ਵੱਡਾ ਹੈ, ਸਦਾ ਨਹੀਂ ਰਿਹਾ ਕਰਦਾ। ਜਿਹੜੀ ਚੀਜ਼ ਸਦਾ ਰਹਿੰਦੀ ਨਹੀਂ ਹੈ ਫੇਰ ਉਹਦੇ ਨਾਲ ਕਾਹਦਾ ਪਿਆਰ ਪਾਉਣਾ। ਸੋ ਆਪ ਦੇ ਹੀ ਫੁਰਮਾਨਾਂ ਤੋਂ ਇਹ ਨਿਹਚੇ ਕੀਤਾ ਕਿ ਇਸ ਜਗ ਤੇ ਰਹਿਣਾ ਝੂਠ ਹੈ ਤੇ ਏਸ ਤੋਂ ਚਲੇ ਜਾਣਾ ਸੱਚ ਹੈ। ਜੋ ਸੱਚ ਹੈ, ਅਸੀਂ ਸੱਚ ਦੀ ਸ਼ਰਨ ਲਈ ਤੇ ਇਸ ਮਿੱਟੀ ਨਾਲ ਪਾਤਸ਼ਾਹ, ਮੋਹ ਛੱਡ ਦਿਤਾ। ਸੋ ਇਹ ਤਾਂ ਆਪ ਦੇ ਅਰਪਣ ਕਰ ਦਿਤਾ। ਆਪ ਨੇ ਕਿਹਾ –

*ਤਨੁ ਮਨੁ ਧਨੁ ਸਭੁ ਸਉਪਿ ਗੁਰ ਕਉ*
*ਹੁਕਮਿ ਮੰਨਿਐ ਪਾਈਐ ॥* *ਅੰਗ – ੯੧੮*

ਅਸੀਂ ਤਾਂ ਆਪਣੇ ਕੋਲ ਕੁਛ ਰੱਖਿਆ ਨਹੀਂ ਪਾਤਸ਼ਾਹ! ਤੇਰੇ ਚਰਨਾਂ ਦੇ ਭੌਰੇ ਹਾਂ, ਚਾਹੇ ਸੰਸਾਰ ਦੇ ਵਿਚ ਸਾਹ ਦਿਵਾਉਂਦਾ ਰਹਿ, ਚਾਹੇ ਹੁਣੇ ਸਰੀਰ ਲੈ-ਲੈ ਇਹ ਮਿੱਟੀ ਜੇ ਤੇਰੇ ਕੰਮ ਆਵੇ, ਇਹਦੇ ਨਾਲੋਂ ਹੋਰ ਸਾਨੂੰ ਚੰਗਾ ਕੀ ਹੈ। ਕੁਛ ਸਿਆਣੇ ਸੀਗੇ। ਇਹ ਪਰਵਾਨੇ ਹੋਇਆ ਕਰਦੇ ਨੇ, ਇਹ ਮੌਤ ਤੋਂ ਅੱਗੇ ਲੰਘ ਜਾਇਆ ਕਰਦੇ ਨੇ –

*ਕਬੀਰ ਜਿਸੁ ਮਰਨੇ ਤੇ ਜਗੁ ਡਰੈ ਮੇਰੈ ਮਨਿ ਆਨੰਦੁ॥*
*ਮਰਨੇ ਹੀ ਤੇ ਪਾਈਐ ਪੂਰਨੁ ਪਰਮਾਨੰਦੁ ॥*
*ਅੰਗ – ੧੩੬੫*

ਪਾਤਸ਼ਾਹ! ਅੰਮ੍ਰਿਤ ਦੇ ਘੁੱਟ ਪਿਲਾ ਕੇ ਤੁਸੀਂ ਸਾਨੂੰ ਸਦਾ ਵਾਸਤੇ ਅਮਰ ਕਰ ਦਿਤਾ। ਹੁਣ ਸਾਨੂੰ ਪੁੱਛਦੇ ਓਂ ਕਿ ਦੱਸੋ ਸਿੰਘੋ ਤੁਹਾਡੀ ਕੀ ਮਰਜ਼ੀ ਹੈ? ਸਾਡੀ ਕੋਈ ਮਰਜ਼ੀ ਨਹੀਂ ਪਾਤਸ਼ਾਹ, ਜੋ ਤੇਰੀ ਮਰਜ਼ੀ ਹੈ ਉਹਦੇ ਵਿਚ ਹੀ ਸਾਨੂੰ ਖੁਸ਼ੀ ਹੈ ਕਿਉਂਕਿ ਅਸੀਂ ਤਾਂ ਆਪ ਚਾਹੁੰਦੇ ਹਾਂ ਕਿ ਆਪਣੀ ਮਰਜ਼ੀ ਦੇ ਵਿਚ ਸਾਨੂੰ ਰਾਜ਼ੀ ਰੱਖ। ਕਿਤੇ ਅਸੀਂ ਵਿਸ਼ਵਾਸ਼ ਤੋਂ ਹੀਣੇ ਨਾ ਹੋ ਜਾਈਏ। ਤੂੰ ਸਾਡੇ ਉਪਰ ਕ੍ਰਿਪਾ ਕਰਕੇ ਸਾਡੇ ਅੰਦਰਲੇ ਨੇਤਰ ਖੋਲ੍ਹ ਦਿਤੇ, ਗਿਆਨ ਦੇ, ਸਾਨੂੰ ਦੱਸ ਦਿਤਾ ਕਿ ਸਿੱਖ ਨਹੀਂ ਹੋਇਆ ਕਰਦਾ ਜਿਹੜਾ ਗੁਰੂ ਦਾ ਹੁਕਮ ਨਹੀਂ ਮੰਨਦਾ। ਜਿਹੜਾ ਗੁਰੂ ਦਾ ਸਿੰਘ ਹੈ, ਗੁਰੂ ਦੇ ਹੁਕਮ ਤੇ ਚਲਦਾ ਹੈ, ਜਿਹਨੇ ਆਪਣਾ ਆਪ ਵਾਰ ਦਿਤਾ, ਸਭ ਕੁਛ ਗੁਰੂ ਨੂੰ ਸਉਂਪ ਦਿਤਾ, ਉਹਦਾ ਸਰੀਰ ਤਾਂ ਜਾਇਆ ਕਰਦਾ ਹੈ ਪਰ ਉਹ ਨਹੀਂ ਮਰਿਆ ਕਰਦਾ, ਉਹ ਸਦਾ ਵਾਸਤੇ ਅਮਰ ਹੋ ਜਾਂਦਾ ਹੈ। ਸੋ ਇਸ ਕਰਕੇ ਪਾਤਸ਼ਾਹ! ਅਸੀਂ ਕੀ ਦੱਸਣਾ ਹੈ, ਜੋ ਤੇਰਾ ਹੁਕਮ ਹੈ ਸਾਨੂੰ ਉਹ ਪ੍ਰਵਾਨ ਹੈ। ਕੁਝ ਸਿਆਣੇ ਬੰਦੇ ਸੀ ਸਿਆਣਪ ਜਿਹੜੀ ਹੈ ਸਾਧਸੰਗਤ ਜੀ! ਉਹ ਵਿਸ਼ਵਾਸ਼ ਤੋਂ ਵਿਹੂਣੀ ਹੋਇਆ ਕਰਦੀ। ਕਿਉਂ, ਕਿਵੇਂ, ਕਦੋਂ, ਕਿਥੋਂ, ਕਿੱਥੇ ਇਹ ਪੰਜ ਸਵਾਲ ਉਹਦੇ ਦਿਮਾਗ 'ਚੋਂ ਹਟਿਆ ਨਹੀਂ ਕਰਦੇ। ਜਿਹੜਾ ਅਣਜਾਣ ਬੰਦਾ ਹੈ ਗੁਰੂ ਕੋਲੋਂ ਆ ਕੇ ਜੋ ਕੁਛ ਮੰਗ ਲਵੇ ਉਸੇ ਵੇਲੇ ਮਿਲ ਜਾਂਦਾ ਹੈ। ਜਿਹੜਾ ਅਕਲ ਵਾਲਾ ਹੈ ਉਹ ਜਿੰਨਾ ਜੀਅ ਕਰਦਾ ਹੈ ਕਰੀ ਜਾਵੇ, ਨਹੀਂ ਮਿਲਦਾ ਕਿਉਂਕਿ ਅੰਦਰ ਟੁੱਟੀ ਪਈ ਹੈ ਤਾਰ। ਸ਼ੱਕ ਆ ਗਿਆ। ਨਹੀਂ ਗੁਰੂ ਕੋਲ ਤਾਂ ਸਭ ਕੁੱਛ ਹੈ, ਇਕ ਤਾਂ ਸਾਨੂੰ ਪਛਾਣ ਨਹੀਂ ਹੈ ਕਿ ਗੁਰੂ ਕਿੱਥੇ ਰਹਿੰਦਾ ਹੈ। ਗੁਰੂ ਤਾਂ ਸਾਰਿਆਂ ਦੇ ਅੰਦਰ ਅਤੇ ਬਾਹਰ ਹੈ। ਜਿਥੇ ਬੁਲਾਉਣਾ ਚਾਹੋ, ਚਾਹੇ ਹਵਾਈ ਜਹਾਜ਼ 'ਚ ਬੈਠ ਕੇ ਹਾਜ਼ਰ ਕਰ ਲਓ, ਉਥੇ ਵੀ ਹਾਜ਼ਰ ਹੈ, ਇਕੱਲੇ-ਇਕੱਲੇ ਬੰਦੇ ਦੇ ਨਾਲ ਹੈ, ਹਰੇਕ ਦੇ ਅੰਦਰ ਹੈ –

*ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ॥*
*ਸਿਮਰਿ ਸਿਮਰਿ ਤਿਸੁ ਸਦਾ ਸਮ੍ਾਲੇ ॥* *ਅੰਗ-੩੯੪*

ਜਿਥੇ ਯਾਦ ਕਰ ਲਓ ਉਥੇ ਹੀ ਗੁਰੂ ਹੋਇਆ ਕਰਦਾ ਹੈ। ਉਹ ਜਦੋਂ ਵੀ ਕੁੱਛ ਮੰਗੇ ਪ੍ਰਾਪਤ ਹੋ ਜਾਇਆ ਕਰਦਾ ਹੈ। ਜਦੋਂ ਸਿਆਣਾ ਬੰਦਾ, ਫਿਲਾਸਫਰ,

ਕਿਤਾਬਾਂ ਪੜ੍ਹਿਆ ਹੋਇਆ, ਬੜੇ ਅਰਥ ਜਾਨਣ

*(ਬਾਕੀ ਪੰਨਾ 39 'ਤੇ)*

# ਪ੍ਰੈਸ ਰਿਪੋਰਟ
# ਮਹਾਨ ਗੁਰਮਤਿ ਰੂਹਾਨੀ ਸਮਾਗਮ
# ਪਹਿਲਾ ਦਿਨ 30-10-2025

## ਰਤਵਾੜਾ ਸਾਹਿਬ ਦੇ ਸਮਾਗਮ ਦਾ ਪਹਿਲਾ ਦਿਨ ਰਿਹਾ ਕੌਮ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ

1. ਸ਼ਹੀਦਾਂ ਦੀ ਯਾਦ ਸਾਨੂੰ ਜੀਵਨ ਬਖਸ਼ਦੀ ਹੈ - ਬਾਬਾ ਲਖਬੀਰ ਸਿੰਘ ਜੀ

2. ਜਗ ਜਿਉਂਦਾ ਮਰਦਾ ਹੈ, ਖਾਲਸਾ ਅਮਰ ਸਦਾ ਹੈ ਰਹਿੰਦਾ - ਬਾਬਾ ਲਖਬੀਰ ਸਿੰਘ ਜੀ



ਸੰਤ ਮਾਤਾ (ਬੀਜੀ) ਰਣਜੀਤ ਕੌਰ ਜੀ
ਰਤਵਾੜਾ ਸਾਹਿਬ

ਸੰਤ ਬਾਬਾ ਵਰਿਆਮ ਸਿੰਘ ਜੀ
ਰਤਵਾੜਾ ਸਾਹਿਬ

ਪੰਥ ਪ੍ਰਸਿੱਧੀ ਦੇ ਰਤਵਾੜਾ ਸਾਹਿਬ ਦੇ ਚਾਰ ਰੋਜ਼ਾ ਸਮਾਗਮ ਦਾ ਪਹਿਲਾ ਦਿਨ ਕੌਮ ਦੇ ਮਹਾਨ ਸ਼ਹੀਦਾਂ ਨੂੰ ਸਮਰਪਿਤ ਰਿਹਾ ਹੈ। ਵੱਖ-ਵੱਖ ਬੁਲਾਰਿਆਂ ਨੇ ਸ਼ਹੀਦਾਂ ਦੀ ਕਰਨੀ ਕਮਾਈ ਤੇ ਚਾਨਣਾ ਪਾਇਆ। ਅੱਜ ਦੇ ਸਮਾਗਮ ਦੀ ਸ਼ੁਰੂਆਤ ਦੋਨਾਂ ਸਕੂਲਾਂ ਦੇ ਵਿਦਿਆਰਥੀਆਂ ਦੇ ਸ਼ਬਦ ਗਾਇਨ ਤੋਂ ਹੋਈ। ਉਪਰੰਤ ਭਾਈ ਦਲੀਪ ਸਿੰਘ ਫੱਕਰ, ਢਾਡੀ ਭਾਈ ਰਜਿੰਦਰ ਸਿੰਘ ਸਭਰਾ, ਭਾਈ ਮੱਖਣ ਸਿੰਘ ਮਨੀਲਾ, ਭਾਈ ਮਨਜੀਤ ਸਿੰਘ (ਆਲ ਇੰਡੀਆ ਰੇਡੀਉ) ਗਿਆਨੀ ਅੰਗਰੇਜ਼ ਸਿੰਘ ਹੈਡ ਗ੍ਰੰਥੀ ਗੁਰਦੁਆਰਾ ਸੀਸ ਗੰਜ ਸਾਹਿਬ ਦਿੱਲੀ, ਬਾਬਾ ਗੁਰਪਾਲ ਸਿੰਘ ਯੂ.ਪੀ, ਬਾਬਾ ਸਤਨਾਮ ਸਿੰਘ ਯੂ.ਪੀ, ਭਾਈ ਜਸਵਿੰਦਰ ਸਿੰਘ ਘੋਲਾ, ਬਾਬਾ ਹਰਪਾਲ ਸਿੰਘ ਜੀ, ਬਾਬਾ ਅਵਤਾਰ ਸਿੰਘ ਜੀ ਟਿੱਬੀ ਸਾਹਿਬ ਨੇ ਹਾਜ਼ਰੀ ਭਰੀ। ਸ. ਮਨਜੀਤ ਸਿੰਘ ਜੀ ਯੂ.ਐਸ.ਏ ਅਤੇ ਭਾਈ ਇੰਦਰਜੀਤ ਸਿੰਘ ਰੰਧਾਵਾ ਵੀ ਹਾਜ਼ਰ ਸਨ। ਦਿਨ ਦੇ ਸਮਾਗਮ ਦੇ ਅਖੀਰ ਵਿਚ ਟਰੱਸਟ ਰਤਵਾੜਾ ਸਾਹਿਬ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਕੀਰਤਨ ਦੀ ਆਰੰਭਤਾ 'ਜਗ ਜਿਉਂਦਾ ਮਰਦਾ ਜੀ, ਖਾਲਸਾ ਅਮਰ ਸਦਾ ਹੈ ਰਹਿੰਦਾ' ਦੀ ਧਾਰਨਾ ਤੋਂ ਕੀਤੀ। ਉਨ੍ਹਾਂ ਨੇ ਦੱਸਿਆ ਕਿ ਸ਼ਹੀਦ ਕੌਮ ਦਾ ਮਹਾਨ ਸਰਮਾਇਆ ਹਨ। ਉਨ੍ਹਾਂ ਦੀ ਯਾਦ ਸਾਨੂੰ ਨਵੀਂ ਜ਼ਿੰਦਗੀ ਬਖਸ਼ਦੀ ਹੈ। ਆਮ ਅੱਗ ਦੁਨਿਆਵੀ ਪਦਾਰਥਾਂ ਨਾਲ ਬੁਝ ਸਕਦੀ ਹੈ ਪਰ ਜ਼ੁਲਮ ਦੀ ਅੱਗ ਸ਼ਹੀਦਾਂ ਦੇ ਖ਼ੂਨ ਨਾਲ ਹੀ ਬੁਝਦੀ ਹੈ।

ਸ਼ਹੀਦ, ਸਿਦਕ ਤੇ ਸਬਰ ਸਬੂਰੀ ਰਖਦੇ ਹੋਏ ਆਪਣੇ ਪ੍ਰਾਣਾਂ ਦੀ ਅਹੂਤੀ, ਜ਼ੁਲਮ ਦੀ ਅੱਗ ਬੁਝਾਉਣ ਲਈ ਦੇ ਦਿੰਦਾ ਹੈ। ਸਿੱਖ ਤਵਾਰੀਖ ਦਾ ਹਰ ਪੰਨਾ ਸ਼ਹੀਦਾਂ ਦੇ ਖ਼ੂਨ ਨਾਲ ਰੰਗਿਆ ਹੋਇਆ ਹੈ। ਸਾਨੂੰ ਲੋੜ ਹੈ ਆਪਣੀ ਕੌਮ ਦੇ ਵਿਰਾਸਤੀ ਫ਼ਖਰ ਨੂੰ, ਆਪਣੇ ਚਿੰਤਨ ਦਾ ਭਾਗ ਬਣਾਉਂਦੇ ਹੋਏ ਸ਼ਹੀਦਾਂ ਵਲੋਂ ਪਾਏ ਪੂਰਨਿਆਂ 'ਤੇ ਚੱਲੀਏ। ਅੱਜ ਦੇ ਸਮਾਗਮ ਵਿਚ ਵੱਡੀ ਗਿਣਤੀ ਵਿਚ ਸੰਗਤਾਂ ਨੇ ਹਾਜ਼ਰੀ ਭਰੀ। 560 ਅੱਖਾਂ ਦੇ ਫਰੀ ਚੈਕਅੱਪ, 200 ਦੇ ਕਰੀਬ ਆਪ੍ਰੇਸ਼ਨ ਕੀਤੇ ਗਏ। 31 ਅਕਤੂਬਰ ਨੂੰ ਟਰੱਸਟ ਦੇ ਬਾਨੀ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਯਾਦ ਵਿਚ ਸਮਾਗਮ ਹੋਏ। ਗੁਰੂ ਕੇ ਲੰਗਰ ਅਤੁੱਟ ਵਰਤੇ। 27, 28, 29, 30 ਨੂੰ ਮੈਡੀਕਲ ਕੈਂਪ ਲੱਗੇ। 'ਆਤਮ ਮਾਰਗ' ਮੈਗਜ਼ੀਨ ਤੇ ਰੂਹਾਨੀ ਪੁਸਤਕਾਂ ਦੇ ਸਟਾਲਾਂ 'ਤੇ ਸੰਗਤਾਂ ਦੀ ਦਿਲਚਸਪੀ ਦੇਖੀ ਗਈ। ਸਟੇਜ ਦੀ ਸੇਵਾ ਭਾਈ ਜਸਵੰਤ ਸਿੰਘ ਵਲੋਂ ਬਾਖੂਬੀ ਨਿਭਾਈ ਗਈ। ਅਰਦਾਸ ਦੀ ਸੇਵਾ ਡਾ. ਭਾਈ ਸੁਖਵਿੰਦਰ ਸਿੰਘ ਵਲੋਂ ਨਿਭਾਈ ਅਤੇ ਦਿਨ ਦੇ ਸਮਾਗਮਾਂ ਦੀ ਸੰਪੂਰਨਤਾ ਹੋਈ।

# ਦੂਜਾ 31-10-2025

# ਗੁਰਮਤਿ ਪ੍ਰਚਾਰ ਦੇ ਕੇਂਦਰ ਰਤਵਾੜਾ ਸਾਹਿਬ ਤੋਂ ਆਰੰਭੇ ਕਾਰਜ ਮਨੁੱਖਤਾ ਲਈ ਵਰਦਾਨ ਸਿੱਧ ਹੋ ਰਹੇ ਹਨ - ਬਾਬਾ ਲਖਬੀਰ ਸਿੰਘ ਜੀ

## ਸਮਾਗਮ ਦਾ ਦੂਜਾ ਦਿਨ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ ਸੰਤ ਬਾਬਾ ਵਰਿਆਮ ਸਿੰਘ ਜੀ ਦੀ ਯਾਦ ਨੂੰ ਸਮਰਪਿਤ

## ਵੱਖ-ਵੱਖ ਸੰਪਰਦਾਵਾਂ ਦੇ ਮਹਾਂਪੁਰਸ਼ ਕਥਾ ਕੀਰਤਨ ਦੁਆਰਾ ਸੰਗਤਾਂ ਨੂੰ ਨਿਹਾਲ ਕਰਦੇ ਹੋਏ



ਰਿਹਾ। ਵੱਡੀ ਤਦਾਦ ਵਿਚ ਸੰਗਤਾਂ ਨੇ ਸ਼ਿਰਕਤ ਕੀਤੀ। ਸਮਾਗਮ ਦੀ ਆਰੰਭਤਾ ਅੰਮ੍ਰਿਤ ਵੇਲੇ ਮਹਾਂਪੁਰਸ਼ਾਂ ਵਲੋਂ ਦ੍ਰਿੜ੍ਹਾਈ ਨਾਮ-ਸਿਮਰਨ ਦੀ ਜੁਗਤਿ ਅਨੁਸਾਰ ਆਰੰਭ ਹੋਇਆ, ਨਿਤਨੇਮ ਉਪਰੰਤ ਆਸਾ ਕੀ ਵਾਰ ਦੇ ਕੀਰਤਨ ਟਰੱਸਟ ਦੀਆਂ ਬਰਾਂਚਾਂ ਦੇ ਵੱਖ-ਵੱਖ ਜਥਿਆਂ ਵਲੋਂ ਕੀਤਾ ਗਿਆ। ਦਿਨ ਦੇ ਸਮਾਗਮ ਵਿਚ ਸਕੂਲ ਦੇ ਬੱਚਿਆਂ ਵਲੋਂ ਕੀਰਤਨ ਦੀ ਸ਼ੁਰੂਆਤ ਕੀਤੀ ਗਈ। ਰਾਗੀ ਭਾਈ ਗੁਰਪ੍ਰੀਤ ਸਿੰਘ ਫਰੀਦਕੋਟ, ਭਾਈ ਮੱਖਣ ਸਿੰਘ ਮਨੀਲਾ, ਬਾਬਾ ਸਤਨਾਮ ਸਿੰਘ ਖੂਬੀਆ ਨੰਗਲ (ਯੂ.ਪੀ), ਭਾਈ ਗੁਰਚਰਨ ਸਿੰਘ (ਪਟਿਆਲਾ) ਬਾਬਾ ਸੁਖਜੀਤ ਸਿੰਘ ਸੰਗਰੂਰ, ਬਾਬਾ ਗੁਰਦੇਵ ਸਿੰਘ ਬਨੂੜ, ਭਾਈ ਕੁਲਵੀਰ ਸਿੰਘ ਰਤਵਾੜਾ ਸਾਹਿਬ, ਭਾਈ ਜਸਵਿੰਦਰ ਸਿੰਘ ਘੋਲਾ ਨੇ ਹਾਜ਼ਰੀ ਭਰੀ। ਬਾਬਾ ਹਰਪਾਲ ਸਿੰਘ ਜੀ ਨੇ ਮਹਾਂਪੁਰਸ਼ਾਂ ਵਲੋਂ ਕੀਤੇ ਪਰਉਪਕਾਰੀ ਕਾਰਜਾਂ ਬਾਰੇ ਦਸਿਆ। ਦਿਨ ਦੇ ਸਮਾਗਮ ਦੀ ਸੰਪੂਰਨਤਾ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ ਵਲੋਂ ਕਥਾ ਕੀਰਤਨ ਦੁਆਰਾ ਕੀਤੀ ਗਈ। ਉਨ੍ਹਾਂ ਨੇ ਰਤਵਾੜਾ ਸਾਹਿਬ ਵਾਲੇ ਮਹਾਂਪੁਰਸ਼ਾਂ ਵਲੋਂ ਵੱਖ-ਵੱਖ ਖੇਤਰਾਂ ਵਿਚ ਮਾਨਵਤਾ ਦੀ ਭਲਾਈ ਲਈ ਕੀਤੇ ਕਾਰਜਾਂ ਦਾ ਵਿਸਥਾਰ ਸਹਿਤ ਚਾਨਣਾ ਪਾਇਆ। ਆਪ ਜੀ ਨੇ ਦਸਿਆ ਕਿ ਉਨ੍ਹਾਂ ਨੇ ਸਦਾ ਹੀ ਸਰਬੱਤ ਦੇ ਭਲੇ ਲਈ ਸਮੁੱਚੇ ਕਾਰਜ ਕੀਤੇ। ਧਾਰਮਿਕ ਖੇਤਰ ਵਿਚ ਦੇਸ-ਵਿਦੇਸ ਵਿਚ ਮੀਡੀਏ ਦੀ ਵਰਤੋਂ ਕਰ ਗੁਰਮਤਿ ਦਾ ਪ੍ਰਚਾਰ ਕੀਤਾ। ਸਮਾਜਿਕ ਖੇਤਰ ਵਿਚ ਕੁਦਰਤੀ ਆਫ਼ਤਾਂ ਵੇਲੇ ਅਨੇਕਾਂ ਸੇਵਾਵਾਂ ਕੀਤੀਆਂ ਅਤੇ ਹਸਪਤਾਲ, ਬਿਰਧ ਆਸ਼ਰਮ ਅਤੇ ਸਿਲਾਈ ਸੈਂਟਰ ਚਲ ਰਹੇ ਹਨ। ਸਾਹਿਤਕ ਖੇਤਰ ਵਿਚ 'ਆਤਮ ਮਾਰਗ' ਮੈਗਜ਼ੀਨ ਅਤੇ ਸੈਂਕੜੇ ਦੇ ਕਰੀਬ ਪੁਸਤਕਾਂ ਰਾਹੀਂ ਰੂਹਾਨੀ ਪ੍ਰਚਾਰ ਕੀਤਾ ਤੇ ਹੋ ਰਿਹਾ ਹੈ। ਲੱਖਾਂ ਪ੍ਰਾਣੀਆਂ ਨੂੰ ਮਾੜੀਆਂ ਅਲਾਮਤਾਂ ਤੋਂ ਵਰਜ ਕੇ ਖੰਡੇ ਬਾਟੇ ਦਾ ਅੰਮ੍ਰਿਤ ਛਕਾ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨਾਲ ਜੋੜਿਆ।

ਵਿਦਿਅਕ ਖੇਤਰ ਵਿਚ ਸਕੂਲ, ਕਾਲਜ ਖੋਲ੍ਹ ਕੇ ਮਿਆਰੀ ਵਿਦਿਆ ਦੇ ਨਾਲ-ਨਾਲ ਰੂਹਾਨੀ ਵਿਦਿਆ ਦੇਣ ਦਾ ਵੀ ਉਪਰਾਲਾ ਕੀਤਾ। ਉਨ੍ਹਾਂ ਵਲੋਂ ਆਰੰਭੇ ਸਮੁੱਚੇ ਕਾਰਜਾਂ ਨੂੰ ਟਰੱਸਟ, ਸੰਤ ਬਾਬਾ ਲਖਬੀਰ ਸਿੰਘ ਜੀ ਦੀ ਰਹਿਨੁਮਾਈ ਹੇਠ ਚੜ੍ਹਦੀ ਕਲਾ ਵਿਚ ਚਲਾ ਰਿਹਾ ਹੈ। ਉਨ੍ਹਾਂ ਵਲੋਂ ਸਮੁੱਚੇ ਪਰਉਪਕਾਰੀ ਕਾਰਜ ਮਾਨਵਤਾ ਲਈ ਵਰਦਾਨ ਸਿੱਧ ਹੋ ਰਹੇ ਹਨ। ਆਪ ਉਹ ਸਤਿ ਦੇ ਧਾਰਨੀ ਸਨ ਤੇ ਤਮਾਮ ਜ਼ਿੰਦਗੀ ਸਤਿ ਦਾ ਮਾਰਗ ਦ੍ਰਿੜ੍ਹ ਕਰਵਾਇਆ। 1 ਨਵੰਬਰ ਸਮਾਗਮ ਸਿੱਖ ਇਤਿਹਾਸ ਵਿਚ ਬੀਬੀਆਂ ਵਲੋਂ ਪਾਏ

## ਵੱਖ-ਵੱਖ ਸੰਪਰਦਾਵਾਂ ਦੇ ਮਹਾਂਪੁਰਸ਼ ਅਤੇ ਵਿਦਵਾਨ ਗੁਰਮਤਿ ਵੀਚਾਰਾਂ ਸਾਂਝੀਆਂ ਕਰਦੇ ਹੋਏ





ਯੋਗਦਾਨ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਯਾਦ ਨੂੰ ਸਮਰਪਿਤ ਹੋਣਗੇ।

1 ਨਵੰਬਰ ਨੂੰ ਦਸਤਾਰ ਮੁਕਾਬਲੇ ਵੀ ਹੋਣਗੇ।

ਸਮਾਗਮ ਵਿਚ ਸਾਬਕਾ ਮੰਤਰੀ ਸ. ਜਗਮੋਹਨ ਸਿੰਘ ਕੰਗ, ਡਾ. ਬਲਵਿੰਦਰ ਕੌਰ ਚਾਹਲ, ਸ. ਹਰਭਾਗ ਸਿੰਘ ਦੇਸੂਮਾਜਰਾ, ਭਾਈ ਰਵਿੰਦਰ ਸਿੰਘ ਵਜੀਦਪੁਰ, ਭਾਈ ਗੁਰਮੀਤ ਸਿੰਘ ਸ਼ਾਂਟੂ, ਲੋਕ ਹਿਤ ਮਿਸ਼ਨ ਅਤੇ ਪੰਥਕ ਅਕਾਲੀ ਲਹਿਰ ਦੇ ਆਗੂ ਸ਼ਾਮਿਲ ਹੋਏ। ਸਟੇਜ ਦੀ ਸੇਵਾ ਭਾਈ ਜਸਵੰਤ ਸਿੰਘ ਵਲੋਂ ਬਖੂਬੀ ਨਿਭਾਈ ਗਈ। ਅਰਦਾਸ ਦੀ ਸੇਵਾ ਡਾ. ਭਾਈ ਸੁਖਵਿੰਦਰ ਸਿੰਘ ਵਲੋਂ ਨਿਭਾਈ ਅਤੇ ਦਿਨ ਦੇ ਸਮਾਗਮਾਂ ਦੀ ਸੰਪੂਰਨਤਾ ਹੋਈ।

### ਤੀਜਾ ਦਿਨ 1-11-2025

ਸਿੱਖ ਇਤਿਹਾਸ ਵਿਚ ਬੀਬੀਆਂ ਦੀਆਂ ਸੇਵਾਵਾਂ ਅਤੇ ਕੁਰਬਾਨੀਆਂ ਨੂੰ ਸਮਰਪਿਤ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ ਦੀ ਯਾਦ ਵਿਚ।

## ਟਰੱਸਟ ਰਤਵਾੜਾ ਸਾਹਿਬ ਦੇ ਬੀਬੀਆਂ ਦੇ ਜਥੇ,ਰਾਗੀ, ਢਾਡੀ ਜਥੇ ਅਤੇ ਕਥਾਵਾਚਕ ਗੁਰਮਤਿ ਵੀਚਾਰਾਂ ਅਤੇ ਕੀਰਤਨ ਦੁਆਰਾ ਸੰਗਤਾਂ ਨੂੰ ਗੁਰਸ਼ਬਦ ਨਾਲ ਜੋੜਦੇ ਹੋਏ



ਰਤਵਾੜਾ ਸਾਹਿਬ ਦੇ ਤੀਜੇ ਦਿਨ ਦੇ ਸਮਾਗਮ ਵਿਚ ਪ੍ਰੋਫੈਸਰ ਸਰਬਜਿੰਦਰ ਸਿੰਘ ਨੂੰ ਸਨੀ ਓਬਰਾਏ ਫਿਊਚਰਿਸਟਿਕਸ ਯੂਨੀਵਰਸਿਟੀ ਦੇ ਵਾਇਸ ਚਾਂਸਲਰ ਬਣਨ ਤੇ ਕੀਤਾ ਸਨਮਾਨਿਤ।

ਭਾਈ ਮਤੀ ਦਾਸ ਜੀ ਦੀ ਕੁਲ ਵਿਚੋਂ ਡਾ. ਚਰਨਜੀਤ ਸਿੰਘ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

ਅੱਜ ਰਤਵਾੜਾ ਸਾਹਿਬ ਦੇ ਤੀਜੇ ਦਿਨ ਦਾ ਸਮਾਗਮ ਸਿੱਖ ਧਰਮ ਵਿਚ ਸਤਿਕਾਰਰਿਤ ਬੀਬੀਆਂ ਦੇ ਯੋਗਦਾਨ ਅਤੇ ਮਾਤਾ ਰਣਜੀਤ ਕੌਰ ਜੀ ਦੀ ਯਾਦ ਨੂੰ ਸਮਰਪਿਤ ਰਿਹਾ। ਸਵੇਰੇ ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਬੀਬੀ ਚਰਨਜੀਤ ਕੌਰ ਦੇ ਜਥੇ ਵਲੋਂ ਕੀਤੇ ਗਏ, ਉਪਰੰਤ ਸਕੂਲਾਂ ਦੇ ਬੱਚਿਆਂ ਵਲੋਂ ਸ਼ਬਦ ਗਾਇਨ ਕੀਤੇ ਗਏ। ਭਾਈ ਅੰਗਰੇਜ਼ ਸਿੰਘ ਖੁੱਡਾ ਅਲੀਸ਼ੇਰ, ਭਾਈ ਜਗਜੀਤ ਸਿੰਘ ਬਹਿਰਾਮ, ਭਾਈ ਇੰਦਰਜੀਤ ਸਿੰਘ ਸੋਹਾਣਾ, ਬਾਬਾ ਸੁਰਜੀਤ ਸਿੰਘ ਸੈਦਖੇੜੀ, ਗਿਆਨੀ ਭਗਵਾਨ ਸਿੰਘ ਜੌਹਲ, ਗਿਆਨੀ ਸਾਹਿਬ ਸਿੰਘ ਕੈਨੇਡਾ, ਗਿਆਨੀ ਰਣਜੀਤ ਸਿੰਘ ਗੌਹਰ-ਏ-ਮਸਕੀਨ, ਸੰਤ ਬਾਬਾ ਕਸ਼ਮੀਰਾ ਸਿੰਘ ਜੀ ਅਲਹੌਰਾਂ ਵਾਲੇ, ਸੰਤ ਬਾਬਾ ਅਮਰ ਸਿੰਘ ਜੀ ਮੌਜੂਦਾ ਮੁਖੀ

## ਰਤਵਾੜਾ ਸਾਹਿਬ ਵਲੋਂ ਸੰਚਾਲਿਤ ਵਿਦਿਅਕ ਅਦਾਰਿਆਂ ਦੇ ਟਹਿਕਦੇ ਫੁੱਲ ਛੋਟੇ ਬੱਚੇ ਸਮਾਗਮ ਸਮੇਂ ਸ਼ਬਦ ਕੀਰਤਨ ਦੀ ਹਾਜ਼ਰੀ ਭਰਦੇ ਹੋਏ।

















ਰਾੜਾ ਸਾਹਿਬ, ਬਾਬਾ ਅਨਹਦ ਰਾਜ ਸਿੰਘ ਲੁਧਿਆਣਾ, ਭਾਈ ਗੁਰਪ੍ਰੀਤ ਸਿੰਘ ਰੰਧਾਵਾ ਨੇ ਹਾਜ਼ਰੀ ਭਰੀ। ਅੱਜ ਦੇ ਸਮਾਗਮ ਵਿਚ ਵਿਸ਼ੇਸ਼ ਤੌਰ 'ਤੇ ਪਹੁੰਚੇ ਪ੍ਰੋਫੈਸਰ ਸਰਬਜਿੰਦਰ ਸਿੰਘ ਨੂੰ ਫਿਉਚਰਿਸਟਿਕਸ ਯੂਨੀਵਰਸਿਟੀ ਅਨੰਦਪੁਰ ਸਾਹਿਬ ਦੇ ਵਾਇਸ ਚਾਂਸਲਰ ਬਣਨ ਤੇ ਵਿਸ਼ੇਸ਼ ਸਨਮਾਨ ਦਿਤਾ ਗਿਆ। ਉਨ੍ਹਾਂ ਨੇ ਦੱਸਿਆ ਕਿ ਰਤਵਾੜਾ ਸਾਹਿਬ ਸੰਸਥਾ ਦੇ ਨੁੰਮਾਇਦੇ ਡਾ. ਭਾਈ ਸੁਖਵਿੰਦਰ ਸਿੰਘ ਯੂਨੀਵਰਸਿਟੀ ਵਿਚ ਧਰਮ ਵਿਭਾਗ ਦੇ ਮੁਖੀ ਦੇ ਤੌਰ 'ਤੇ ਜਲਦੀ ਕਾਰਜ ਸੰਭਾਲਣਗੇ। ਇਹ ਟਰੱਸਟ ਰਤਵਾੜਾ ਸਾਹਿਬ ਲਈ ਮਾਣ ਵਾਲੀ ਉਪਲੱਬਧੀ ਹੋਵੇਗੀ। ਸਮਾਗਮ ਦੀ ਸੰਪੂਰਨਤਾ ਟਰੱਸਟ ਦੇ ਚੇਅਰਮੈਨ ਸੰਤ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਰਾਹੀਂ ਹੋਈ। ਬਾਬਾ ਜੀ ਨੇ ਸਿੱਖ ਇਤਿਹਾਸ ਵਿਚ ਬੀਬੀਆਂ/ ਮਾਤਾਵਾਂ ਦੀਆਂ ਸੇਵਾਵਾਂ ਤੇ ਕੁਰਬਾਨੀਆਂ ਦਾ ਜ਼ਿਕਰ ਕੀਤਾ। ਉਨ੍ਹਾਂ ਨੇ ਵਿਸੇਸ਼ ਤੌਰ 'ਤੇ ਟਰੱਸਟ ਰਤਵਾੜਾ ਸਾਹਿਬ ਦੇ ਬਾਨੀ ਮਹਾਂਪੁਰਸ਼ਾਂ ਦੇ ਜੀਵਨ ਸਾਥੀ ਮਾਤਾ ਰਣਜੀਤ ਕੌਰ ਜੀ ਵਲੋਂ ਗੁਰਮਤਿ ਪ੍ਰਚਾਰ ਵਿਚ ਪਾਏ ਯੋਗਦਾਨ ਬਾਰੇ ਸੰਗਤਾਂ ਨੂੰ ਜਾਣੂ ਕਰਵਾਇਆ। ਵੱਡੀ ਮਾਤਰਾ ਵਿਚ ਅੰਮ੍ਰਿਤ ਸੰਚਾਰ ਹੋਏ। ਸ਼ਹੀਦ ਭਾਈ ਮਤੀ ਦਾਸ ਜੀ ਦੀ ਕੁਲ ਵਿਚੋਂ ਆਏ ਡਾ. ਚਰਨਜੀਤ ਸਿੰਘ ਜੀ ਦਾ ਵਿਸ਼ੇਸ਼ ਸਨਮਾਨ ਕੀਤਾ ਗਿਆ। ਦਸਤਾਰ ਮੁਕਾਬਲੇ ਵਿਚ ਪੋਜ਼ੀਸ਼ਨਾਂ ਲੈਣ ਵਾਲੇ ਬੱਚਿਆਂ ਨੂੰ ਵਿਸ਼ੇਸ਼ ਤੌਰ 'ਤੇ ਸਨਮਾਨਿਤ ਕੀਤਾ।

ਅੱਜ ਦੇ ਸਮਾਗਮ ਵਿਚ ਸ. ਰਣਜੀਤ ਸਿੰਘ ਗਿੱਲ, ਸ. ਭਜਨ ਸਿੰਘ ਸ਼ੇਰਗਿੱਲ, ਸ. ਹਰਬੰਸ ਸਿੰਘ ਕਧੌਲਾ, ਸ. ਹਰਭਾਗ ਸਿੰਘ

# ਸਮਾਗਮ ਦੌਰਾਨ ਫਰੀ ਮੈਡੀਕਲ ਸੇਵਾਵਾਂ, ਆਤਮ ਮਾਰਗ ਰੂਹਾਨੀ ਸਾਹਿਤ ਅਤੇ ਦਸਤਾਰ ਮੁਕਾਬਲੇ



ਦੇਸੂਮਾਜਰਾ, ਸ. ਇੰਦਰਜੀਤ ਸਿੰਘ ਰੰਧਾਵਾ, ਸ. ਨਰਿੰਦਰ ਸਿੰਘ ਸ਼ੇਰਗਿੱਲ ਚੇਅਰਮੈਨ ਮਾਰਕਫੈਡ, ਭਾਈ ਨਰਿੰਦਰ ਸਿੰਘ ਝਾਂਮਪੁਰ ਨੇ ਵੀ ਸ਼ਿਰਕਤ ਕੀਤੀ।

2 ਨਵੰਬਰ ਦੇ ਸਮਾਗਮ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਅਤੇ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰੱਤਾ ਗੱਦੀ ਦੇ ਸਬੰਧ ਵਿਚ ਹੋਣਗੇ। ਰਤਵਾੜਾ ਸਾਹਿਬ ਤੋਂ ਮਹਾਂਪੁਰਸ਼ਾਂ ਦੀਆਂ ਲਿਖਤ ਪੁਸਤਕਾਂ ਰੀਲੀਜ਼ ਕੀਤੀਆਂ ਗਈਆਂ। ਸਟੇਜ ਦੀ ਸੇਵਾ ਭਾਈ ਜਸਵੰਤ ਸਿੰਘ ਵਲੋਂ ਬਾਖੂਬੀ ਨਿਭਾਈ ਗਈ। ਅਰਦਾਸ ਦੀ ਸੇਵਾ ਡਾ. ਭਾਈ ਸੁਖਵਿੰਦਰ ਸਿੰਘ ਵਲੋਂ ਨਿਭਾਈ ਅਤੇ ਦਿਨ ਦੇ ਸਮਾਗਮਾਂ ਦੀ ਸੰਪੂਰਨਤਾ ਹੋਈ। ਗੁਰੂ ਕੇ ਲੰਗਰਾਂ ਦੀ ਸੇਵਾ ਬਾਬਾ ਕਰਨੈਲ ਸਿੰਘ ਜੀ ਬਾਖੂਬੀ ਨਿਭਾ ਰਹੇ ਹਨ।

2-11-2025 ਰਤਵਾੜਾ ਸਾਹਿਬ

## ਧਰਮ ਅਤੇ ਦੇਸ਼ ਦੀ ਅਜ਼ਾਦੀ, ਹਿੰਦ ਦੀ ਚਾਦਰ, ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਕੁਰਬਾਨੀ ਦੀ ਦੇਣ - ਬਾਬਾ ਲਖਬੀਰ ਸਿੰਘ ਜੀ

ਰਤਵਾੜਾ ਸਾਹਿਬ ਦੇ ਪੰਥ ਪ੍ਰਸਿੱਧ ਚਾਰ ਰੋਜ਼ਾ ਸਮਾਗਮ ਆਪਣੀ ਨਿਵੇਕਲੀ ਮਿਸਾਲ ਛੱਡਦਾ ਹੋਇਆ ਸੰਪੰਨ ਹੋਇਆ। ਸਵੇਰੇ ਅੰਮ੍ਰਿਤ ਵੇਲੇ ਆਸਾ ਕੀ ਵਾਰ ਦੇ ਕੀਰਤਨ ਬੀਬੀ ਉਜਾਗਰ ਕੌਰ ਦੇ ਜਥੇ ਵਲੋਂ ਕੀਤੇ ਗਏ। ਉਪਰੰਤ ਰਾਗੀ ਭਾਈ ਬਖਸ਼ੀਸ਼ ਸਿੰਘ, ਬੱਚੀ ਕੋਮਲਪ੍ਰੀਤ ਕੌਰ ਤੇ ਗੁਰਲੀਨ ਕੌਰ, ਭਾਈ ਕੁਲਜੋਤ ਸਿੰਘ, ਭਾਈ ਪਰਮਿੰਦਰ ਸਿੰਘ ਲੁਧਿਆਣਾ ਭਾਈ ਬਲਵਿੰਦਰ ਸਿੰਘ ਪੱਟੀ, ਭਾਈ ਕਮਲਪ੍ਰੀਤ ਸਿੰਘ ਦਰਬਾਰ ਸਾਹਿਬ, ਬਾਬਾ ਗੁਰਪਾਲ ਸਿੰਘ ਯੂ.ਪੀ, ਭਾਈ ਜਸਵਿੰਦਰ ਸਿੰਘ ਘੋਲਾ, ਬਾਬਾ ਹਰਪਾਲ ਸਿੰਘ ਜੀ, ਬੀਬੀ ਮਨਪ੍ਰੀਤ ਕੌਰ, ਭਾਈ ਮਤੀ ਦਾਸ ਜੀ ਦੀ ਅੰਸ ਵੰਸ, ਭਾਈ ਰਣਜੀਤ ਸਿੰਘ ਜੀ ਸਾਬਕਾ ਜਥੇਦਾਰ ਸ੍ਰੀ ਅਕਾਲ ਤਖ਼ਤ ਸਾਹਿਬ,

## ਗੁਰੂ ਕੇ ਲੰਗਰ ਅਤੇ ਹੋਰ ਸੇਵਾਵਾਂ ਵਿਚ ਤਤਪਰ ਸੇਵਾਦਾਰ



ਸੰਤ ਹਰੀ ਸਿੰਘ ਜੀ ਰੰਧਾਵੇ ਵਾਲੇ, ਬਾਬਾ ਹਰਨਾਮ ਸਿੰਘ ਖਾਲਸਾ ਭਿੰਡਰਾ ਮਹਿਤਾ ਚੌਂਕ, ਬੀਬੀ ਕਮਲਜੀਤ ਕੌਰ ਸੋਲਖੀਆਂ, ਬਾਬਾ ਮੋਹਨ ਸਿੰਘ ਜੀ ਹਜ਼ੂਰ ਸਾਹਿਬ, ਬਾਬਾ ਸਰਬਜੋਤ ਸਿੰਘ ਜੀ ਬੇਦੀ ਨੇ ਹਾਜ਼ਰੀ ਭਰੀ। ਸਕੂਲਾਂ ਤੇ ਕਾਲਜਾਂ ਦੇ ਮਾਣਮੱਤੇ ਵਿਦਿਆਰਥੀਆਂ ਨੂੰ ਸਨਮਾਨਿਤ ਕੀਤਾ ਗਿਆ।

ਸਮਾਗਮ ਦੀ ਸੰਪੂਰਨਤਾ ਟਰੱਸਟ ਦੇ ਚੇਅਰਮੈਨ ਬਾਬਾ ਲਖਬੀਰ ਸਿੰਘ ਜੀ ਦੇ ਕੀਰਤਨ ਰਾਹੀਂ ਹੋਈ। ਪਹਿਲੀ ਧਾਰਨਾ 'ਹੈ ਹੈ ਹੋ ਗਈ ਜਗਤ ਵਿਚ ਸਾਰੇ, ਜੈ ਜੈ ਸੁਰ ਲੋਕ ਹੋ ਗਈ।' ਕੀਰਤਨ ਆਰੰਭ ਕੀਤਾ। ਅੱਜ ਦੇ ਸਮਾਗਮ ਹਿੰਦ ਦੀ ਚਾਦਰ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ 350 ਸਾਲਾ ਸ਼ਹੀਦੀ ਸ਼ਤਾਬਦੀ ਦੇ ਸਬੰਧ ਵਿਚ ਸੀ। ਬਾਬਾ ਜੀ ਨੇ ਕੀਰਤਨ ਪ੍ਰਵਚਨਾਂ ਵਿਚ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਵਲੋਂ ਦਿਤੀ ਸ਼ਹਾਦਤ ਦੇ ਕਾਰਨ ਅਤੇ ਸ਼ਹੀਦੀ ਉਪਰੰਤ ਪਏ ਪ੍ਰਭਾਵ ਦੀ ਵਿਸਥਾਰ ਪੂਰਵਕ ਚਰਚਾ ਕੀਤੀ। ਧਰਮ ਦੀ ਅਜ਼ਾਦੀ ਅਤੇ ਦੇਸ਼ ਦੀ ਅਜ਼ਾਦੀ ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਹੀ ਦੇਣ ਹੈ। ਮਨੁੱਖੀ ਅਧਿਕਾਰਾਂ ਦੀ ਰੱਖਿਆ ਦਾ ਮਸਲਾ ਅਜੋਕੇ ਸਮੇਂ ਵਿਚ ਸੰਸਾਰ ਭਰ ਵਿਚ ਵੱਡੀ ਸਮੱਸਿਆ ਦੇ ਤੌਰ 'ਤੇ ਉਭਰ ਕੇ ਸਾਮ੍ਹਣੇ ਆ ਰਿਹਾ। ਪਰ ਸ੍ਰੀ ਗੁਰੂ ਤੇਗ ਬਹਾਦਰ ਜੀ ਨੇ 350 ਸਾਲ ਪਹਿਲਾਂ 1675 ਈ. ਵਿਚ ਹੋਈ ਸ਼ਹੀਦੀ ਜੋ ਕਿ ਮਨੁੱਖੀ ਅਧਿਕਾਰਾਂ ਦੇ ਸਭ ਤੋਂ ਵੱਡੇ ਰੱਖਿਅਕ ਦੇ ਤੌਰ 'ਤੇ ਮੰਨੀ ਜਾਂਦੀ ਹੈ। ਸਮੇਂ ਦੀਆਂ ਸਰਕਾਰਾਂ ਨੂੰ, ਸੱਚੇ ਪਾਤਸ਼ਾਹ ਜੀ ਦੀ ਸ਼ਹਾਦਤ ਨੂੰ, ਵੱਡੇ ਪੱਧਰ ਵਿਦਿਅਕ ਅਦਾਰਿਆਂ ਦਾ ਭਾਗ ਬਣਾਉਣਾ ਚਾਹੀਦਾ ਹੈ ਤਾਂ ਜੋ ਸਤਿਗੁਰਾਂ ਦੇ ਪਰਉਪਕਾਰ ਨੂੰ ਦੇਖਦੇ ਹੋਏ, ਉਹਨਾਂ ਵਲੋਂ ਕੀਤੀ ਕੁਰਬਾਨੀ ਨੂੰ ਮਸਤਕ ਦਾ ਭਾਗ ਬਣਾ ਸਕੀਏ। ਪ੍ਰੋਫੈਸਰ ਗੁਰਦੇਵ ਸਿੰਘ ਵਲੋਂ ਰਚਿਤ ਦੋ ਪੁਸਤਕਾਂ ਰੀਲੀਜ਼ ਹੋਈਆਂ। ਵਿਸ਼ੇਸ਼ ਤੌਰ 'ਤੇ ਸੀ.ਐਮ ਸਾਹਿਬ ਜੀ ਦੀ ਭੈਣ ਬੀਬੀ ਮਨਪ੍ਰੀਤ ਕੌਰ ਤੇ ਭਾਈ ਅੰਮ੍ਰਿਤ ਸਿੰਘ, ਸ. ਤ੍ਰਿਲੋਕ ਸਿੰਘ, ਸ. ਮਲਵਿੰਦਰ ਸਿੰਘ ਕੰਗ ਐਮ.ਪੀ, ਅਰਵਿੰਦਰ ਪੁਰੀ ਸਮਾਜ ਸੇਵਕ, ਸ. ਨਰਿੰਦਰ ਸਿੰਘ ਸ਼ੇਰਗਿੱਲ, ਚੇਅਰਮੈਨ ਮਾਰਕਫੈੱਡ, ਸ. ਹਰਭਾਗ ਸਿੰਘ ਦੇਸੂਮਾਜਰਾ ਨੇ ਵਿਸ਼ੇਸ਼ ਤੌਰ 'ਤੇ ਹਾਜ਼ਰੀ ਭਰੀ।

ਅੱਜ ਵਿਸ਼ਾਲ ਇਕੱਠ ਦੇ ਰੂਪ ਵਿਚ ਇਹ ਸਮਾਗਮ ਆਪਣੀ ਨਿਵੇਕਲੀ ਛਾਪ ਛੱਡਦਾ ਸੰਪੂਰਨ ਹੋਇਆ। ਸਟੇਜ ਦੀ ਸੇਵਾ ਭਾਈ ਜਸਵੰਤ ਸਿੰਘ ਵਲੋਂ ਬਖੂਬੀ ਨਿਭਾਈ ਗਈ। ਅਰਦਾਸ ਦੀ ਸੇਵਾ ਡਾ. ਭਾਈ ਸੁਖਵਿੰਦਰ ਸਿੰਘ ਵਲੋਂ ਨਿਭਾਈ ਅਤੇ ਗੁਰੂ ਕੇ ਲੰਗਰਾਂ ਦੀ ਸੇਵਾ ਬਾਬਾ ਕਰਨੈਲ ਸਿੰਘ ਜੀ (ਸ੍ਰੀ ਮਾਨ ਜੀ) ਨੇ ਬਾਖੂਬੀ ਨਿਭਾਈ। ਇਹ ਸ਼ਰਧਾ, ਪਿਆਰ ਵੰਡਦਾ ਸਮਾਗਮ ਸੰਪੂਰਨ ਹੋਇਆ।

# ਵਿਦੇਸ਼ੀ ਪ੍ਰੇਮੀਆਂ ਨਾਲ ਵਿਚਾਰ ਵਟਾਂਦਰਾ



(ਪੰਨਾ 30 ਦੀ ਬਾਕੀ)

ਵਾਲਾ, ਉਹ ਗੁਰੂ ਨਾਲ ਗੱਲ ਕਰੇ ਤਾਂ ਪਹਿਲਾਂ ਤਾਂ ਉਹਨੂੰ ਨਿਹਚਾ ਹੀ ਨਹੀਂ ਆਉਂਦਾ ਕਿ ਮੇਰੀ ਗੁਰੂ ਸੁਣਦਾ ਵੀ ਹੋਣਾ ਹੈ। ਇਹ ਤਾਂ ਖਾਲੀ ਥਾਉਂ ਪਿਆ ਹੈ ਇਥੇ ਕਿੱਥੇ ਹੈ ਗੁਰੂ। ਲੇਕਿਨ ਜਿਹੜੇ ਭਰੋਸੇ ਵਾਲੇ ਨੇ ਚਾਹੇ ਕੋਈ ਨੇ, ਇਕ ਮੈਂ ਬੇਨਤੀ ਕਰਦਾ ਹਾਂ ਕਿ ਜਦੋਂ ਮੈਂ ਫਾਰਮ 'ਚ ਹੋਇਆ ਕਰਦਾ ਸੀ, ਉਥੇ ਨਾਨਕ ਮਤੇ ਸਾਹਿਬ, ਸਾਡੇ ਪੰਜਾਬੀਆਂ ਤੋਂ ਪਹਿਲਾਂ ਦੀ ਆਬਾਦ ਇਕ ਥਾਰੂ ਕੌਮ ਹੈ, ਲੱਖਾਂ ਦੀ ਤਾਦਾਦ 'ਚ ਹੈ। ਸਾਡੇ ਤੋਂ ਵੀ ਪਹਿਲਾਂ ਜਦੋਂ ਅਸੀਂ ਗਏ, ਯੂ.ਪੀ. ਜਾ ਕੇ ਫਾਰਮ ਆਬਾਦ ਕਰੇ ਨੇ, ਉਨ੍ਹਾਂ ਤੋਂ ਪਹਿਲਾਂ ਹੀ ਉਹ ਆਬਾਦ ਸੀਗੇ। ਉਹ ਰਾਣਾ ਪ੍ਰਤਾਪ ਦੀ ਓਲਾਦ ਵਿਚੋਂ ਨੇ, ਸਾਰੇ ਰਾਜਪੂਤ। ਇਹ ਗੁਰੂ ਨਾਨਕ ਪਾਤਸ਼ਾਹ ਤੇ ਬਹੁਤ ਭਰੋਸਾ ਰੱਖਦੇ ਸੀ। ਬਾਬਾ ਸ੍ਰੀ ਚੰਦ ਜੀ ਤੇ ਰਾਣਾ ਪ੍ਰਤਾਪ ਬਹੁਤ ਭਰੋਸਾ ਰੱਖਦਾ ਸੀ। ਸੋ ਸਿੱਖੀ ਦੇ ਨਾਲ ਉਨ੍ਹਾਂ ਦਾ ਸਬੰਧ ਸੀ। ਕੋਈ ਗੱਲ ਹੋਵੇ ਨਾਨਕ ਮਤੇ ਆ ਕੇ, ਗੁਰੂ ਮਹਾਰਾਜ ਦਾ ਉਥੇ ਪਿੱਪਲ ਹੈ, ਜਿਹਨੂੰ ਆਪ ਨੇ ਹੱਥ ਲਾ ਕੇ ਰੋਕ ਲਿਆ ਸੀ, ਜਦੋਂ ਜੋਗੀ ਉਡਾਉਣ ਲੱਗੇ ਸੀ ਅਸਮਾਨਾਂ ਵਿਚ। ਉਥੇ ਆ ਕੇ ਉਹ ਲੋਕ ਮੰਗਦੇ ਨੇ ਕਿ ਬਾਬਾ ਮੈਨੂੰ ਆਹ ਦੇ-ਦੇ, ਮੈਨੂੰ ਆਹ ਦੇ-ਦੇ। ਸਾਮ੍ਹਣੇ ਤਾਂ ਇਕ ਪਿੱਪਲ ਨਜ਼ਰ ਆਉਂਦਾ ਹੈ ਪਰ ਉਨ੍ਹਾਂ ਨੂੰ ਗੁਰੂ ਨਾਨਕ ਸਾਹਿਬ ਤੇ ਭਰੋਸਾ ਹੈ ਕਿ ਇਥੇ ਗੁਰੂ ਨਾਨਕ ਸਾਹਿਬ ਗੱਲਾਂ ਸੁਣਦੇ ਨੇ ਸਾਡੀਆਂ ਸਾਰੀਆਂ।

ਇਕ ਬੀਬੀ ਆਈ ਪੁੱਤਰ ਦੀ ਦਾਤ ਮੰਗੀ, ਪੁੱਤਰ ਮਿਲ ਗਿਆ। ਤਿੰਨ ਸਾਲ ਦਾ ਹੋ ਕੇ ਪੁੱਤਰ ਚੜ੍ਹਾਈ ਕਰ ਗਿਆ। ਜਿਹੜੇ ਰਿਸ਼ਤੇਦਾਰ ਸੀ ਉਹ ਕਹਿਣ ਲੱਗੇ ਕਿ ਤੂੰ ਏਸ ਬੱਚੇ ਦੀ ਮਿਰਤਕ ਲੋਥ ਸਾਨੂੰ ਦੇਹ ਅਸੀਂ ਇਹਦਾ ਨਿਪਟਾਰਾ ਕਰੀਏ। ਉਹ ਕਹਿਣ ਲੱਗੀ, ਮੈਂ ਤਾਂ ਨਹੀਂ ਦੇਣੀ, ਮੈਂ ਤਾਂ ਜਿੱਥੋਂ ਬਾਬੇ ਤੋਂ ਲਿਆਈ ਹਾਂ, ਉਥੇ ਹੀ ਮੋੜਨੀ ਹੈ। ਅਖੀਰ ਬਹੁਤ ਜ਼ਿੱਦ ਕਰੀ, ਰੇਲੂ ਦੇ ਵਿਚ ਬਿਠਾ ਕੇ ਲੈ ਆਏ, ਰੇਲੂ ਇਕ ਛੋਟੀ ਜਿਹੀ ਗੱਡੀ ਹੁੰਦੀ ਹੈ, ਦੋ ਪਹੀਆਂ ਵਾਲੀ। ਬੀਬੀ ਨੇ ਮਿਰਤਕ ਪੁੱਤਰ ਨੂੰ ਲਿਜਾ ਕੇ ਸਾਮ੍ਹਣੇ ਗੁਰੂ ਗ੍ਰੰਥ ਸਾਹਿਬ ਦੇ ਅੱਗੇ ਲਿਟਾ ਦਿਤਾ। ਭਾਈ ਜੀ ਨੂੰ ਪਤਾ ਲੱਗ ਗਿਆ, ਮੈਨੇਜਰ ਨੂੰ ਪਤਾ ਲਗ ਗਿਆ ਦੌੜੇ ਹੀ ਆਏ, ਜਾ ਕੇ ਕਿਹਾ ਕਿ ਇਹ ਕੀ ਤੁਸੀਂ ਕਰਦੇ ਓਂ ਮਾੜਾ ਕੰਮ। ਇਥੇ ਲਿਆ ਕੇ ਮਿਰਤਕ ਨੂੰ ਪਾ ਲਿਆ। ਅਖੀਰ ਉਹ ਕਹਿੰਦੀ ਕਿ ਮੈਂ ਨਹੀਂ ਜਾਂਦੀ, ਮੈਂ ਇਥੋਂ ਹੀ ਲਿਆ ਹੈ, ਇਥੇ ਹੀ ਦੇਣਾ ਹੈ। ਉਹ ਕਹਿੰਦੇ ਬਾਹਰ ਬਹਿ ਜਾ। ਗੁਰੂਦਵਾਰਾ ਸਾਹਿਬ ਰਾਤ ਨੂੰ ਬੰਦ ਹੋ ਗਏ, ਸਵੇਰੇ ਵੇਲੇ, ਅੰਮ੍ਰਿਤ ਵੇਲੇ, ਫੇਰ ਦੁਬਾਰਾ ਖੁਲ੍ਹੇ ਤੇ ਆਸਾ ਕੀ ਵਾਰ ਦਾ ਕੀਰਤਨ ਹੋਇਆ। ਉਹ ਸਾਰੀ ਰਾਤ ਇਕ ਗੱਲ ਕਹਿੰਦੀ ਰਹੀ, ਪੂਰੇ ਭਰੋਸੇ ਨਾਲ 100% ਨਾਲ, ਕਿ ਬਾਬਾ! ਜੇ ਦਿੱਤਾ ਸੀ ਤਾਂ ਲਿਆ ਕਿਉਂ? ਜੇ ਦੇਣਾ ਸੀ ਤਾਂ ਲੈਣਾ ਕਿਉਂ ਸੀ? ਸਵੇਰ ਤੱਕ ਬੈਠੀ ਰਹੀ। ਜਦੋਂ ਆਸਾ ਕੀ ਵਾਰ ਦਾ ਭੋਗ ਪਿਆ, ਅਰਦਾਸ ਹੋਈ। ਸਾਰੇ ਹੈਰਾਨ ਹੋ ਗਏ, ਮਰਿਆ ਹੋਇਆ ਬੱਚਾ ਉਠ ਕੇ ਬੈਠ ਗਿਆ। ਸੋ ਇਹ ਭਰੋਸੇ ਦੀ ਗੱਲ ਮੈਂ ਦੱਸਦਾ ਹਾਂ। ਪੜ੍ਹਿਆਂ ਹੋਇਆਂ 'ਚ ਭਰੋਸਾ ਘੱਟ ਹੁੰਦਾ ਹੈ। ਜਿਹੜੇ ਸਿੱਧੇ ਹੀ ਗੁਰੂ ਦੇ ਨਾਲ ਜੁੜ ਜਾਣ ਉਨ੍ਹਾਂ ਵਿਚ ਭਰੋਸੇ ਦੀ ਹੱਦ ਹੁੰਦੀ ਹੈ। ਹੈਰਾਨੀ ਹੁੰਦੀ ਹੈ ਕਿ ਐਨਾ ਭਰੋਸਾ। ਉਹ ਨਹੀਂ ਸ਼ੰਕਾ ਕਰਦੇ। ਸੋਹਣੀ ਨੇ ਨਹੀਂ ਸੀ ਦੇਖਿਆ ਕਿ ਘੜਾ ਕੱਚਾ ਪਿਆ ਹੈ, ਉਹਨੂੰ ਤਾਂ ਇਕੋ ਹੀ ਸੀ ਕਿ ਮੈਂ ਜਾ ਕੇ ਮਹੀਵਾਲ ਨੂੰ ਮਿਲਣਾ ਹੈ, ਹਰ ਹਾਲਤ ਵਿਚ। ਕੱਚੇ ਘੜੇ ਦੇ ਉਤੇ ਹੀ ਠਿਲ੍ਹ ਗਈ ਦਰਿਆ ਵਿਚ। ਜਾਣਕਾਰ ਹੁੰਦੀ, ਪੜ੍ਹੀ ਹੋਈ ਹੁੰਦੀ ਉਹ, ਗਿਣਤੀਆਂ ਮਿਣਤੀਆਂ ਵਾਲੀ ਹੁੰਦੀ, ਉਹ ਕਹਿੰਦੀ ਕਿ ਇਹਦੇ ਤੇ ਨਹੀਂ ਜਾਣਾ। ਉਹਦੀ ਮੌਤ ਅੱਜ ਤੱਕ ਅਮਰ ਹੈ। ਸਭ ਜਾਣਦੇ ਨੇ। ਸੋ ਇਸੇ ਤਰ੍ਹਾਂ ਗੁਰੂ ਦਾ ਜੋ ਪਿਆਰ ਹੈ ਭਰੋਸੇ ਵਾਲਾ ਪਿਆਰ ਉਹ ਭਰੋਸੇ ਵਾਲਿਆਂ ਨੂੰ ਤਾਂ ਸਭ ਕੁਛ ਮਿਲ ਜਾਂਦਾ ਹੈ, ਜਿਹੜੇ ਕਹਿੰਦੇ ਨੇ ਕਿ ਜੀ ਅਸੀਂ ਆਹ ਵੀ ਕਰਕੇ ਦੇਖਿਆ ਹੈ, ਆਹ ਵੀ ਕਰਿਆ, ਹੁਣ ਰਤਵਾੜਾ ਸਾਹਿਬ ਵੀ ਆ ਗਏ, ਉਨ੍ਹਾਂ ਨੂੰ ਲੈਣ ਦੇਣ ਨੂੰ ਕੁਛ ਨਹੀਂ ਹੈ। ਕਿਉਂਕਿ ਉਨ੍ਹਾਂ ਦਾ ਦਿਲ ਹੀ ਨਹੀਂ ਸਾਬਤ।

ਰੱਬ ਕਿੱਥੋਂ ਭਾਲਦਾ ਹੈਂ ਤੇਰਾ ਦਿਲ ਤਾਂ ਸਾਬਤ ਨਹੀਂ। ਜਿਹੜੇ ਸ਼ੀਸ਼ੇ ਵਿਚੋਂ ਤੂੰ ਰੱਬ ਨੂੰ ਦੇਖਣਾ ਹੈ ਉਹ ਤਾਂ ਟੁੱਟਿਆ ਪਿਆ ਹੈ। ਹਜ਼ਾਰਾਂ ਟੁੱਕੜੇ ਹੋਏ ਪਏ ਨੇ। ਸੋ ਇਸ ਤਰ੍ਹਾਂ ਭਰੋਸੇ ਵਾਲੇ ਸੀਗੇ। ਜਿਹੜੇ ਪੜ੍ਹੇ ਹੋਏ ਸੀ, ਥੋੜ੍ਹੇ ਹੁਸ਼ਿਆਰ ਸੀ ਤੇ ਦੁਨੀਆਂ ਦੇ ਅੰਦਰ ਅਕਲ ਰਖਾਉਂਦੇ ਸੀ, ਉਹ ਇਕੱਠੇ ਹੋ ਗਏ ਇਕ ਪਾਸੇ। ਕਹਿਣ ਲੱਗੇ, ਕਿਉਂ ਬਈ ਦੱਸੋ ਚਿੱਠੀ ਆਈ ਹੈ ਕੀ ਵਿਚਾਰ ਹੈ? ਕਹਿੰਦੇ ਨੇ ਇਹ ਜਿਹੜੇ ਨੇ ਇਹ ਅਣਜਾਣ ਬੰਦੇ ਨੇ, ਆਪਾਂ ਨੂੰ ਰਾਜਨੀਤੀ ਸੋਚਣੀ ਚਾਹੀਦੀ ਹੈ। ਉਹ ਇਹ ਹੈ ਕਿ ਆਪਾਂ ਏਸ ਵੇਲੇ ਨਿਕਲ ਚੱਲੀਏ ਕਿਤੇ ਨੂੰ, ਗੁਰੂ ਮਹਾਰਾਜ ਨੂੰ ਕਹੀਏ, ਜ਼ੋਰ ਦੇ ਕੇ ਕਹੀਏ, ਜਿੰਨਾ ਆਪਣਾ ਜ਼ੋਰ ਹੈ। ਇਹ ਨਹੀਂ ਮਨ ਵਿਚ ਆਇਆ ਕਿ ਗੁਰੂ ਤਾਂ ਸਭ ਕੁੱਛ ਜਾਣਦਾ ਹੈ, ਉਹ ਤਾਂ ਆਪ ਅਕਾਲ ਪੁਰਖ ਦੇ ਪੁੱਤਰ ਕਹਾਉਂਦੇ ਨੇ, ਆਪ ਉਨ੍ਹਾਂ ਦਾ ਰੂਪ ਨੇ -

*ਸਮੁੰਦੁ ਵਿਰੋਲਿ ਸਰੀਰੁ ਹਮ ਦੇਖਿਆ*
*ਇਕ ਵਸਤੁ ਅਨੂਪ ਦਿਖਾਈ ॥*

*ਗੁਰ ਗੋਵਿੰਦੁ ਗੋੁਵਿੰਦੁ ਗੁਰੂ ਹੈ ਨਾਨਕ ਭੇਦੁ ਨ ਭਾਈ॥*

*ਅੰਗ - ੪੪੨*

ਉਨ੍ਹਾਂ ਨੂੰ ਅਸੀਂ ਕੀ ਸਿੱਖ, ਮਤ, ਸਲਾਹ ਦੇਵਾਂਗੇ। ਲੇਕਿਨ ਵਖਰਾ ਰਸਤਾ ਖਿਆਲ ਕਰ ਲਿਆ। ਗੁਰੂ ਮਹਾਰਾਜ ਕੋਲ ਆ ਗਏ।

ਗੁਰੂ ਮਹਾਰਾਜ ਨੇ ਕਿਹਾ ਦੱਸੋ ਭਾਈ?

ਕਹਿਣ ਲੱਗੇ, ਮਹਾਰਾਜ! ਇਸ ਵਕਤ ਕਿਲਾ ਛੱਡ ਜਾਈਏ। ਇਹਦੇ ਵਿਚ ਬਚਾਅ ਹੋ ਜਾਏਗਾ।

ਮਹਾਰਾਜ ਜੀ ਨੇ ਕਿਹਾ ਕਿ ਕਾਲ ਤੋਂ ਤਾਂ ਕੋਈ ਬਚਿਆ ਹੀ ਨਹੀਂ ਹੈ, ਕਿਉਂਕਿ ਕਿੱਥੇ ਭੱਜ ਕੇ ਜਾਵੇ ਬੰਦਾ ਜਿੱਥੇ ਕਾਲ ਨਹੀਂ। ਇਹ ਧੋਖਾ ਹੈ ਸਿੰਘੋ, ਫਰੇਬ ਹੈ। ਰਾਜਾ ਕਦੇ ਸੱਚ ਨਹੀਂ ਬੋਲਦਾ ਹੁੰਦਾ, ਰਾਜਾ ਹਮੇਸ਼ਾ ਵਕਤ ਟਪਾਊ ਗੱਲਾਂ ਕਰਦਾ ਹੁੰਦਾ ਹੈ। ਕੋਈ ਹੋਵੇ। ਜਦੋਂ ਤੋਂ ਰਾਜ ਦੀ ਪ੍ਰਥਾ ਸ਼ੁਰੂ ਹੋਈ ਹੈ, ਉਸ ਵੇਲੇ ਤੋਂ ਰਾਜਾ ਰਾਜਨੀਤੀ 'ਚ ਚਲਦਾ ਹੈ। ਨਾਉਂ ਹੀ ਨੀਤੀ ਦਾ ਰਾਜਨੀਤੀ ਹੈ। ਉਹਨੇ ਉਹ ਤਰੀਕੇ ਕਰਨੇ ਨੇ, ਉਹ ਗੱਲਾਂ ਕਰਨੀਆਂ ਨੇ, ਜਿਨ੍ਹਾਂ ਨਾਲ ਵਕਤ ਟਪਾਇਆ ਜਾ ਸਕੇ। ਰਾਜੇ ਦਾ ਕੋਈ ਬਚਨ ਨਹੀਂ ਹੋਇਆ ਕਰਦਾ, ਰਾਜੇ ਦਾ ਹਿੱਤ ਹੋਇਆ ਕਰਦਾ। ਹਿੱਤ ਉਹਦਾ ਪੂਰਾ ਹੋਵੇ ਤਾਂ ਗੱਲ ਹੋ ਜਾਂਦੀ ਹੈ, ਨਾ ਹੋਵੇ ਤਾਂ ਨਹੀਂ ਹੁੰਦੀ। ਤੁਸੀਂ ਧੋਖੇ ਵਿਚ ਨਾ ਆਓ। ਕੱਲ੍ਹ ਨੂੰ ਤੁਸੀਂ ਰਾਜ ਕਰਨਾ ਹੈ, ਇਹੋ ਜਿਹੇ ਧੋਖੇ ਤੁਹਾਡੇ ਨਾਲ ਲੱਖਾਂ ਹੋਣਗੇ। ਤੁਸੀਂ ਹੁਣੇ ਨਾ ਧੋਖੇ ਵਿਚ ਆਓ।

ਪਰ ਜਿੱਦ ਕੀਤੀ, ਮਹਾਰਾਜ ਜੀ ਨੇ ਥੋੜ੍ਹਾ ਜਿਹਾ ਸਾਮਾਨ ਗੱਡਿਆਂ ਤੇ ਲੱਦ ਦਿਤਾ। ਕੀ ਲੱਦਿਆ, ਜਿੰਨੇ ਟੁੱਟੇ ਹੋਏ ਛਿੱਤਰ, ਜਿੰਨੀਆਂ ਹੱਡੀਆਂ ਪਈਆਂ ਸੀ, ਜਿੰਨੀ ਲਿੱਦ ਪਈ ਸੀ, ਉਤੇ ਬਹੁਤ ਵਧੀਆ ਮਖਮਲ ਦੇ ਦੁਸ਼ਾਲੇ ਦੇ ਕੇ ਢਕ ਦਿਤਾ ਤੇ ਸਿੰਘਾਂ ਦੇ ਨਾਲ ਮਿਸਾਲਾਂ ਬੰਨ੍ਹ ਦਿਤੀਆਂ ਬਲਦਾਂ ਦੇ। ਜਦੋਂ ਘੁੰਘਰਾਲਾਂ ਖੜ੍ਹਕੀਆਂ ਤਾਂ ਉਨ੍ਹਾਂ ਨੇ ਕਿਹਾ ਕਿ ਗੁਰੂ ਦਾ ਖਜ਼ਾਨਾ ਜਾ ਰਿਹਾ ਹੈ। ਨੱਠ ਕੇ ਪੈ ਗਏ, ਜਾ ਕੇ ਸ਼ਰਮਿੰਦੇ ਹੋ ਗਏ, ਜਾ ਕੇ ਕਾਹਦੇ ਵਿਚ ਹੱਥ ਮਾਰਿਆ ਹੱਡੀਆਂ 'ਚ ਲਿੱਦ ਵਿਚ, ਜੁੱਤੀਆਂ ਵਿਚ। ਦੂਜੇ ਦਿਨ ਚਿੱਠੀ ਆ ਗਈ ਕਿ ਮਹਾਰਾਜ ਸਾਡੇ ਕੁੱਛ ਜੁਆਨਾਂ ਨੇ ਗਲਤੀ ਕਰੀ ਹੈ। ਅਸੀਂ ਉਨ੍ਹਾਂ ਨੂੰ ਸਜ਼ਾ ਦੇ ਰਹੇ ਹਾਂ।

ਮਹਾਰਾਜ ਕਹਿੰਦੇ, ਅਜੇ ਵੀ ਧੋਖਾ ਹੈ। ਉਹ ਪਹਿਲਾ ਧੋਖਾ, ਹੁਣ ਦੂਜਾ ਧੋਖਾ। ਲੇਕਿਨ ਉਹ ਗੱਲ ਤੇ ਅੜ ਗਏ। ਮਹਾਰਾਜ ਕਹਿੰਦੇ ਚੰਗਾ। ਨਿਰਣਾ ਤਾਂ ਹੀ ਹੁੰਦਾ ਹੈ, ਇਕ ਪਾਸੇ ਗੁਰੂ ਹੈ ਇਕ ਪਾਸੇ ਸਿੱਖ। ਦੋਹਾਂ ਦੀ ਰਾਏ ਤਾਂ ਚਲਦੀ ਨਹੀਂ ਹੁੰਦੀ। ਗੁਰੂ ਦੀ ਰਾਇ ਦੇ ਅੰਦਰ ਸਿੱਖ ਸਮਾ ਜਾਵੇ ਤਾਂ ਤਾਂ ਸਿੱਖ ਹੈ। ਕਿਉਂਕਿ ਸਿੱਖ ਜੀਉਂਦਾ ਨਹੀਂ ਹੁੰਦਾ -

***ਮੁਰਦਾ ਹੋਇ ਮੁਰੀਦ ਨ ਗਲੀ ਹੋਵਣਾ।***
***ਸਾਬਰੁ ਸਿਦਕਿ ਸਹੀਦੁ ਭਰਮ ਭਉ ਖੋਵਣਾ।***
***ਗੋਲਾ ਮੁਲ ਖਰੀਦੁ ਕਾਰੇ ਜੋਵਣਾ।***
***ਨਾ ਤਿਸੁ ਭੁਖ ਨ ਨੀਦ ਨ ਖਾਣਾ ਸੋਵਣਾ।***
***ਪੀਹਣਿ ਹੋਇ ਜਦੀਦ ਪਾਣੀ ਢੋਵਣਾ।***
***ਪਖੇ ਦੀ ਤਾਗੀਦ ਪਗ ਮਲਿ ਧੋਵਣਾ।***
***ਸੇਵਕ ਹੋਇ ਸੰਜੀਦੁ ਨ ਹਸਣ ਰੋਵਣਾ।***
***ਦਰ ਦਰਵੇਸ ਰਸੀਦ ਪਿਰਮ ਰਸ ਭੋਵਣਾ।***
***ਚੰਦ ਮੁਮਾਰਖ ਈਦ ਪੁਗ ਖਲੋਵਣਾ॥***

***ਭਾਈ ਗੁਰਦਾਸ ਜੀ, ਵਾਰ 3/18***

ਗੱਲਾਂ ਨਾਲ ਤਾਂ ਨਹੀਂ ਹੁੰਦਾ।

ਸੋ ਸਿੱਖ ਬਣਨ ਤੋਂ ਪਹਿਲਾਂ ਗੋਲਾ ਬਣਨਾ ਪੈਂਦਾ ਹੈ। ਮੁਰਦਾ ਬਣਨਾ ਪੈਂਦਾ ਹੈ। ਜਿਹਨੇ ਸਭ ਕੁਛ ਗੁਰੂ ਨੂੰ ਸਉਂਪ ਦਿਤਾ ਉਹ ਗੁਰੂ ਦੀ ਮਰਜ਼ੀ ਵਿਚ ਰਹਿੰਦਾ ਹੈ। ਸੋ ਉਹ ਥੋੜ੍ਹੇ ਜੀਉਂਦੇ ਸੀ ਤੇ ਮਹਾਰਾਜ ਕਹਿਣ ਲੱਗੇ, ਪ੍ਰੇਮੀਓ! ਜਿੱਦ ਨਾ ਕਰੋ, ਧੋਖਾ ਹੈ। ਕਹਿੰਦੇ ਨਹੀਂ ਮਹਾਰਾਜ। ਮਹਾਰਾਜ ਜੀ ਕਹਿਣ ਲੱਗੇ ਕਿ ਫੈਸਲਾ ਤਾਂ ਇਕੋ ਗੱਲ ਨਾਲ ਹੁੰਦਾ ਹੈ ਜਾਂ ਮੈਂ ਤੁਹਾਡੀ ਗੱਲ ਮੰਨ ਲਵਾਂ। ਮੈਨੂੰ ਪਤਾ ਹੈ ਕਿ ਤੁਸੀਂ ਗਲਤ ਕਰ ਰਹੇ ਹੋਂ।

ਕਹਿਣ ਲੱਗੇ ਕਿ ਗੁਰੂ ਵੀਹ ਵਿਸਵੇ ਤੇ ਸੰਗਤ ਇਕੀ ਵਿਸਵੇ। ਕਈ ਪ੍ਰੇਮੀਆਂ ਦਾ ਖਿਆਲ ਹੈ। ਇਹ ਗੱਲ ਨੂੰ ਨਿਖਾਰਨਾ ਪੈਂਦਾ ਹੈ। ਜਿਹੜਾ ਗੁਰੂ ਹੈ ਉਹ 20 ਵਿਸਵੇ, ਵੀਹ ਵਿਸਵੇ ਪੂਰਾ ਹੁੰਦਾ ਹੈ। ਇੱਕੀਵਾਂ ਵਿਸਵਾ ਤਾਂ ਹੁੰਦਾ ਹੀ ਨਹੀਂ। ਫੇਰ ਜਦੋਂ ਸੰਗਤ ਹੁੰਦੀ ਹੈ ਤਾਂ ਇੱਕ ਵਿਸਵਾ ਸੰਗਤ ਹੈ, ਗੁਰੂ ਵੀਹ ਹੈ। ਜਦੋਂ ਅਸੀਂ ਗੁਰਸੰਗਤ ਕਹਿੰਦੇ ਹਾਂ ਤਾਂ ਇੱਕੀ ਵਿਸਵੇ ਹੁੰਦੇ। ਗੁਰੂ ਤੇ ਸੰਗਤ ਰਲ ਕੇ ਇੱਕੀ ਵਿਸਵੇ ਹੁੰਦੇ ਨੇ। ਗੁਰੂ ਤਾਂ ਗੁਰੂ ਹੀ ਹੈ। ਸੰਗਤ ਠੀਕ ਹੈ ਮਹਾਰਾਜ ਨੇ ਦਰਜਾ ਦਿੱਤਾ ਹੈ। ਮਹਾਰਾਜ ਕਹਿੰਦੇ ਫੇਰ ਦੋ ਗੱਲਾਂ ਨਹੀਂ ਹੁੰਦੀਆਂ। ਜੇ ਤੁਸੀਂ ਸਿੱਖ ਨਹੀਂ ਹੈਗੇ ਤਾਂ ਲਿਖ ਕੇ ਦੇ ਦਿਓ। ਇਬਾਰਤ ਲਿਖ ਲਈ ਕਿ ਤੂੰ ਸਾਡਾ ਗੁਰੂ ਨਹੀਂ ਅਸੀਂ ਤੇਰੇ ਸਿੱਖ ਨਹੀਂ। ਦਸਤਖਤ ਕਰਾਉਣ ਲੱਗ ਗਏ।

ਮਹਾਰਾਜ ਨੇ ਕਿਹਾ ਚੰਗਾ, ਦਸਤਖਤ ਕਰੀ ਜਾਓ ਤੇ ਜਾਈ ਜਾਓ। ਚੰਗਾ ਸਿੰਘੋ ਤੁਹਾਡੀ ਮਰਜ਼ੀ ਹੈ। ਮੈਂ ਤਾਂ ਆਪਣੇ ਵਾਸਤੇ ਕੁਛ ਨਹੀਂ ਸੀ ਕਰ ਰਿਹਾ। ਤੁਹਾਡੇ ਵਾਸਤੇ ਹੀ ਸਭ ਕੁਛ ਕਰ ਰਿਹਾ ਸੀ। ਉਹ ਚਲੇ ਜਾਂਦੇ ਨੇ ਤੇ ਉਸ ਤੋਂ ਬਾਅਦ ਬਹੁਤ ਕੁਛ ਹੁੰਦਾ ਹੈ, ਸਾਰਿਆਂ

ਨੂੰ ਪਤਾ ਹੈ। ਲੇਕਿਨ ਗੁਰੂ ਨੇ ਦਰਵਾਜ਼ਾ ਨਹੀਂ ਬੰਦ ਕਰਿਆ। ਜਿਥੇ ਮੈਂ ਬੇਨਤੀ ਕਰਦਾ ਹਾਂ, ਉਹਨੂੰ ਸਮਝਣ ਦਾ ਯਤਨ ਕਰੋ। ਦਰਵਾਜ਼ਾ ਨਹੀਂ ਬੰਦ ਕਰਿਆ। ਚਮਕੌਰ ਸਾਹਿਬ ਆ ਗਏ ਤੇ ਉਥੇ ਕੋਈ ਚੀਜ਼ ਨਾਲ ਨਹੀਂ ਲੈ ਕੇ ਨਿਕਲੇ। ਤਿੰਨ ਸਸ਼ਤਰ ਗੁਰੂ ਤੇਗ ਬਹਾਦਰ ਸਾਹਿਬ ਮਹਾਰਾਜ ਦੇ ਗੁਰੂ ਮਹਾਰਾਜ ਕੋਲ ਨੇ ਜਾਂ ਉਹ ਚਿੱਠੀ ਸਾਂਭੀ ਫਿਰਦੇ ਨੇ। ਬੇਅੰਤ ਮੁਸ਼ਕਲਾਂ ਵਿਚੋਂ ਲੰਘੇ। ਖਦਰਾਣੇ ਦੀ ਢਾਬ ਤੇ ਜਾ ਕੇ ਵੀ ਚਿੱਠੀ ਕਮਰਕੱਸੇ ਨਾਲ ਰੱਖੀ ਹੋਈ ਹੈ ਕਿ ਜੇ ਮੇਰਾ ਸਿੱਖ ਮੈਨੂੰ ਆ ਕੇ ਕਹਿ ਦੇਵੇ ਕਿ ਰਸਤਾ ਭੁੱਲ ਗਿਆ, ਮੈਂ ਤਾਂ ਤੇਰਾ ਹੀ ਹਾਂ, ਗਲਤੀ ਹੋ ਗਈ ਤਾਂ ਮੈਂ ਕੀ ਜਵਾਬ ਦੇਵਾਂਗਾ ਜੇ ਚਿੱਠੀ ਨਾ ਸਾਂਭ ਕੇ ਰੱਖੀ। ਉਹਨੂੰ ਯਕੀਨ ਨਹੀਂ ਆਉਣਾ ਤੇ ਜਦੋਂ 40 ਮੁਕਤਿਆਂ ਨੇ ਆ ਕੇ ਉਥੇ ਜੰਗ ਕੀਤਾ ਤੇ ਗੁਰੂ ਮਹਾਰਾਜ ਨੇ ਭਾਈ ਮਹਾਂ ਸਿੰਘ ਦੇ ਪਾਸ ਜਾ ਕੇ, ਜੋ ਅਜੇ ਜੀਉਂਦਾ ਸੀ ਕਿ ਮਹਾਂ ਸਿੰਘਾ! ਕੀ ਚਾਹੁੰਦਾ ਹੈ? ਤਾਂ ਕਹਿਣ ਲੱਗਿਆ ਪਾਤਸ਼ਾਹ! ਸ਼ਹੀਦਾਂ ਦਾ ਜਹਾਜ਼ ਤਾਂ ਜਾਂਦਾ ਹੈ ਨਾ ਸਵਰਗ ਵਾਲੇ ਸਾਂਭ ਰਹੇ ਨੇ, ਨਾ ਤੇਰੇ ਸੱਚਖੰਡ 'ਚ ਜਾ ਰਿਹਾ ਹੈ, ਇਹ ਵਿਚਾਲੇ ਰੁਲਦਾ ਫਿਰਦਾ ਹੈ। ਕ੍ਰਿਪਾ ਕਰ, ਅਸੀਂ ਤੇਰੇ ਬਣੇ ਸੀ, ਤੇਰੇ ਹੀ ਸੀ। ਤੂੰ ਸਾਡਾ ਬੇਦਾਵਾ ਫਾੜ ਦੇ। ਗੁਰੂ ਮਹਾਰਾਜ ਕਹਿਣ ਲੱਗੇ ਕਿ ਮਹਾਂ ਸਿੰਘਾ! ਰਾਜ ਭਾਗ ਮੰਗ ਲੈ, ਹੋਰ ਕੁਛ ਮੰਗ ਲੈ, ਦੁਨੀਆਂਦਾਰਾਂ ਨੂੰ ਇਨ੍ਹਾਂ ਚੀਜ਼ਾਂ ਦੀ ਲੋੜ ਹੁੰਦੀ ਹੈ। ਪਾਤਸ਼ਾਹ! ਸਾਨੂੰ ਸਿੱਖੀ ਦੇ-ਦੇ, ਸਾਨੂੰ ਜਾਨ ਦੀ ਲੋੜ ਨਹੀਂ ਹੈ, ਜੀਉਣ ਦੀ ਲੋੜ ਨਹੀਂ ਹੈ, ਰਾਜ ਦੀ ਲੋੜ ਨਹੀਂ। ਗੁਰੂ ਮਹਾਰਾਜ ਦੇ ਨੇਤਰਾਂ 'ਚ ਪਿਆਰ ਦੇ ਹੰਝੂ ਆ ਗਏ ਸਾਧਸੰਗਤ ਜੀ। ਦੋ ਟੇਪੇ ਉਹਦੇ ਚਿਹਰੇ ਤੇ ਗਿਰ ਗਏ, ਕਹਿਣ ਲੱਗੇ ਮਹਾਂ ਸਿੰਘਾ! ਗੁਰੂ ਕਦੇ ਸਿੱਖ ਨੂੰ ਨਹੀਂ ਛੱਡਦਾ, ਜਦੋਂ ਵੀ ਛੱਡਦਾ ਹੈ, ਸਿੱਖ ਗੁਰੂ ਨੂੰ ਛੱਡਦਾ ਹੈ। ਗੁਰੂ ਦਾ ਦਰਵਾਜ਼ਾ ਹਰ ਵਕਤ, ਗੁਰੂ ਦਾ ਕਲਾਵਾ ਹਰ ਵਕਤ ਇੰਤਜ਼ਾਰ ਕਰਦਾ ਹੈ ਕਦ ਸਿੱਖ ਆਵੇ -

*ਜੋ ਸਰਣਿ ਆਵੈ ਤਿਸੁ ਕੰਠਿ ਲਾਵੈ*
*ਇਹੁ ਬਿਰਦੁ ਸੁਆਮੀ ਸੰਦਾ ॥* *ਅੰਗ - ੫੪੪*

ਕਦ ਆਵੇ ਤੇ ਮੈਂ ਉਹਦੀ ਭੁੱਲ ਨੂੰ ਸੋਧ ਕੇ ਆਪਣੀ ਛਾਤੀ ਦੇ ਨਾਲ ਆਪਣੇ ਪਿਆਰੇ ਬੱਚੇ ਨੂੰ ਲਾਵਾਂ। ਸੋ ਐਸੇ ਗੁਰੂ ਗੋਬਿੰਦ ਸਿੰਘ ਜਦੋਂ ਤਕ ਦੁਨੀਆਂ ਰਹੇਗੀ, ਉਸ ਵੇਲੇ ਤੱਕ ਸਾਡੇ ਖ਼ੂਨ ਵਿਚ ਉਹੀ, ਪਿਆਰ ਰਚਿਆ ਰਹਿਣਾ ਹੈ। ਪਰ ਅਸੀਂ ਗਲਤੀ ਕਰਦੇ ਹਾਂ। ਉਹੀ ਬੇਦਾਵਾ ਜੋ ਉਨ੍ਹਾਂ ਨੇ ਗੁਰੂ ਨੂੰ ਦਿਤਾ ਸੀ, ਉਹਦੀ ਅਸੀਂ ਦੇ ਬੈਠੇ ਹਾਂ। ਭਾਵੇਂ ਗੁਰੂ ਨੇ ਲਿਖਾਇਆ ਨਹੀਂ, ਪਰ ਅਸੀਂ ਗੁਰੂ ਦਾ ਬਚਨ ਨਹੀਂ ਮੰਨ ਰਹੇ। ਹੋਰ-ਹੋਰ ਥਾਂ ਜਾ ਕੇ ਮੱਥੇ ਟੇਕੀ ਜਾਂਦੇ ਹਾਂ, ਗੁਰੂ ਕਹਿੰਦਾ ਹੈ ਸ਼ਰਾਬ ਨਾ ਪੀਓ, ਅਸੀਂ ਪੀਈ ਜਾਂਦੇ ਹਾਂ। ਗੁਰੂ ਕਹਿੰਦਾ ਹੈ ਵੈਰ ਨਾ ਕਰੋ ਕਿਸੇ ਨਾਲ, ਅਸੀਂ ਕਰੀ ਜਾਂਦੇ ਹਾਂ। ਗੁਰੂ ਕਹਿੰਦਾ ਹੈ ਕਿਸੇ ਨੂੰ ਵੀ ਮਾੜਾ ਨਾ ਕਹੋ ਪਰ ਅਸੀਂ ਕਹੀ ਜਾਂਦੇ ਹਾਂ। ਸਾਰੇ ਹੀ ਹੁਕਮ ਅਦੂਲੀ ਗੁਰੂ ਤੋਂ ਕਰੀ ਜਾਂਦੇ ਹਾਂ। ਲੇਕਿਨ ਫੇਰ ਵੀ ਉਹ ਗੁਰੂ ਸਾਡੇ ਤੇ ਦਿਆਲੂ ਕ੍ਰਿਪਾਲੂ ਇੰਤਜ਼ਾਰ ਕਰਦਾ ਹੈ ਕਿ ਕਦ ਸਿੱਖ ਸਹੀ ਹੋ ਕੇ ਮੇਰੇ ਵਲ ਨੂੰ ਆਵੇ, ਕਦ ਮੈਂ ਏਸ ਨੂੰ ਆਪਣੀ ਦਰਗਾਹ ਵਿਚ ਥਾਂ ਦੇਵਾਂ। ਸੋ ਇਸ ਤਰ੍ਹਾਂ ਦੇ ਨਾਲ ਜਦੋਂ ਆਪਾਂ ਗੁਰੂ ਨੂੰ ਯਾਦ ਕਰਦੇ ਹਾਂ, ਤਾਂ ਅਸੀਂ ਨਿਹਾਲ ਹੋ ਜਾਂਦੇ ਹਾਂ।

*ਗੁਰੁ ਪੂਰਾ ਜਿਨ ਸਿਮਰਿਆ ਸੇਈ ਭਏ ਨਿਹਾਲ ॥*
*ਨਾਨਕ ਨਾਮੁ ਅਰਾਧਣਾ ਕਾਰਜੁ ਆਵੈ ਰਾਸਿ ॥*

*ਅੰਗ - ੧੪੨੫*

ਗੁਰੂ ਨੂੰ ਯਾਦ ਕਰਕੇ ਸਾਰੇ ਕਾਰਜ ਰਾਸ ਆ ਜਾਂਦੇ ਨੇ। ਨਾਲ ਇਹ ਨਿਹਾਲ ਹੋ ਜਾਂਦਾ ਹੈ, ਜਮਾਂ ਤੋਂ ਛੁਟ ਜਾਂਦਾ ਹੈ। ਸਾਰੇ ਦੁਖਾਂ ਦਾ ਨਾਸ ਹੋ ਜਾਂਦਾ ਹੈ, ਯਾਦ ਕਰ ਲਓ ਗੁਰੂ ਗੋਬਿੰਦ ਸਿੰਘ ਮਹਾਰਾਜ ਨੂੰ।

ਸੋ ਗੁਰੂ ਦਸ਼ਮੇਸ਼ ਪਿਤਾ ਮਹਾਰਾਜ ਐਹ ਸੰਸਾਰ ਵਿਚ ਆਉਣ ਤੋਂ ਪਹਿਲਾਂ ਪਰਮ ਮੁਕਤ ਅਵਸਥਾ ਵਿਚ ਪ੍ਰਮੇਸ਼ਰ ਦੀ ਜੋਤ ਨਾਲ ਇਕ ਮਿਕ ਹੋਏ, ਪ੍ਰਮੇਸ਼ਰ ਦਾ ਰੂਪ ਸਨ। ਲੇਕਿਨ ਕਲਜੁਗ ਦਾ ਜ਼ੋਰ ਵਧ ਗਿਆ, ਬੰਦਾ ਬਿਲਕੁਲ ਨਿਮਾਣਾ ਨਿਤਾਣਾ ਹੋ ਗਿਆ। ਕੋਈ ਅਸੂਲ ਨਾ ਰਿਹਾ ਬੰਦੇ ਦਾ, ਚੰਗਿਆਈ ਸਾਰੀ ਨਿਕਲ ਗਈ, ਭਾਰਤ ਵਰਸ਼ 'ਚੋਂ। ਗੁਲਾਮੀ ਆ ਗਈ। ਕੋਈ ਛੇ ਸੌ ਸਾਲ ਤੋਂ ਉਤੇ ਗੁਲਾਮੀ ਦਾ ਸਮਾਂ ਲੰਘ ਰਿਹਾ ਸੀ, ਗੁਲਾਮੀ ਦੇ ਵਿਚ ਜੀਉਣ ਕਰਕੇ, ਆਦਮੀ ਦੀ ਅਣਖ, ਇੱਜ਼ਤ ਸਭ ਖਤਮ ਹੋ ਗਈ। ਇਹੀ ਰਹਿ ਗਿਆ ਕਿ ਕਿਸੇ ਤਰੀਕੇ ਨਾਲ ਸਾਹ ਕੱਢੀ ਜਾਓ। ਮਰਨ ਤੋਂ ਬਚ ਜਾਓ, ਕੋਈ ਗੱਲ ਨਹੀਂ, ਜੋ ਹੁੰਦਾ ਹੈ ਹੋਈ ਜਾਣ ਦਿਓ। ਧਰਮ ਦੀਆਂ ਜੜ੍ਹਾਂ ਹਿੱਲ ਗਈਆਂ। ਗੁਰੂ ਨਾਨਕ ਪਾਤਸ਼ਾਹ ਨੌਂ ਜਾਮਿਆਂ ਵਿਚ ਆ ਕੇ ਏਸ ਧਰਮ ਦੇ ਖੰਡਰ ਨੂੰ ਸੰਵਾਰਨ ਦਾ ਯਤਨ ਕਰਦੇ ਨੇ। ਅਕਾਲ ਪੁਰਖ ਦਾ ਹੁਕਮ ਹੋਇਆ, ਗੁਰੂ ਦਸ਼ਮੇਸ਼ ਪਿਤਾ ਨੂੰ ਕਿ ਤੁਸੀਂ ਜਾਓ, ਗੁਰੂ ਜੋਤ ਤੁਹਾਡੇ ਥਾਉਂ ਤੇ ਕੰਮ ਕਰੇਗੀ। ਤੁਸੀਂ ਜਾ ਕੇ ਧਰਮ ਦਾ ਰਾਹ ਸੰਸਾਰ ਨੂੰ ਜਾ ਕੇ ਦੱਸੋ ਕਿਉਂਕਿ ਧਰਮ ਦਾ ਰਸਤਾ ਸੰਸਾਰ ਭੁੱਲ ਗਿਆ। ਸੋ ਧਰਮ ਦਾ ਰਸਤਾ ਚਲਾਉਣ ਵਾਸਤੇ ਗੁਰੂ ਮਹਾਰਾਜ ਆਉਂਦੇ ਨੇ।

*'ਚਲਦਾ........।'*

# ਸਾਕਾ ਸਰਹੰਦ

**(ਜਗਤ ਮਾਤਾ, ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦੇ ਸਬੰਧ ਵਿਚ)**

*ਸੰਤ ਬਾਬਾ ਲਖਬੀਰ ਸਿੰਘ ਜੀ*
*ਚੇਅਰਮੈਨ, ਟਰੱਸਟ ਰਤਵਾੜਾ ਸਾਹਿਬ*

*ਸਿਖ ਮਤਿ ਸਭ ਬੁਧਿ ਤੁਮ੍ਾਰੀ ਮੰਦਿਰ ਛਾਵਾ ਤੇਰੇ ॥*
*ਤੁਝ ਬਿਨੁ ਅਵਰੁ ਨ ਜਾਨਾ ਮੇਰੇ ਸਾਹਿਬਾ*
*ਗੁਣ ਗਾਵਾ ਨਿਤ ਤੇਰੇ ॥* *ਅੰਗ - ੭੯੫*

ਗੁਰੂ ਪਿਆਰੀ ਸਾਧਸੰਗਤ ਜੀਓ! ਆਓ ਸਭ ਮਾਈ ਭਾਈ ਖੰਡਾਂ ਬ੍ਰਹਿਮੰਡਾਂ ਦੇ ਮਾਲਕ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ ਮਹਾਰਾਜ ਜੀ ਨੂੰ ਸੀਸ ਝੁਕਾਈਏ, ਹੱਥ ਜੋੜ ਕੇ ਫਤਹਿ ਦਾ ਸਿਮਰਨ ਕਰੀਏ ਜੀ।

*ਵਾਹਿਗੁਰੂ ਜੀ ਕਾ ਖ਼ਾਲਸਾ॥*
*ਵਾਹਿਗੁਰੂ ਜੀ ਕੀ ਫ਼ਤਹਿ॥*

ਅੱਜ ਇਸ ਪਾਵਨ ਅਸਥਾਨ 'ਤੇ ਧੰਨ-ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਮਾਤਾ ਜੀ, ਜਗਤ ਮਾਤਾ, ਮਾਤਾ ਗੁਜਰ ਕੌਰ ਜੀ ਅਤੇ ਦਸ਼ਮੇਸ਼ ਪਿਤਾ ਜੀ ਦੇ ਛੋਟੇ ਸਾਹਿਬਜ਼ਾਦੇ, ਸਾਹਿਬਜ਼ਾਦਾ ਬਾਬਾ ਜ਼ੋਰਾਵਰ ਸਿੰਘ ਜੀ, ਸਾਹਿਬਜ਼ਾਦਾ ਬਾਬਾ ਫਤਿਹ ਸਿੰਘ ਜੀ, ਉਹਨਾਂ ਦਾ ਸ਼ਹੀਦੀ ਦਿਹਾੜਾ ਪਿਆਰ ਭਾਵਨਾ ਅਤੇ ਵੈਰਾਗ ਨਾਲ ਮਨਾਇਆ ਜਾ ਰਿਹਾ ਹੈ। ਇਸ ਤੋਂ ਪਿਛਲੇ ਐਤਵਾਰ ਸ੍ਰੀ ਚਮਕੌਰ ਸਾਹਿਬ ਜੀ ਦੇ ਸ਼ਹੀਦਾਂ ਨੂੰ ਨਮਸ਼ਕਾਰ ਕੀਤੀ। ਗੁਰੂ ਦਸਮ ਪਾਤਸ਼ਾਹ ਮਹਾਰਾਜ ਜੀ ਕੋਲ ਜਿਸ ਵਕਤ ਔਰਗਜ਼ੇਬ ਦੀ ਚਿੱਠੀ ਆਈ, ਨਾਲ ਕੁਰਾਨ ਸ਼ਰੀਫ ਨਾਲ ਆਇਆ, ਕੁਰਾਨ ਸ਼ਰੀਫ ਦੀ ਕਸਮ ਖਾਧੀ ਜਾ ਰਹੀ ਹੈ। ਇਕ ਪਾਸੇ ਗੀਤਾ ਦੀਆਂ ਕਸਮਾਂ ਖਾਧੀਆਂ ਜਾ ਰਹੀਆਂ ਨੇ। ਧਾਰਮਿਕ ਗ੍ਰੰਥਾਂ ਦਾ ਸਤਿਕਾਰ ਕਰਦਿਆਂ ਹੋਇਆਂ, ਸੰਸਾਰ ਨੂੰ ਦੱਸਣ ਵਾਸਤੇ ਕਿ ਇਹ ਲੋਕ ਆਪਣੇ ਹਿੱਤ ਵਾਸਤੇ, ਜਿਹੜੇ ਇਹ ਧਰਮ ਤੋਂ ਹੀਣੇ ਰਾਜੇ ਹਨ, ਇਹ ਕਿਵੇਂ ਝੂਠੀਆਂ ਕਸਮਾਂ ਖਾਂਦੇ ਹਨ। ਸ੍ਰੀ ਅਨੰਦਪੁਰ ਸਾਹਿਬ ਛੱਡਿਆ, ਸਰਸਾ 'ਤੇ ਭਾਰੀ ਯੁੱਧ ਹੋਇਆ। ਸਾਹਿਬ ਦਾ ਪਰਿਵਾਰ ਤਿੰਨਾਂ ਹਿੱਸਿਆਂ ਵਿਚ ਵਿਛੜ ਗਿਆ। ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਸੱਚੇ ਪਾਤਸ਼ਾਹ, ਦੋਵੇਂ ਵੱਡੇ ਸਾਹਿਬਜ਼ਾਦੇ, ਪੰਜ ਪਿਆਰੇ, ਕੁਝ ਸਿੰਘ ਜਿਨ੍ਹਾਂ ਦੀ ਗਿਣਤੀ 40 ਹੈ, ਸ੍ਰੀ ਚਮਕੌਰ ਸਾਹਿਬ ਜੀ ਦੀ ਗੜ੍ਹੀ ਪਹੁੰਚੇ। ਘਮਸਾਨ ਦਾ ਯੁੱਧ ਹੋਇਆ, ਇਸ ਯੁੱਧ ਵਿਚ ਦੋਵੇਂ ਵੱਡੇ ਸਾਹਿਬਜ਼ਾਦੇ ਸ਼ਹੀਦ ਹੋਏ, ਪੰਜਾਂ ਪਿਆਰਿਆਂ 'ਚੋਂ ਤਿੰਨ ਪਿਆਰੇ ਭਾਈ ਹਿੰਮਤ ਸਿੰਘ ਜੀ, ਭਾਈ ਮੋਹਕਮ ਸਿੰਘ ਜੀ, ਭਾਈ ਸਾਹਿਬ ਸਿੰਘ ਜੀ ਸ਼ਹੀਦ ਹੋਏ, ਬਾਕੀ ਸਿੰਘ ਸ਼ਹੀਦ ਹੋਏ। ਸ਼ਾਮ ਤਕ 11 ਸਿੰਘ ਰਹਿ ਗਏ। ਦਸਮ ਪਾਤਸ਼ਾਹ ਮਹਾਰਾਜ ਜੀ ਨੇ ਬਚਨ ਕੀਤਾ ਕਿ ਕੱਲ੍ਹ ਨੂੰ ਅਸੀਂ ਜੰਗ ਵਿਚ ਜੂਝਾਂਗੇ। ਪੰਜ ਸਿੰਘਾਂ, ਪੰਜਾਂ ਪਿਆਰਿਆਂ ਨੇ ਬਚਨ ਕੀਤਾ ਕਿ ਆਪ ਜੀ ਦਾ ਸੰਸਾਰ ਦੇ ਭਲੇ ਵਾਸਤੇ ਸਹੀ ਸਲਾਮਤ ਗੜ੍ਹੀ ਵਿਚੋਂ ਜਾਣਾ ਜ਼ਰੂਰੀ ਹੈ। ਪੰਥ ਖਾਲਸੇ ਦਾ ਹੁਕਮ ਮੰਨ ਕੇ ਆਪ ਜੀ ਭਾਈ ਸੰਗਤ ਸਿੰਘ ਜੀ ਨੂੰ ਕਲਗੀ ਬਖਸ਼ ਕੇ, ਹੋਰ ਸਾਰਿਆਂ ਨੂੰ ਉਪਦੇਸ਼ ਦਿਤਾ। ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ, ਭਾਈ ਮਾਨ ਸਿੰਘ ਜੀ ਨੂੰ ਨਾਲ ਲਿਆ ਕਿ ਤਾਰੇ ਦੀ ਸੇਧ 'ਤੇ ਜਾਣਾ ਹੈ। ਤਾੜੀ ਮਾਰ ਕੇ, ਲਲਕਾਰ ਕੇ ਨਿਕਲੇ, ਯੁੱਧ ਕਰਦੇ ਹੋਏ ਗਏ ਅਤੇ ਆਪ ਜੀ ਦੇ ਚਰਨਾਂ ਦਾ ਜੋੜਾ ਉਸ ਯੁੱਧ ਦੇ ਵਿਚ ਉਤਰ ਗਿਆ। ਅੱਗੇ ਆਪ ਜੀ ਦੇ ਚਰਨਾਂ ਵਿਚ ਨਾ ਜੋੜਾ ਹੈ, ਨਾ ਪਾਸ ਘੋੜਾ ਹੈ, ਨਾ ਸੀਸ ਉਤੇ ਤਾਜ ਨਾ ਹੱਥ ਵਿਚ ਬਾਜ ਹੈ। ਜਾਮਾ ਲੀਰੋ ਲੀਰ ਹੈ। ਜਗ੍ਹਾ-ਜਗ੍ਹਾ ਆਪ ਜੀ ਦੇ ਜਾਮੇ ਨੂੰ ਖ਼ੂਨ ਲੱਗਾ ਹੋਇਆ ਹੈ। ਜੰਡ ਸਾਹਿਬ, ਝਾੜ ਸਾਹਿਬ ਤੋਂ ਹੁੰਦੇ ਹੋਏ ਆਪ ਜੀ ਸ੍ਰੀ ਮਾਛੀਵਾੜਾ ਸਾਹਿਬ ਜੀ ਦੇ ਜੰਗਲਾਂ ਵਿਚ ਪਹੁੰਚੇ। ਇਥੇ ਹੀ ਆਪ ਜੀਆਂ ਨੂੰ ਭਾਈ ਦਇਆ ਸਿੰਘ ਜੀ, ਭਾਈ ਧਰਮ ਸਿੰਘ ਜੀ ਤੇ ਭਾਈ ਮਾਨ ਸਿੰਘ ਜੀ ਮਿਲੇ। ਆਪ ਜੀ ਨੇ ਉਚਾਰਨ ਕੀਤਾ -

*ਮਿਤ੍ਰ ਪਿਆਰੇ ਨੂੰ ਹਾਲੁ ਮੁਰੀਦਾਂ ਦਾ ਕਹਿਣਾ॥*
*ਤੁਧੁ ਬਿਨੁ ਰੋਗੁ ਰਜਾਈਆਂ ਦਾ ਓਢਣ*
*ਨਾਗ ਨਿਵਾਸਾ ਦੇ ਰਹਣਾ॥*
*ਸੂਲ ਸੁਰਾਹੀ ਖੰਜਰੁ ਪਿਆਲਾ*
*ਬਿੰਗ ਕਸਾਈਆ ਦਾ ਸਹਣਾ॥*
*ਯਾਰੜੇ ਦਾ ਸਾਨੂੰ ਸਥਰੁ ਚੰਗਾ*
*ਭੱਠ ਖੇੜਿਆ ਦਾ ਰਹਣਾ॥* **ਖਿਆਲ ਪਾਤਿਸਾਹੀ ੧੦**

ਅੱਜ ਧੰਨ-ਧੰਨ ਮਾਤਾ ਗੁਜਰ ਕੌਰ ਜੀ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਆਪਾਂ ਇਸ ਅਸਥਾਨ 'ਤੇ ਨਮਸ਼ਕਾਰ ਕਰ ਰਹੇ ਹਾਂ। ਦੁਨੀਆਂ ਦੇ ਅੰਦਰ ਕੋਈ ਐਸੀ ਮਿਸਾਲ ਨਹੀਂ ਮਿਲਦੀ। ਜੋ ਦਸਮ ਪਾਤਸ਼ਾਹ ਮਹਾਰਾਜ ਜੀ ਨੇ ਸੰਸਾਰ ਦੇ ਭਲੇ ਵਾਸਤੇ, ਦੇਸ਼-ਕੌਮ, ਧਰਮ ਵਾਸਤੇ, ਗਊ ਗਰੀਬ ਦੀ ਰੱਖਿਆ

ਵਾਸਤੇ, ਜ਼ੁਲਮ ਦੀ ਅੱਗ ਬੁਝਾਉਣ ਵਾਸਤੇ ਸਰਬੰਸ ਕੁਰਬਾਨ ਕੀਤਾ ਹੈ। ਆਪਣਾ ਆਪ ਵਾਰਿਆ। ਨੌਵੇਂ ਪਾਤਸ਼ਾਹ ਸਤਿਗੁਰੂ ਸੱਚੇ ਪਾਤਸ਼ਾਹ ਜੀ ਦੀ ਸ਼ਹਾਦਤ ਹੋਈ, ਦਸਮ ਪਾਤਸ਼ਾਹ ਮਹਾਰਾਜ ਜੀ ਦੇ ਸਰੀਰ ਦੀ ਉਮਰ ਉਸ ਵੇਲੇ 9 ਸਾਲ ਵੀ ਪੂਰੀ ਨਹੀਂ ਸੀ। ਵਿਦਵਾਨ ਲਿਖਦਾ ਹੈ -

*ਜਬ ਬਾਰਿਕ ਥੇ ਤਬ ਪਾਲਕ ਦੀਓ।*
*ਜਬ ਪਾਲਕ ਥੇ ਤਬ ਬਾਰਿਕ ਦੀਓ।*

ਬਚਪਨ ਵਿਚ ਪਾਲਣਹਾਰੇ ਪਿਤਾ ਨੂੰ ਦਿੱਲੀ ਤੋਰਿਆ। ਜਦੋਂ ਪਿਤਾ ਬਣੇ ਤਾਂ ਹੱਥੀਂ ਪੁੱਤਰਾਂ ਨੂੰ ਜੰਗ ਵਿਚ ਤੋਰਿਆ। ਸ੍ਰੀ ਗੁਰੂ ਤੇਗ ਬਹਾਦਰ ਮਹਾਰਾਜ ਜੀ ਦੀ ਸ਼ਹਾਦਤ ਤੋਂ ਬਾਅਦ ਦਸਮ ਪਾਤਸ਼ਾਹ ਜੀ ਨੇ ਉਚਾਰਨ ਕੀਤਾ -

*ਠੀਕਰਿ ਫੋਰਿ ਦਿਲੀਸ ਸਿਰਿ ਪ੍ਰਭ ਪੁਰ ਕੀਯਾ ਪਯਾਨ॥*
*ਤੇਗ ਬਹਾਦਰ ਸੀ ਕ੍ਰਿਆ ਕਰੀ ਨ ਕਿਨਹੂੰ ਆਨ॥*
*ਤੇਗ ਬਹਾਦਰ ਕੇ ਚਲਤ ਭਯੋ ਜਗਤ ਕੋ ਸੋਕ॥*
*ਹੈ ਹੈ ਹੈ ਸਭ ਜਗ ਭਯੋ ਜੈ ਜੈ ਜੈ ਸੁਰ ਲੋਕ॥*

*ਬਚਿਤ੍ਰ ਨਾਟਕ*

ਸੋ ਸੰਸਾਰ ਦੇ ਅੰਦਰ ਐਸੀ ਮਿਸਾਲ ਕਿਧਰੇ ਵੀ ਨਹੀਂ ਮਿਲਦੀ। ਛੋਟੇ ਸਾਹਿਬਜ਼ਾਦੇ ਉਮਰ ਛੋਟੀ ਹੈ, ਕੁਰਬਾਨੀ ਵੱਡੀ ਹੈ। ਕਿਵੇਂ ਆਪ ਜੀਆਂ ਨੇ ਇਹ ਜਿਹੜੀ ਜ਼ੁਲਮ ਦੀ ਅੱਗ ਹੈ, ਆਪਣੇ ਖ਼ੂਨ ਨਾਲ ਬੁਝਾਈ ਹੈ, ਇਹਦੀ ਮਿਸਾਲ ਸੰਸਾਰ ਵਿਚ ਕਿਧਰੇ ਵੀ ਨਹੀਂ ਮਿਲਦੀ। ਜਿਉਂ-ਜਿਉਂ ਸਮਾਂ ਆਪਣੀ ਚਾਲ ਚਲਦਾ ਜਾਂਦਾ ਹੈ, ਸੰਸਾਰ ਉਹਨਾਂ ਨੂੰ ਨਮਸ਼ਕਾਰ ਕਰ ਰਿਹੈ, ਝੁਕ ਰਿਹਾ ਹੈ। ਉਹ ਅਸਥਾਨ ਜਿਥੇ ਸਾਹਿਬਜ਼ਾਦਿਆਂ ਨੂੰ ਨੀਹਾਂ ਵਿਚ ਚਿਣ ਕੇ ਸ਼ਹੀਦ ਕੀਤਾ ਹੈ, ਉਹ ਅਸਥਾਨ ਜਿਥੇ ਜਗਤ ਮਾਤਾ ਜੀ ਅਤੇ ਸਾਹਿਬਜ਼ਾਦਿਆਂ ਨੂੰ ਸਸਕਾਰ ਹੋਏ ਨੇ, ਸਦਾ ਹੀ ਉਥੇ ਦੇਸ਼ਾਂ-ਵਿਦੇਸ਼ਾਂ ਤੋਂ ਸੰਗਤਾਂ ਆ ਕੇ ਨਤਮਸਤਕ ਹੁੰਦੀਆਂ ਨੇ। ਇਨ੍ਹਾਂ ਦਿਨਾਂ ਵਿਚ ਤਾਂ ਭੀੜ ਦੀ ਕੋਈ ਗਿਣਤੀ ਹੀ ਨਹੀਂ ਹੁੰਦੀ। ਪਹਿਲਾਂ ਆਮ ਸ਼ਬਦ ਸੀ, ਜੋੜ-ਮੇਲਾ ਵੀ ਅਸੀਂ ਭੁੱਲ ਕਰਕੇ ਕਹਿੰਦੇ ਸਾਂ। ਪਰ ਦੋ ਚਾਰ ਸਾਲ ਤੋਂ ਜਿਹੜਾ ਗੁਰਮਤਾ ਹੋਇਆ ਹੈ ਕਿ ਜੋੜ-ਮੇਲਾ ਨਹੀਂ, ਇਹ ਹੈ 'ਜੋੜ-ਮੇਲ'। ਜਿਹੜਾ ਵਿਛੜਿਆਂ ਨੂੰ ਵੀ ਜੋੜਦਾ ਹੈ, ਮੇਲਦਾ ਹੈ, ਟੁੱਟਿਆਂ ਨੂੰ ਵੀ ਜੋੜਦਾ ਹੈ ਕਿਉਂਕਿ ਉਥੇ ਐਸੀ ਸ਼ਹੀਦਾਂ ਦੀ ਯਾਦ ਮਨਾਈ ਜਾਂਦੀ ਹੈ, ਜਿਹਦੇ 'ਤੇ ਅਨੇਕ ਟੁੱਟੀਆਂ ਰੂਹਾਂ ਜੁੜਦੀਆਂ ਹਨ। ਆਪ ਜੀ ਦੀ ਕੁਰਬਾਨੀ, ਆਪ ਜੀ ਦੀ ਸ਼ਹਾਦਤ ਨੂੰ ਸੰਸਾਰ ਸਦਾ ਹੀ ਨਮਸ਼ਕਾਰ ਕਰੇਗਾ। ਆਓ ਜਗਤ ਮਾਤਾ ਧੰਨ-ਧੰਨ ਮਾਤਾ ਗੁਜਰ ਕੌਰ ਜੀ ਅਤੇ ਛੋਟੇ ਸਾਹਿਬਜ਼ਾਦਿਆਂ ਦੇ ਚਰਨਾਂ ਨਾਲ ਸੁਰਤ ਜੋੜੀਏ। ਜੋ ਅਮਰ ਸ਼ਹੀਦ ਹਨ -

*ਗੁਰ ਪਰਸਾਦੀ ਜੀਵਤੁ ਮਰੈ ਹੁਕਮੈ ਬੂਝੈ ਸੋਇ ॥*
*ਨਾਨਕ ਐਸੀ ਮਰਨੀ ਜੋ ਮਰੈ ਤਾ ਸਦ ਜੀਵਣੁ ਹੋਇ ॥*

*ਅੰਗ - ੫੫੫*

ਉਹ ਸਦਾ ਅਮਰ ਨੇ। ਧੰਨ-ਧੰਨ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਜਿਸ ਵੇਲੇ ਸਰਸਾ ਤੋਂ ਵਿਛੋੜਾ ਪਿਆ, ਸਰਸਾ ਦੇ ਨਾਲ ਚਲਦੇ-ਚਲਦੇ ਕਿਥੇ ਪਹੁੰਚੇ? ਕੁੰਮੇ-ਮਾਸ਼ਕੀ ਦੀ ਛੱਪਰੀ ਵਿਚ। ਇਹਦਾ ਪਹਿਲਾ ਨਾਮ ਕਰਮਚੰਦ ਸੀ ਤੇ ਇਹਦੇ ਨਾਲ ਧੱਕਾ ਹੋਇਆ, ਇਹਨੂੰ ਸ਼ਰ੍ਹਾ ਵਿਚ ਲਿਆਂਦਾ ਤੇ ਇਹਦਾ ਨਾਮ ਕਰੀਮ ਬਖਸ਼ ਰੱਖਿਆ। ਆਪ ਮਸ਼ਹੂਰ ਕੁੰਮਾ-ਮਾਸ਼ਕੀ ਹੋਇਆ। ਬੇੜੀ ਰਾਹੀਂ ਸਵਾਰੀਆਂ ਸਤਲੁਜ 'ਚੋਂ ਪਾਰ ਕਰਦਾ, ਆਪਣੇ ਪਰਿਵਾਰ ਦਾ ਗਰੀਬੀ ਵਿਚ ਗੁਜ਼ਾਰਾ ਕਰਦਾ। ਇਸ ਛੱਪਰੀ ਵਿਚ ਮਾਤਾ ਜੀ ਤੇ ਸਾਹਿਬਜ਼ਾਦਿਆਂ ਨੇ ਰਾਤ ਕੱਟੀ ਹੈ। ਉਹਨੇ ਕਿਹਾ, ਧੰਨ ਭਾਗ ਮੇਰੇ, ਮੈਂ ਹਿੰਦੂ ਸੀ ਪਰ ਮੈਨੂੰ ਕਰੀਮ ਬਖਸ਼ ਬਣਾ ਦਿਤਾ ਗਿਆ। ਅੱਜ ਆਪ ਜੀ ਦੇ ਦਰਸ਼ਨ ਹੋਏ। ਇਸ ਛੱਪਰੀ ਨੂੰ ਭਾਗ ਲੱਗੇ ਹਨ -

*ਭਲੀ ਸੁਹਾਵੀ ਛਾਪਰੀ ਜਾ ਮਹਿ ਗੁਨ ਗਾਏ ॥*

*ਅੰਗ - ੭੪੫*

ਇਹ ਅੱਜ ਭਾਗਾਂ ਵਾਲੀ ਹੈ। ਜਿਥੇ ਜਗਤ ਮਾਤਾ ਜੀ ਤੇ ਛੋਟੇ ਸਾਹਿਬਜ਼ਾਦੇ ਐਸੇ ਸਮੇਂ ਵਿਚ ਆਏ। ਇਕ ਬੀਬੀ ਲੱਛਮੀ ਬ੍ਰਾਹਮਣੀ ਸੀ, ਅਤਿ ਦੀ ਗਰੀਬ ਸੀ ਉਹਨੇ ਮਾਤਾ ਜੀ ਨੂੰ ਤੇ ਸਾਹਿਬਜ਼ਾਦਿਆਂ ਨੂੰ ਪ੍ਰਸ਼ਾਦਾ ਤਿਆਰ ਕਰਕੇ ਛਕਾਇਆ। ਕੁੰਮਾ-ਮਾਸ਼ਕੀ ਤੇ ਬੀਬੀ ਲੱਛਮੀ ਨੇ ਮਾਤਾ ਜੀ ਦੀਆਂ ਅਸੀਸਾਂ ਲਈਆਂ। ਇਹ ਜਿਹੜਾ ਗੰਗੂ ਸੀ ਇਹ ਭਾਲ ਵਿਚ ਸੀ, ਇਹਨੂੰ ਪਤਾ ਸੀ ਸ੍ਰੀ ਅਨੰਦਪੁਰ ਸਾਹਿਬ ਸੱਚੇ ਪਾਤਸ਼ਾਹ ਜੀ ਨੇ ਛੱਡਿਆ ਹੈ। ਇਹਨੂੰ ਸੂਹ ਮਿਲੀ ਪਤਾ ਲੱਗਿਆ, ਮਾਤਾ ਜੀ ਨੂੰ ਮਿਲਿਆ। ਕਹਿਣ ਲੱਗਿਆ, ਮਾਤਾ ਜੀ! ਤੁਸੀਂ ਮੇਰੇ ਨਾਲ ਚੱਲੋ, ਜਦੋਂ ਮਾਹੌਲ ਠੀਕ ਹੋਏਗਾ ਮੈਂ ਸੱਚੇ ਪਾਤਸ਼ਾਹ ਜੀ ਦੇ ਕੋਲ ਤੁਹਾਨੂੰ ਪਹੁੰਚਾ ਦਿਆਂਗਾ। ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਨਾਲ ਲੈ ਕੇ ਚਲਦਾ ਹੈ, ਕਾਈਨੌਰ ਹੈ ਜਿਹੜਾ ਨਗਰ ਉਥੋਂ ਦਾ ਵੀ ਜ਼ਿਕਰ ਆਉਂਦਾ ਹੈ ਕਿ ਉਥੇ ਰਾਤ ਕੱਟੀ। ਇਸ ਤਰ੍ਹਾਂ ਅੱਗੇ ਚਲਦੇ-ਚਲਦੇ, ਇਹ ਆਪਣੇ ਨਗਰ ਖੇੜੀ ਲੈ ਆਇਆ। ਹੁਣ ਇਹਦਾ ਨਾਉਂ ਸਹੇੜੀ ਹੈ, ਉਸ ਵੇਲੇ ਖੇੜੀ ਸੀ। ਰਾਤ ਨੂੰ ਜਿਹੜਾ ਭੋਜਨ ਤਿਆਰ ਕਰਨਾ ਸੀ, ਉਸ ਭੋਜਨ ਵਿਚ ਜ਼ਹਿਰ ਪਾਉਣ ਵਾਸਤੇ ਲਿਆਇਆ। ਆਪਣੀ ਮਾਂ ਨੂੰ ਕਹਿਣ

ਲੱਗਿਆ ਕਿ ਆਹ ਜ਼ਹਿਰ ਇਹਦੇ ਵਿਚ ਪਾ ਦੇ। ਮਾਂ ਕਹਿਣ ਲੱਗੀ, ਵੇ ਗੰਗੂ! ਐਨਾ ਪਾਪ? 21 ਸਾਲ ਤੂੰ ਗੁਰੂ ਘਰ ਤੋਂ ਆਪਣੇ ਪਰਿਵਾਰ ਨੂੰ ਪਾਲਦਾ ਰਿਹਾ ਹੈਂ, ਇਹ ਰਸੋਈਆ ਨਹੀਂ ਸੀ, store keeper ਸੀ, ਰਸਦਾਂ ਲਿਆਉਂਦਾ ਸੀ ਗੁਰੂ ਘਰ ਦੀਆਂ ਤੇ ਜੋ ਮਾਇਆ ਮਿਲਦੀ ਉਹਦੇ ਨਾਲ ਖੁਲ੍ਹਾ ਗੁਜ਼ਾਰਾ ਇਹਦਾ ਚਲਦਾ ਸੀ। ਮਾਂ ਕਹਿਣ ਲੱਗੀ, ਗੰਗੂ! ਜੇ ਤੂੰ ਇਹ ਕਰਮ ਕਰਨੇ ਸਨ ਤਾਂ ਮੇਰੇ ਘਰ ਤੇਰਾ ਜਨਮ ਨਾ ਹੁੰਦਾਂ ਤੇ ਮੈਂ ਤੇਰੀ ਮਾਂ ਨਾ ਬਣਦੀ। ਤਾਂ ਹੀ ਤਾਂ ਮੇਰੇ ਸਤਿਗੁਰ ਸੱਚੇ ਪਾਤਸ਼ਾਹ ਬਾਣੀ 'ਚ ਫੁਰਮਾਨ ਕਰਦੇ ਨੇ-

*ਜਿਹ ਕੁਲਿ ਪੂਤੁ ਨ ਗਿਆਨ ਬੀਚਾਰੀ ॥*
*ਬਿਧਵਾ ਕਸ ਨ ਭਈ ਮਹਤਾਰੀ ॥ ੧ ॥*
*ਜਿਹ ਨਰ ਰਾਮ ਭਗਤਿ ਨਹਿ ਸਾਧੀ ॥*
*ਜਨਮਤ ਕਸ ਨ ਮੁਓ ਅਪਰਾਧੀ ॥* *ਅੰਗ - ੩੨੮*

ਜੇ ਘਰ ਵਿਚ ਐਸੇ ਪਾਪੀ ਮਾੜੇ ਨੇ ਹੀ ਆਉਣੈ ਇਹਦੇ ਨਾਲੋਂ ਤਾਂ ਚੰਗਾ ਵਿਧਵਾ ਹੋ ਜਾਂਦੀ। ਰੰਡੇਪਾ ਕੱਟ ਲੈਂਦੀ, ਦੁਖ ਕੱਟ ਲੈਂਦੀ। ਪਾਪੀ ਦੀ ਮਾਂ ਨਾ ਬਣਦੀ। ਜੇ ਕਿਸੇ ਨੇ ਸੰਸਾਰ 'ਤੇ ਆ ਕੇ ਨੇਕ ਕੰਮ ਨਹੀਂ ਕਰਨਾ, ਪ੍ਰਮੇਸ਼ਰ ਦੀ ਬੰਦਗੀ ਨਹੀਂ ਕਰਨੀ, ਨਾਮ ਨਹੀਂ ਜਪਣਾ, ਉਹਦੇ ਨਾਲੋਂ ਜਨਮ ਹੁੰਦਿਆਂ ਉਹਦੀ ਮੌਤ ਹੋ ਜਾਂਦੀ ਉਹਦਾ ਭਲਾ ਇਸੇ ਕੰਮ 'ਚ ਸੀ। ਐਸੇ ਬਚਨ ਸਤਿਗੁਰੂ ਦੀ ਬਾਣੀ ਵਿਚ ਆਉਂਦੇ ਨੇ।

ਗੰਗੂ ਦੇ ਅੰਦਰ ਲੋਭ ਹੈ, ਦੇਖਿਆ ਕਿ ਮਾਤਾ ਜੀ ਦੇ ਨਾਲ ਜਿਹੜੀ ਖੱਚਰ ਹੈ, ਇਹਦੇ ਵਿਚ ਧਨ, ਮੋਹਰਾਂ ਆਦਿ ਹੋਣਗੀਆਂ। ਇਹ ਧਨ ਮੇਰੇ ਕੋਲ ਚਾਹੀਦਾ ਹੈ। ਰਾਤ ਨੂੰ ਧਨ ਚੁਰਾ ਕੇ ਬਾਹਰ ਚੋਈ ਵਿਚ ਦੱਬ ਆਇਆ ਤੇ ਚੋਰ-ਚੋਰ ਕਹਿ ਕੇ ਰੌਲਾ ਪਾਉਣਾ ਸ਼ੁਰੂ ਕੀਤਾ। ਧੰਨ-ਧੰਨ ਮਾਤਾ ਗੁਜਰ ਕੌਰ ਜੀ ਕਹਿਣ ਲੱਗੇ, ਗੰਗੂ! ਕੋਈ ਗੱਲ ਨਹੀਂ। ਦੇਖ ਚੋਰ ਕੋਈ ਨਹੀਂ ਆਇਆ। ਧਨ ਤਾਂ ਕੋਈ ਗੱਲ ਨਹੀਂ, ਜੇ ਤੂੰ ਆਪਣਾ ਫਰਜ਼ ਨਿਭਾ ਦੇਵੇਂ ਤਾਂ ਗੁਰੂ ਸਾਹਿਬ ਤੋਂ ਚਾਹੇ ਰਾਜ-ਭਾਗ ਲੈ ਲਵੀਂ। ਇਹ ਸ੍ਰੀ ਗੁਰੂ ਨਾਨਕ ਸਾਹਿਬ ਦਾ ਘਰ ਹੈ –

*ਹਰਨ ਭਰਨ ਜਾ ਕਾ ਨੇਤ੍ਰ ਫੋਰੁ ॥*
*ਤਿਸ ਕਾ ਮੰਤ੍ਰੁ ਨ ਜਾਨੈ ਹੋਰੁ ॥* *ਅੰਗ - ੨੮੪*
*ਖਿਨ ਮਹਿ ਨੀਚ ਕੀਟ ਕਉ ਰਾਜ ॥*
*ਪਾਰਬ੍ਰਹਮ ਗਰੀਬ ਨਿਵਾਜ ॥* *ਅੰਗ - ੨੨੨*
*ਭੇਖਾਰੀ ਤੇ ਰਾਜੁ ਕਰਾਵੈ ਰਾਜਾ ਤੇ ਭੇਖਾਰੀ ॥*
*ਅੰਗ - ੧੨੫੨*
*ਸੀਹਾ ਬਾਜਾ ਚਰਗਾ ਕੁਹੀਆ ਏਨਾ ਖਵਾਲੇ ਘਾਹ ॥*
*ਘਾਹੁ ਖਾਨਿ ਤਿਨਾ ਮਾਸੁ ਖਵਾਲੇ ਏਹਿ ਚਲਾਏ ਰਾਹ ॥*
*ਨਦੀਆ ਵਿਚਿ ਟਿਬੇ ਦੇਖਾਲੇ ਥਲੀ ਕਰੇ ਅਸਗਾਹ ॥*
*ਕੀੜਾ ਥਾਪਿ ਦੇਇ ਪਾਤਿਸਾਹੀ ਲਸਕਰ ਕਰੇ ਸੁਆਹ ॥*
*ਅੰਗ - ੧੪੪*

ਇਕ ਤਾਂ ਪੁਰਾਤਨ ਜਨਮ ਸਾਖੀ ਵਿਚ ਕੀਟ ਰਾਜ ਦੀ ਸਾਖੀ ਆਉਂਦੀ ਹੈ। ਦੂਸਰਾ ਹੈ ਕਿ ਜਿਹੜਾ ਮਨੁੱਖ ਸੰਸਾਰ ਦੇ ਪੈਰਾਂ ਥੱਲੇ ਕੀੜਿਆਂ-ਮਕੌੜਿਆਂ ਵਾਂਗੂੰ ਰੁਲਦਾ ਹੈ, ਅਤਿ ਗਰੀਬੀ ਹੈ, ਆਹ ਹਾਲਤ ਹੈ, ਜੇ ਉਹ ਮਾਲਕ ਚਾਹਵੇ ਤਾਂ ਉਹਨੂੰ ਪਾਤਸ਼ਾਹ, ਬਾਦਸ਼ਾਹ ਬਣਾ ਦਿੰਦਾ ਹੈ।

ਸ੍ਰੀ ਗੁਰੂ ਨਾਨਕ ਪਾਤਸ਼ਾਹ ਜੀ ਨੂੰ ਇਕ ਮਜ਼ਦੂਰ ਪਰਿਵਾਰ ਦੇ ਛੋਟੇ ਬੱਚੇ ਨੇ ਜਿਹੜਾ ਖੇਤ ਦੀ ਰਾਖੀ ਕਰਦਾ ਸੀ, ਹੋਲਾਂ ਦਾ ਪ੍ਰਸ਼ਾਦ ਮੱਥਾ ਟੇਕਿਆ ਸੀ। ਸਾਹਿਬ ਨੇ ਉਹਨੂੰ ਸੁਲਤਾਨ ਕਰਕੇ ਬੁਲਾਇਆ ਸੀ ਤੇ ਸੁਲਤਾਨ ਬਾਦਸ਼ਾਹ ਹੋਇਆ।

ਧੰਨ ਗੁਰੂ ਹਰਿਰਾਇ ਸਾਹਿਬ ਜੀ ਸੱਤਵੇਂ ਸਤਿਗੁਰੂ ਮਾਲਵੇ ਦੇ ਇਲਾਕੇ ਨੂੰ ਭਾਗ ਲਾ ਰਹੇ ਨੇ। ਗੁਰੂ ਦਰਬਾਰ ਸਜਿਆ ਹੈ ਤੇ ਦੋ ਛੋਟੇ ਬੱਚੇ, ਫੂਲ ਤੇ ਸੰਦਲੀ ਨਾਉਂ ਆਉਂਦਾ ਹੈ, ਪੇਟ 'ਤੇ ਹੱਥ ਮਾਰਦੇ ਨੇ। ਸਾਹਿਬ ਕਹਿੰਦੇ, ਚੌਧਰੀ! ਬੱਚੇ ਕੀ ਕਰਦੇ ਨੇ? ਚੌਧਰੀ ਕਹਿਣ ਲੱਗਿਆ, ਸੱਚੇ ਪਾਤਸ਼ਾਹ! ਮੇਰੇ ਭਤੀਜੇ, ਮੇਰਾ ਭਰਾ ਖਤਮ ਹੋ ਗਿਆ, ਅਤਿ ਦੀ ਗਰੀਬੀ ਹੈ, ਤਨ ਤੋਂ ਵੀ ਨੰਗੇ ਨੇ, ਪੇਟ ਤੋਂ ਵੀ ਭੁੱਖੇ ਨੇ। ਇਹ ਆਪ ਜੀ ਦੇ ਦਰ 'ਤੇ ਆਏ ਨੇ। ਦਇਆਲ ਸਤਿਗੁਰੂ ਗੁਰੂ ਹਰਿਰਾਇ ਸਾਹਿਬ ਕਹਿਣ ਲੱਗੇ, ਚੌਧਰੀ! ਜਿਹੜੇ ਬੱਚੇ ਤਨ ਤੋਂ ਨੰਗੇ, ਪੇਟ ਤੋਂ ਭੁੱਖੇ ਨੇ ਇਹਨਾਂ ਦੇ ਘੋੜੇ ਜਮਨਾ ਦਾ ਪਾਣੀ ਪੀਣਗੇ। ਉਥੋਂ ਤਕ ਰਾਜ ਹੋਏਗਾ ਇਹਨਾਂ ਦਾ। ਰਾਜ ਬਖਸ਼ ਦਿਤਾ। ਜੇ ਉਸ ਮਾਲਕ ਦੀ ਨਦਰ ਪੁੱਠੀ ਹੋ ਜਾਏ -

*ਨਦਰਿ ਉਪਠੀ ਜੇ ਕਰੇ ਸੁਲਤਾਨਾ ਘਾਹੁ ਕਰਾਇਦਾ ॥*
*ਦਰਿ ਮੰਗਨਿ ਭਿਖ ਨ ਪਾਇਦਾ ॥* *ਅੰਗ - ੪੭੨*

ਕਹਿੰਦੇ, ਰਾਜਿਆਂ ਨੂੰ ਭਿੱਖਿਆ ਵੀ ਨਹੀਂ ਮਿਲਦੀ। ਉਹਦੀ ਨਦਰਿ ਸਿੱਧੀ ਹੋਵੇ -

*ਲਖ ਖੁਸੀਆ ਪਾਤਿਸਾਹੀਆ*
*ਜੇ ਸਤਿਗੁਰੁ ਨਦਰਿ ਕਰੇਇ ॥* *ਅੰਗ- ੪੪*

ਸਾਰੀਆਂ ਬਖਸ਼ਿਸ਼ਾਂ ਸਤਿਗੁਰੂ ਕਰ ਦਿੰਦੇ ਨੇ।

ਉਸ ਵੇਲੇ ਮਾਤਾ ਜੀ ਕਹਿਣ ਲੱਗੇ, ਗੰਗੂ ਤੂੰ ਆਪਣਾ ਫਰਜ਼ ਨਿਭਾ ਦੇ, ਚਾਹੇ ਸ੍ਰੀ ਗੁਰੂ ਨਾਨਕ ਸਾਹਿਬ ਦੇ ਘਰ ਤੋਂ ਰਾਜ-ਭਾਗ ਲੈ ਲਈਂ। ਇਥੇ

ਕਿਹੜਾ ਕਿਸੀ ਚੀਜ਼ ਦੀ ਘਾਟ ਹੈ। ਇਥੇ ਤਾਂ –

*ਸਭੇ ਇਛਾ ਪੂਰੀਆ ਜਾ ਪਾਇਆ ਅਗਮ ਅਪਾਰਾ ॥*

*ਅੰਗ – ੭੪੭*

ਇਸ ਦਰ ਤੋਂ ਤਾਂ ਜੋ ਮੰਗੀਏ ਉਹ ਮਿਲ ਜਾਂਦਾ ਹੈ, ਪਰ ਮਿਲਦਾ ਹੈ ਭਾਵਨਾ ਵਾਲਿਆਂ ਨੂੰ।

*ਚਤੁਰ ਦਿਸਾ ਕੀਨੋ ਬਲੁ ਅਪਨਾ*
*ਸਿਰ ਊਪਰਿ ਕਰੁ ਧਾਰਿਓ ॥*
*ਕ੍ਰਿਪਾ ਕਟਾਖੵ ਅਵਲੋਕਨੁ ਕੀਨੋ*
*ਦਾਸ ਕਾ ਦੂਖੁ ਬਿਦਾਰਿਓ ॥ ੧ ॥*
*ਹਰਿ ਜਨ ਰਾਖੇ ਗੁਰ ਗੋਵਿੰਦ ॥*
*ਕੰਠਿ ਲਾਇ ਅਵਗੁਣ ਸਭਿ ਮੇਟੇ*
*ਦਇਆਲ ਪੁਰਖ ਬਖਸੰਦ ॥ ਰਹਾਉ ॥*
*ਜੋ ਮਾਗਹਿ ਠਾਕੁਰ ਅਪੁਨੇ ਤੇ ਸੋਈ ਸੋਈ ਦੇਵੈ ॥*
*ਨਾਨਕ ਦਾਸੁ ਮੁਖ ਤੇ ਜੋ ਬੋਲੈ ਈਹਾ ਊਹਾ ਸਚੁ ਹੋਵੈ ॥*

*ਅੰਗ – ੬੮੧*

ਹਰ ਬਖਸ਼ਿਸ਼ ਹੁੰਦੀ ਹੈ। ਗਰੀਬ ਦੀ ਗਰੀਬੀ ਕੱਟੀ ਜਾਂਦੀ ਹੈ। ਜੇ ਕੋਈ ਪੁੱਤਰ ਦੀ ਦਾਤ ਲੈਣ ਆਇਐ ਤਾਂ ਵੀ ਸਾਹਿਬ ਨੇ ਝੋਲੀਆਂ ਭਰੀਆਂ ਨੇ। ਭਿਖਾਰੀਆਂ ਨੂੰ ਰਾਜ ਬਖਸ਼ ਦਿਤਾ ਹੈ। ਫੇਰ ਇਹ ਮੁਕਤੀ ਦੇ ਦਾਤੇ ਨੇ –

*ਆਪਿ ਮੁਕਤੁ ਮੁਕਤੁ ਕਰੈ ਸੰਸਾਰੁ ॥ ਅੰਗ – ੨੯੫*

*ਨਾਰਾਇਨ ਨਰਪਤਿ ਨਮਸਕਾਰੈ ॥*
*ਐਸੇ ਗੁਰ ਕਉ ਬਲਿ ਬਲਿ ਜਾਈਐ*
*ਆਪਿ ਮੁਕਤੁ ਮੋਹਿ ਤਾਰੈ ॥ ਅੰਗ – ੧੩੦੧*

ਬ੍ਰਹਮ ਗਿਆਨ ਦੀਆਂ ਦਾਤਾਂ ਬਖਸ਼ਣ ਵਾਲੇ ਹਨ। ਇਥੋਂ ਹਰ ਬਖਸ਼ਿਸ਼ ਮਿਲਦੀ ਹੈ। ਪਰ ਲੋਭ ਸੀ, ਮੋਰਿੰਡੇ ਚਲਿਆ ਗਿਆ। ਜਾਨੀ ਖਾਂ, ਮਾਨੀ ਖਾਂ ਨੂੰ ਲੈ ਆਇਆ। ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫਤਾਰ ਕਰਾ ਦਿਤਾ।

*ਦੁਨੀਆਂ ਮੇਂ ਅਪਨੇ ਨਾਮ ਕੋ ਬਦਨਾਮ ਕਰ ਗਿਆ।*
*ਦੁਸ਼ਮਣ ਵੀ ਜੋ ਨਾ ਕਰਤਾ, ਵੋ ਜੋ ਕਾਮ ਕਰ ਗਿਆ।*

ਕਿਉਂਕਿ ਲੋਭ ਸੀ। ਜਿਹਦੇ ਅੰਦਰ ਲੋਭ ਹੈ ਮੇਰੇ ਸਾਹਿਬ ਕਹਿੰਦੇ ਨੇ –

*ਜਿਉ ਕੂਕਰੁ ਹਰਕਾਇਆ ਧਾਵੈ ਦਹ ਦਿਸ ਜਾਇ ॥*
*ਲੋਭੀ ਜੰਤੁ ਨ ਜਾਣਈ ਭਖੁ ਅਭਖੁ ਸਭ ਖਾਇ ॥*

*ਅੰਗ– ੫੦*

ਜਿਹੜਾ ਲੋਭੀ ਬੰਦਾ ਹੈ। ਸਾਹਿਬ ਕਹਿੰਦੇ, ਉਹ ਕਿਸੇ ਦਾ ਸਕਾ ਨਹੀਂ ਹੁੰਦਾ। ਉਹਦਾ ਕੋਈ ਵੀ ਗੁਰੂ ਪੀਰ ਨਹੀਂ ਹੁੰਦਾ –

*ਹੇ ਲੋਭਾ ਲੰਪਟ ਸੰਗ ਸਿਰਮੋਰਹ*
*ਅਨਿਕ ਲਹਰੀ ਕਲੋਲਤੇ ॥*
*ਧਾਵੰਤ ਜੀਆ ਬਹੁ ਪ੍ਰਕਾਰੰ ਅਨਿਕ ਭਾਂਤਿ ਬਹੁ ਡੋਲਤੇ ॥*
*ਨਚ ਮਿਤ੍ਰੰ ਨਚ ਇਸਟੰ ਨਚ ਬਾਧਵ*
*ਨਚ ਮਾਤ ਪਿਤਾ ਤਵ ਲਜਯਾ ॥ ਅੰਗ– ੧੩੫੮*

ਉਹ ਭੈਣ ਭਰਾ, ਰਿਸ਼ਤੇਦਾਰਾਂ ਕਿਸੇ ਦਾ ਵੀ ਸਕਾ ਨਹੀਂ, ਉਹਦਾ ਕੋਈ ਗੁਰੂ ਪੀਰ ਨਹੀਂ। ਗੰਗੂ ਨੇ ਐਸਾ ਕਰਮ ਕੀਤਾ, ਐਸੇ ਮਨੁੱਖਾਂ ਬਾਰੇ ਭਾਈ ਸਾਹਿਬ ਭਾਈ ਗੁਰਦਾਸ ਜੀ ਕਹਿੰਦੇ ਨੇ ਕਿ –

*ਭਾਰੇ ਭੁਈਂ ਅਕਿਰਤਘਣ ਮੰਦੀ ਹੂ ਮੰਦੇ॥*

*ਭਾਈ ਗੁਰਦਾਸ ਜੀ*

ਧਰਤੀ ਨੂੰ ਜੇ ਭਾਰ ਹੈ ਤਾਂ ਕਿਸੇ ਹੋਰ ਚੀਜ਼ ਦਾ ਭਾਰ ਨਹੀਂ, ਅਕ੍ਰਿਤਘਣਾਂ ਦਾ ਭਾਰ ਹੈ।

ਮੋਰਿੰਡੇ ਰਾਤ ਬਹੁਤ ਸਖ਼ਤ ਪਹਿਰੇ ਵਿਚ ਰੱਖਿਆ ਗਿਆ। ਸਰਹੰਦ ਤਕ ਖਬਰ ਪਹੁੰਚਾਈ ਗਈ। ਕਾਫੀ ਫੌਜ ਹੈ, ਬੜੇ ਸਖ਼ਤ ਪਹਿਰਿਆਂ ਦੇ ਹੇਠ, ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਸਰਹੰਦ ਲੈ ਕੇ ਜਾ ਰਹੇ ਨੇ। ਸਾਹਿਬਜ਼ਾਦਿਆਂ ਦੇ ਪੈਰਾਂ ਨੂੰ ਬੇੜੀਆਂ ਲਾਈਆਂ ਹੋਈਆਂ ਨੇ, ਹਥਕੜੀਆਂ ਹੱਥਾਂ ਨੂੰ ਲਾਈਆਂ ਹੋਈਆਂ ਨੇ। ਦਸਮ ਪਾਤਸ਼ਾਹ ਧੰਨ ਸਤਿਗੁਰੂ, ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਮਹਾਰਾਜ ਜੀ, ਆਪ ਜੀ ਤੇ ਸਾਰੇ ਪਰਿਵਾਰ ਨੇ ਕਿਉਂਕਿ ਆਪ ਜੀ ਦਾ ਪਰਿਵਾਰ ਖਾਲਸਾ ਵੀ ਹੈ। ਜਦੋਂ ਆਪਾਂ ਇਤਿਹਾਸ ਪੜ੍ਹਦੇ ਹਾਂ, ਬਾਬਾ ਬੰਦਾ ਸਿੰਘ ਜੀ ਬਹਾਦਰ, ਹੋਰ ਗੁਰੂ ਕੇ ਖਾਲਸਿਆਂ ਦਾ ਇਤਿਹਾਸ, ਮੀਰ ਮੰਨੂੰ ਦੀ ਜੇਲ੍ਹ ਵਿਖੇ ਬੀਬੀਆਂ ਨੇ ਸਵਾ–ਸਵਾ ਮਣ ਪੀਸਣੇ ਪੀਸੇ, ਬੱਚਿਆਂ ਦੇ ਟੋਟੇ ਕਰਵਾ ਕੇ ਗਲਾਂ ਵਿਚ ਹਾਰ ਪੁਆਏ। ਇਹ ਸਾਰਾ ਹੀ ਦਸਮ ਪਾਤਸ਼ਾਹ ਦਾ ਪਰਿਵਾਰ ਹੈ। ਇਹ ਸ਼ਹਾਦਤਾਂ ਕਾਹਦੇ ਵਾਸਤੇ ਹੋਈਆਂ ਸਾਧਸੰਗਤ ਜੀ। ਇਸ ਦਰ 'ਤੇ ਅਰਦਾਸ ਹੁੰਦੀ ਹੈ –

*ਨਾਨਕ ਨਾਮ ਚੜ੍ਹਦੀ ਕਲਾ*
*ਤੇਰੇ ਭਾਣੇ ਸਰਬੱਤ ਕਾ ਭਲਾ।*

ਸੰਸਾਰ ਦੇ ਭਲੇ ਵਾਸਤੇ, ਧਰਮ ਵਾਸਤੇ, ਗਊ ਗਰੀਬ ਦੀ ਰੱਖਿਆ ਵਾਸਤੇ, ਜ਼ੁਲਮ ਦੀ ਅੱਗ ਬੁਝਾਉਣ ਵਾਸਤੇ, ਧੰਨ ਨੇ ਸਤਿਗੁਰੂ।

ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਸਰਹੰਦ ਲੈ ਕੇ ਗਏ ਨੇ। ਪਿੱਛੇ ਥੋੜ੍ਹਾ ਧਿਆਨ ਮਾਰੀਏ, ਸ੍ਰੀ ਅਨੰਦਪੁਰ ਸਾਹਿਬ ਛੱਡਿਆ, ਸਰਸਾ 'ਤੇ ਪਰਿਵਾਰ ਵਿਛੜਿਆ। ਸ੍ਰੀ ਚਮਕੌਰ ਸਾਹਿਬ ਦੀ ਜੰਗ ਵਿਚ ਵੱਡੇ ਸਾਹਿਬਜ਼ਾਦੇ ਤੇ ਸਿੰਘ ਸ਼ਹੀਦ ਹੋਏ। ਮਾਛੀਵਾੜਾ ਸਾਹਿਬ ਦੇ ਜੰਗਲਾਂ ਵਿਚ ਕਿਵੇਂ ਪਹੁੰਚੇ। ਗੁਰੂ ਕੇ ਮਹਿਲ ਸਰਸਾ ਤੋਂ ਵਿਛੜ ਕੇ ਹਰਿਦੁਆਰ ਦੇ ਰਸਤੇ,

ਮਾਤਾ ਸੁੰਦਰ ਕੌਰ ਜੀ, ਮਾਤਾ ਸਾਹਿਬ ਕੌਰ ਜੀ, ਭਾਈ ਮਨੀ ਸਿੰਘ, ਭਾਈ ਜਵਾਹਰ ਸਿੰਘ, ਭਾਈ ਧੰਨਾ ਸਿੰਘ; ਇਤਿਹਾਸਕਾਰਾਂ ਨੇ ਦੋ ਬੀਬੀਆਂ ਵੀ ਨਾਲ ਲਿਖੀਆਂ ਨੇ ਕਿ ਹਰਿਦੁਆਰ ਦੇ ਰਸਤੇ ਦਿੱਲੀ ਪਹੁੰਚੇ। ਏਧਰ ਜਗਤ ਮਾਤਾ ਜੀ 'ਤੇ ਸਾਹਿਬਜ਼ਾਦੇ, ਉਹਨਾਂ ਨੇ ਸਰਹੰਦ ਲੈ ਕੇ ਜਾ ਰਹੇ ਨੇ। ਮੇਰੇ ਸਤਿਗੁਰੂ ਨੇ ਇਸ ਸੰਸਾਰ ਦੇ ਭਲੇ ਵਾਸਤੇ, ਪੰਥ ਵਾਸਤੇ ਆਪਣਾ ਸਭ ਕੁਝ ਵਾਰ ਦਿਤਾ। ਇਹ ਸੁਖੀ ਵਸਣ, ਸਾਰੇ ਦੁਖ ਮੇਰੇ ਸਤਿਗੁਰੂ ਨੇ ਆਪਣੇ ਉਤੇ ਕੱਟੇ ਨੇ।

ਧੰਨ ਨੇ ਸਤਿਗੁਰੂ ਪਹਿਲੀ ਰਾਤ ਨੂੰ ਸ੍ਰੀ ਚਮਕੌਰ ਸਾਹਿਬ ਦੀ ਇਤਿਹਾਸਕਾਰ ਲਿਖਦੇ ਨੇ ਕਿ ਖਾਲਸੇ ਦੇ ਸਿੰਘਾ ਨੇ ਬੇਨਤੀ ਕੀਤੀ ਕਿ ਸੱਚੇ ਪਾਤਸ਼ਾਹ! ਸਾਹਿਬਜ਼ਾਦਾ ਅਜੀਤ ਸਿੰਘ ਜੀ ਨੂੰ ਤੇ ਸਾਹਿਬਜ਼ਾਦਾ ਜੁਝਾਰ ਸਿੰਘ ਜੀ ਨੂੰ ਸਹੀ ਸਲਾਮਤ ਕੱਢੋ ਅਸੀਂ ਸ਼ਹੀਦੀਆਂ ਪਾਵਾਂਗੇ। ਉਥੇ ਬਚਨ ਲਿਖਿਐ, ਦਸਮ ਪਾਤਸ਼ਾਹ ਕਹਿੰਦੇ - ਤੁਸੀਂ ਸਾਰੇ ਹੀ ਮੇਰੇ ਅਜੀਤ ਸਿੰਘ ਹੋਂ, ਤੁਸੀਂ ਸਾਰੇ ਹੀ ਮੇਰੇ ਜੁਝਾਰ ਸਿੰਘ ਹੋਂ। ਇਹ ਕਿਵੇਂ ਹੋ ਸਕਦਾ ਹੈ? ਤੁਸੀਂ ਸ਼ਹੀਦੀਆਂ ਪਾਓ, ਇਹ ਵੀ ਸ਼ਹੀਦੀਆਂ ਪਾਉਣਗੇ। ਜਦੋਂ ਅਸੀਂ ਅੱਗੇ ਚਲਦੇ ਹਾਂ ਸ੍ਰੀ ਦਮਦਮਾ ਸਾਹਿਬ ਤੇ ਗੁਰੂ ਕੇ ਮਹਿਲ ਮਾਤਾ ਸੁੰਦਰ ਕੌਰ ਜੀ, ਮਾਤਾ ਸਾਹਿਬ ਕੌਰ ਜੀ ਆਏ ਤੇ ਪੁੱਛਦੇ ਨੇ ਕਿ ਸੱਚੇ ਪਾਤਸ਼ਾਹ! ਸਾਹਿਬਜ਼ਾਦੇ ਨਜ਼ਰ ਨਹੀਂ ਆ ਰਹੇ? ਸਾਹਿਬ ਕਹਿਣ ਲੱਗੇ, ਧਰਮ ਤੋਂ ਸ਼ਹੀਦ ਹੋ ਗਏ ਸਦਾ ਵਾਸਤੇ ਅਮਰ ਹੋ ਗਏ।

ਸੱਚੇ ਪਾਤਸ਼ਾਹ! ਚਾਰੇ ਹੀ? ਭਾਵ ਇੱਕ ਵੀ ਨਹੀਂ ਰਿਹਾ?

ਉਹ ਬਚਨ ਕੀ ਸਾਨੂੰ ਯਾਦ ਹੈ? ਦਸਮ ਪਾਤਸ਼ਾਹ ਕਹਿਣ ਲੱਗੇ -

*ਇਨ ਪੁਤਰਨ ਕੇ ਸੀਸ ਪਰ,*
*ਵਾਰ ਦੀਏ ਸੁਤ ਚਾਰ।*

ਆਪਣਾ ਸਭ ਕੁਝ ਵਾਰਿਆ।

*ਚਾਰ ਮੂਏ ਤੋ ਕਿਆ ਹੂਆ,*
*ਜੀਵਤ ਕਈ ਹਜ਼ਾਰ।*

ਆਹ ਮੇਰੇ ਪੁੱਤਰ ਨੇ। ਆਪਣੇ ਗੋਦੀ ਦੇ ਪੁੱਤਰ ਵਾਰ ਕੇ ਸਾਨੂੰ ਗੋਦੀ ਵਿਚ ਬਿਠਾਇਆ ਹੈ। ਕੀ ਉਮਰ ਹੈ ਛੋਟੇ ਸਾਹਿਬਜ਼ਾਦਿਆਂ ਦੀ। ਦੁਨੀਆਂ ਦੇ ਇਤਿਹਾਸ ਵਿਚ ਕੋਈ ਮਿਸਾਲ ਨਹੀਂ ਮਿਲਦੀ। ਇਤਿਹਾਸਕਾਰ ਲਿਖਦੇ ਨੇ ਕਿ ਜਗਤ ਮਾਤਾ ਤੇ ਛੋਟੇ ਸਾਹਿਬਜ਼ਾਦਿਆਂ ਨੂੰ ਸਰਹੰਦ ਠੰਡੇ ਬੁਰਜ ਵਿਚ ਕੈਦ ਕੀਤਾ ਗਿਆ। ਜਿਥੇ ਗਰਮੀ ਵਿਚ ਵੀ ਠੰਢ ਲਗਦੀ ਸੀ। ਅਤਿ ਦੀ ਠੰਢ ਹੈ। ਕੋਲ ਕੋਈ ਵਸਤਰ ਨਹੀਂ। ਕੋਈ ਕੰਬਲ ਨਹੀਂ, ਕੋਈ ਵਿਛੌਣਾ ਨਹੀਂ। ਨਿੱਘ ਕਾਹਦਾ ਹੈ? ਅਸੀਂ ਆਮ ਪੜ੍ਹਦੇ ਹਾਂ, ਸੁਣਦੇ ਹਾਂ, ਮਾਤਾ ਜੀ ਗੋਦ ਦਾ ਨਿੱਘ ਦੇ ਰਹੇ ਨੇ। ਉਹ ਨਿੱਘ ਹੈ 'ਨਾਮ' ਦਾ। ਮਾਤਾ ਜੀ ਕੋਲ ਕੋਈ ਇਹ ਤਾਂ ਨਹੀਂ ਸੀ ਕਿ ਬਹੁਤ ਵੱਡਾ ਕੰਬਲ ਸੀ, ਉਹਦੇ ਅੰਦਰ ਸਾਹਿਬਜ਼ਾਦੇ ਆਪਣੀ ਗੋਦੀ 'ਚ ਬਿਠਾਏ ਨੇ। ਮਾਤਾ ਜੀ ਦਾ ਵੀ ਸਰੀਰ ਠਰ ਰਿਹਾ ਸੀ ਪਿਆਰਿਓ। ਨਾਲ ਬੈਠੇ ਨੇ। ਆਹ ਮਹੀਨਾ, ਸਤਿਗੁਰੂ ਦੀ ਬਾਣੀ ਵਿਚ ਬਾਰਹ ਮਾਹਾ, ਮੇਰੇ ਪੰਚਮ ਪਾਤਸ਼ਾਹ ਨੇ ਉਚਾਰਨ ਕੀਤੇ ਨੇ ਮਾਝ ਰਾਗ ਵਿਚ। ਬਚਨ ਆਉਂਦੈ–

*ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥*
*ਅੰਗ - ੧੩੪*

ਹਾੜ ਦੇ ਮਹੀਨੇ ਬਾਰੇ ਮੇਰੇ ਸਾਹਿਬ ਦਸਦੇ ਨੇ। ਅੱਜ ਸਾਇੰਸ ਦਾ ਯੁੱਗ ਨੇ ਮਨੁੱਖ ਨੇ ਗਰਮੀ ਤੋਂ ਬਚਣ ਦੇ ਬੜੇ ਸਾਧਨ ਕਰ ਲਏ ਹਨ ਪਰ ਮਹਾਰਾਜ ਕਹਿੰਦੇ, ਜਿਹਦੇ ਪੱਲੇ 'ਨਾਮ' ਨਹੀਂ ਹੈ ਉਹ ਤਪਦਾ ਹੈ -

*ਜੀਉ ਤਪਤੁ ਹੈ ਬਾਰੋ ਬਾਰ ॥* *ਅੰਗ - ੬੬੧*

ਸਰੀਰ ਠੰਢਾ ਕਰ ਲਏਗਾ ਪਰ ਅੰਦਰਲਾ ਮਨ ਠੰਢਾ ਨਹੀਂ ਹੋਣਾ। ਤਪਦਾ ਹੈ ਸਦਾ ਹੀ, ਤਨ ਕਰਕੇ ਵੀ, ਮਨ ਕਰਕੇ ਵੀ -

*ਚੰਦਨ ਚੰਦੁ ਨ ਸਰਦ ਰੁਤਿ ਮੂਲਿ ਨ ਮਿਟਈ ਘਾਂਮ ॥*
*ਸੀਤਲੁ ਥੀਵੈ ਨਾਨਕਾ ਜਪੰਦੜੋ ਹਰਿ ਨਾਮੁ ॥*
*ਅੰਗ - ੭੦੯*

ਠੰਢ ਤਾਂ 'ਨਾਮ' ਨਾਲ ਪੈਣੀ ਹੈ। ਉਹ ਤਪਦਾ ਹੈ, ਸੁਖੀ ਨਹੀਂ ਹੈ, ਆਹ ਪੋਹ ਦੇ ਮਹੀਨੇ ਜਿਹੜੇ ਨੇ, ਜਿਹਦੇ ਵਿਚ ਮੇਰੇ ਦਸਮ ਪਾਤਸ਼ਾਹ ਮਹਾਰਾਜ ਨੇ ਸ੍ਰੀ ਅਨੰਦਪੁਰ ਸਾਹਿਬ ਛੱਡਿਆ, ਸ੍ਰੀ ਚਮਕੌਰ ਸਾਹਿਬ ਦਾ ਜੰਗ ਹੋਇਆ। ਵੱਡੇ ਮਾਤਾ ਜੀ, ਛੋਟੇ ਸਾਹਿਬਜ਼ਾਦੇ ਸ਼ਹੀਦ ਹੋਏ। ਇਹ 5 ਪੋਹ ਤੋਂ ਲੈ ਕੇ 13 ਪੋਹ ਤਕ ਤੇ ਅਤਿ ਦੀ ਠੰਢ ਤੇ ਹੁਣ ਮੇਰੇ ਸਾਹਿਬ ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਬਚਨ ਕਰਦੇ ਨੇ। ਧਿਆਨ ਦਿਓ ਕਿ ਮਾਤਾ ਜੀ ਤੇ ਸਾਹਿਬਜ਼ਾਦੇ ਕਿਸ ਅਵਸਥਾ ਦੇ ਮਾਲਕ ਨੇ। ਸ੍ਰੀ ਗੁਰੂ ਗ੍ਰੰਥ ਸਾਹਿਬ 'ਚ ਬਚਨ ਆਉਂਦਾ ਹੈ ਕਿ -

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਅੰਗ - ੧੩੫*

ਇਹ ਜਿਹੜੀ ਪੋਹ ਦੀ ਠੰਢ ਹੈ, ਦੁਖ ਹੈ, ਕੰਬਣੀ ਹੈ ਇਹ ਉਹਨਾਂ 'ਤੇ ਅਸਰ ਨਹੀਂ ਕਰ ਸਕਦੀ ਜਿਨ੍ਹਾਂ ਦੇ ਹਿਰਦੇ ਵਿਚ ਨਾਮ ਦਾ ਨਿਵਾਸ ਹੈ। ਉਹਨਾਂ

ਨੂੰ ਦੁਖ ਨਹੀਂ ਦੇ ਸਕਦੀ। ਉਹ ਝੱਲ ਸਕਦੇ ਨੇ। ਉਹ ਅੱਗ ਵੀ ਝੱਲ ਸਕਦੇ ਨੇ ਤੇ ਠੰਢ ਵੀ ਝੱਲ ਸਕਦੇ ਨੇ। ਪੰਚਮ ਸਤਿਗੁਰੂ ਬੈਠੇ ਨੇ ਤੱਤੀ ਤਵੀ 'ਤੇ ਅੱਗ ਤਵੀ ਦੇ ਥੱਲੇ ਫੜ-ਫੜ ਕਰਕੇ ਮੱਚ ਰਹੀ ਹੈ ਤੇ ਗਰਮ ਰੇਤ ਦੇ ਕੱੜਛੇ ਸੀਸ ਵਿਚ ਪੈ ਰਹੇ ਨੇ ਤੇ ਉਚਾਰਨ ਹੋ ਰਿਹੈ -

*ਤੇਰਾ ਕੀਆ ਮੀਠਾ ਲਾਗੈ ॥*
*ਹਰਿ ਨਾਮੁ ਪਦਾਰਥੁ ਨਾਨਕੁ ਮਾਂਗੈ ॥ ਅੰਗ - ੩੯੪*

ਕਈ ਕਹਿੰਦੇ ਨੇ ਕਿ ਗੁਰੂ ਸਾਹਿਬ ਨੇ ਕਰਾਮਾਤ ਕਿਉਂ ਨਹੀਂ ਦਿਖਾਈ। ਅੱਗ ਬੁਝਾ ਦਿੰਦੇ ਜਾਂ ਉਹਨਾਂ ਨੂੰ ਮਾਰ ਦਿੰਦੇ ਪਰ ਜਿਹੜੀ ਕਰਾਮਾਤ ਗੁਰੂ ਸਾਹਿਬ ਨੇ ਦਿਖਾਈ ਹੈ, ਉਹ ਕੋਈ ਦਿਖਾ ਨਹੀਂ ਸਕਦਾ। ਧਰਤੀ ਤਪੀ ਹੋਈ ਹੈ, ਜੇਠ ਹਾੜ੍ਹ ਦਾ ਸਮਾਂ ਹੈ। ਜ਼ਾਲਮ ਤਪੇ ਨੇ, ਜਹਾਂਗੀਰ ਤਪਿਐ ਤੇ ਜਿਹੜੀ ਲੋਹ ਹੈ, ਤਵੀ ਹੈ ਉਹ ਅੱਗ ਵਾਂਗੂੰ ਲਾਲ ਹੈ ਜਿਸ 'ਤੇ ਸਾਹਿਬ ਚੌਂਕੜਾ ਮਾਰ ਕੇ ਬੈਠੇ ਨੇ। ਰੇਤਾ ਗਰਮ ਤਪਿਆ ਹੋਇਆ। ਸਾਰੇ ਤਪੇ ਨੇ, ਪਰ ਜਿਹੜੇ ਤੱਤੀ ਲੋਹ 'ਤੇ ਬੈਠੇ ਨੇ ਉਹ ਬਰਫ਼ ਨਾਲੋਂ ਵੀ ਠੰਢੇ ਨੇ ਉਹ ਨਹੀਂ ਤਪੇ। ਇਸ ਤੋਂ ਵੱਡੀ ਕਰਾਮਾਤ ਕਿਹੜੀ ਹੋ ਸਕਦੀ ਹੈ। ਉਸ ਸਤਿਗੁਰ ਦੇ ਬਚਨ ਨੇ - ***'ਆਸਾੜੁ ਤਪੰਦਾ ਤਿਸੁ ਲਗੈ ਹਰਿ ਨਾਹੁ ਨ ਜਿੰਨਾ ਪਾਸਿ ॥'*** ਉਸ ਸਤਿਗੁਰ ਦੇ ਬਚਨ ਨੇ - ***'ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥'*** ਧੰਨ ਮਾਤਾ ਜੀ ਤੇ ਸਾਹਿਬਜ਼ਾਦੇ, ਬ੍ਰਹਮ ਗਿਆਨੀ ਨੇ। ਸਰੀਰ ਦੀ ਉਮਰ ਛੋਟੀ ਹੈ ਸਾਹਿਬਜ਼ਾਦਿਆਂ ਦੀ ਪਰ ਉਸ ਅਵਸਥਾ ਦੇ ਮਾਲਕ ਨੇ -

*ਗੁਰਮੁਖਿ ਅੰਤਰਿ ਸਹਜੁ ਹੈ*
*ਮਨੁ ਚੜਿਆ ਦਸਵੈ ਆਕਾਸਿ ॥*
*ਤਿਥੈ ਊਂਘ ਨ ਭੁਖ ਹੈ*
*ਹਰਿ ਅੰਮ੍ਰਿਤ ਨਾਮੁ ਸੁਖ ਵਾਸੁ ॥*
*ਨਾਨਕ ਦੁਖੁ ਸੁਖੁ ਵਿਆਪਤ ਨਹੀ*
*ਜਿਥੈ ਆਤਮ ਰਾਮ ਪ੍ਰਗਾਸੁ ॥ ਅੰਗ - ੧੪੧੪*
*ਪ੍ਰਭ ਕੀ ਆਗਿਆ ਆਤਮ ਹਿਤਾਵੈ ॥*
*ਜੀਵਨ ਮੁਕਤਿ ਸੋਊ ਕਹਾਵੈ ॥*
*ਤੈਸਾ ਹਰਖੁ ਤੈਸਾ ਉਸੁ ਸੋਗੁ ॥*
*ਸਦਾ ਅਨੰਦੁ ਤਹ ਨਹੀ ਬਿਓਗੁ ॥*
*ਤੈਸਾ ਸੁਵਰਨੁ ਤੈਸੀ ਉਸੁ ਮਾਟੀ ॥*
*ਤੈਸਾ ਅੰਮ੍ਰਿਤੁ ਤੈਸੀ ਬਿਖੁ ਖਾਟੀ ॥*
*ਤੈਸਾ ਮਾਨੁ ਤੈਸਾ ਅਭਿਮਾਨੁ ॥*
*ਤੈਸਾ ਰੰਕੁ ਤੈਸਾ ਰਾਜਾਨੁ ॥*
*ਜੋ ਵਰਤਾਏ ਸਾਈ ਜੁਗਤਿ ॥*
*ਨਾਨਕ ਓਹੁ ਪੁਰਖੁ ਕਹੀਐ ਜੀਵਨ ਮੁਕਤਿ ॥ ਅੰਗ- ੨੭੫*

ਇਸ ਅਵਸਥਾ ਦੇ ਮਾਲਕ ਹਨ। ਨਾਮ ਦਾ ਨਿੱਘ ਹੈ, ਨਾਮ ਦਾ ਸਹਾਰਾ ਹੈ -

*ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ*
*ਸੋ ਕਹੀਅਤ ਹੈ ਸੂਰਾ ॥ ਅੰਗ - ੬੭੯*

ਉਹ ਹੈ ਵੱਡਾ ਸੂਰਮਾ। ਉਹ ਹਨ ਸਾਹਿਬਜ਼ਾਦੇ ਤੇ ਮਾਤਾ ਜੀ। ਮਾਤਾ ਜੀ ਕਹਿਣ ਲੱਗੇ ਕਿ ਮੇਰੇ ਸੋਹਣੇ ਲਾਲ ਦੇ ਲਾਲ! ਤੁਸੀਂ ਅਕਾਲ ਪੁਰਖ ਵਾਹਿਗੁਰੂ ਦੇ ਹੁਕਮ ਨਾਲ ਜਿਸ ਵੱਡੇ ਕਾਰਜ ਵਾਸਤੇ ਆਏ ਹੋ ਉਹਦਾ ਹੁਣ ਸਮਾਂ ਆ ਗਿਆ ਹੈ। ਤੁਹਾਡਾ ਜੀਵਨ ਧਰਮ ਦੇ ਲੇਖੇ ਲੱਗੇਗਾ। ਤੁਹਾਡੇ ਪ੍ਰਾਣ ਇਸ ਜ਼ੁਲਮ ਦੀ ਅੱਗ ਨੂੰ ਬੁਝਾਉਣ ਵਾਸਤੇ, ਤੁਹਾਡੇ ਸੀਸ ਲੱਗਣਗੇ। ਦੋਵੇਂ ਸਾਹਿਬਜ਼ਾਦੇ ਉੱਪਰ ਨੂੰ ਮੁੱਖ ਕਰਕੇ ਕੀ ਕਹਿੰਦੇ ਨੇ, ਦਾਦੀ ਮਾਤਾ! -

*ਧੰਨ ਭਾਗ ਹਮਰੇ ਹੈਂ ਮਾਈ ।*
*ਧਰਮ ਹੇਤ ਤਨ ਜਿਹ ਕਰ ਜਾਹੀ।*

ਧਰਮ ਵਾਸਤੇ, ਸਾਡੇ ਪ੍ਰਾਣ, ਸਾਡਾ ਸਰੀਰ ਜਾਂਦੈ ਤਾਂ ਸਾਡੇ ਤਾਂ ਵੱਡੇ ਭਾਗ ਨੇ। ਇਹ ਗੱਲ ਆਪਣੀ ਦਾਦੀ ਮਾਤਾ ਨੂੰ ਸਾਹਿਬਜ਼ਾਦੇ ਕਹਿ ਰਹੇ ਨੇ। ਚੜ੍ਹਦੀ ਕਲਾ ਦੇ ਵਿਚ ਨੇ।

ਬਾਬਾ ਮੋਤੀ ਰਾਮ ਮਹਿਰਾ ਸਰਹੰਦ ਦੇ ਜਿਹੜੇ ਹਿੰਦੂ ਕੈਦੀ ਸਨ, ਉਹਨਾਂ ਦਾ ਭੋਜਨ ਬਣਾਉਂਦਾ ਸੀ। ਨੌਕਰੀ ਕਰਦਾ ਸੀ। ਗੁਰੂ ਘਰ ਦਾ ਸ਼ਰਧਾਲੂ ਸੀ। ਜਦੋਂ ਇਹਨੂੰ ਪਤਾ ਲੱਗਾ ਕਿ ਵੱਡੇ ਮਾਤਾ ਜੀ ਤੇ ਸਾਹਿਬਜ਼ਾਦੇ ਠੰਢੇ ਬੁਰਜ ਵਿਚ ਕੈਦ ਨੇ, ਇਹ ਆਪਣੇ ਘਰ ਗਿਆ। ਗਊ ਦਾ ਦੁੱਧ ਚੋਅ ਕੇ ਗਰਮ ਕੀਤਾ, ਆਪਣੇ ਪਰਿਵਾਰ ਨਾਲ ਬੈਠ ਕੇ ਗੱਲ ਕੀਤੀ ਕਿ ਸਮਾਂ ਹੈ ਸੇਵਾ ਦਾ। ਘਰਵਾਲੀ ਦੇ ਗਹਿਣੇ ਲਏ ਕਿ ਪਹਿਰੇਦਾਰਾਂ ਨੂੰ ਦੇ ਕੇ ਮੈਂ ਕਿਸੇ ਤਰ੍ਹਾਂ ਉਥੇ ਪਹੁੰਚਾਂ। ਇਹ ਵੀ ਪਤੈ ਕਿ ਇਹ ਜਿਹੜਾ ਸੂਬਾ ਸਰਹੰਦ ਹੈ, ਉਹਦੇ ਵਲੋਂ ਹੁਕਮ ਹੈ ਕਿ ਜੇ ਕਿਸੇ ਨੇ ਸਾਹਿਬਜ਼ਾਦਿਆਂ ਨੂੰ ਪਾਣੀ ਦਾ ਇਕ ਘੁੱਟ ਵੀ ਪਿਲਾਇਆ ਤਾਂ ਉਹ ਜਿਉਂਦਾ ਨਹੀਂ ਰਹੇਗਾ। ਬੜੀ ਸਖ਼ਤ ਸਜ਼ਾ ਹੈ। ਪਰ ਆਪਣੇ ਅੰਦਰ ਵਿਚਾਰ ਕੀਤੀ ਕਿ ਮੋਤੀ! ਜੀਵਨ ਬਾਰ-ਬਾਰ ਨਹੀਂ ਮਿਲਣਾ। ਜੇ ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀ ਸੇਵਾ ਕਰਕੇ ਤੇਰਾ ਪਰਿਵਾਰ ਸ਼ਹੀਦ ਹੋ ਜਾਂਦੈ ਤਾਂ ਜੀਵਨ ਸਫਲ ਹੋ ਜਾਏਗਾ, ਪਰ ਇਹ ਸੇਵਾ ਹੋ ਜਾਵੇ। ਦੁੱਧ ਲਈਂ ਜਾਂਦੈ ਤੇ ਇਹ ਅਰਦਾਸਾਂ ਕਰਦਾ ਜਾਂਦੈ ਕਿ ਮੇਰੀ ਗੁਰੂ ਨਾਲ ਨਿਭ ਜਾਵੇ -

*ਚੰਦ ਚਕੋਰ ਪਰੀਤ ਹੈ ਲਾਇ ਤਾਰ ਨਿਹਾਲੇ॥*
*ਚਕਵੀ ਸੂਰਜ ਹੇਤ ਹੈ ਮਿਲਿ ਹੋਨਿ ਸੁਖਾਲੇ॥*

*ਨੇਹੁ ਕਵਲ ਜਲ ਜਾਣੀਐ ਖਿੜਿ ਮੁਹ ਵੇਖਾਲੇ॥*
*ਮੋਰ ਬਬੀਹੇ ਬੋਲਦੇ ਵੇਖਿ ਬਦਲ ਕਾਲੇ॥*
*ਨਾਰਿ ਭਤਾਰ ਪਿਆਰੁ ਹੈ ਮਾਂ ਪੁਤ ਸਮ੍ਹਾਲੇ॥*
*ਪੀਰ ਮੁਰੀਦਾ ਪਿਰਹੜੀ ਓਹੁ ਨਿਬਹੈ ਨਾਲੇ॥*

*ਭਾਈ ਗੁਰਦਾਸ ਜੀ, ਵਾਰ ੨੭/੪*

ਅਰਦਾਸ ਹੈ ਬਾਬਾ ਮੋਤੀ ਰਾਮ ਜੀ ਦੇ ਅੰਦਰ। ਅਲੱਗ-ਅਲੱਗ ਇਤਿਹਾਸਕਾਰਾਂ ਨੇ ਲਿਖਿਐ ਕਿ ਅਹਿਲਕਾਰਾਂ ਨੂੰ ਧਨ ਦੇ ਕੇ, ਮਾਤਾ ਜੀ ਤੇ ਸਾਹਿਬਜ਼ਾਦਿਆਂ ਨੂੰ ਕੋਲ ਗਿਆ, ਨਮਸ਼ਕਾਰ ਕੀਤੀ। ਮਾਤਾ ਜੀ ਤੇ ਸਾਹਿਬਜ਼ਾਦਿਆਂ ਦੀਆਂ ਅਸੀਸਾਂ, ਬਖਸ਼ਿਸ਼ਾਂ ਪ੍ਰਾਪਤ ਕੀਤੀਆਂ। ਬਾਅਦ ਵਿਚ ਜਦੋਂ ਸੂਬੇ ਸਰਹੰਦ ਨੂੰ ਪਤਾ ਲੱਗਾ ਕਿ ਇਹਨੇ ਦੁੱਧ ਛਕਾਇਆ ਸੀ। ਫੇਰ ਇਹਨੂੰ ਤੇ ਇਹਦੇ ਪਰਿਵਾਰ ਨੂੰ ਬੇੜੀਆਂ ਪਾ ਕੇ ਲਿਆਂਦਾ ਗਿਆ। ਸਭ ਤੋਂ ਪਹਿਲਾਂ ਇਹਦਾ ਛੋਟਾ ਬੱਚਾ ਕੋਹਲੂ ਵਿਚ ਪੀੜਿਆ ਇਹਦੇ ਸਾਮ੍ਹਣੇ। ਫੇਰ ਇਹਦੇ ਪਰਿਵਾਰ ਨੂੰ ਤੇ ਇਹਨੂੰ ਵੀ। ਸਾਰੇ ਪਰਿਵਾਰ ਨੂੰ ਕੋਹਲੂ ਵਿਚ ਪੀੜਿਆ ਗਿਆ। ਧੰਨ ਬਾਬਾ ਮੋਤੀ ਰਾਮ ਜੀ। ***'ਸਿਰ ਜਾਵੇ ਤਾਂ ਜਾਵੇ ਮੇਰਾ ਸਿੱਖੀ ਸਿਦਕ ਨਾ ਜਾਵੇ।'*** ਸਭ ਕੁਝ ਵਾਰ ਦਿਤਾ।

ਸੋ ਰਾਤ ਨਿਕਲੀ ਤੇ ਸਵੇਰ ਹੋਈ ਤਾਂ ਸੂਬੇ ਦੇ ਸਿਪਾਹੀ ਆ ਪਹੁੰਚੇ ਕਹਿਣ ਲੱਗੇ, ਮਾਤਾ ਜੀ! ਸਾਹਿਬਜ਼ਾਦਿਆਂ ਨੂੰ ਸੂਬੇ ਦੀ ਕਚਹਿਰੀ ਲੈ ਕੇ ਜਾਣਾ ਹੈ। ਮਾਤਾ ਜੀ ਨੇ ਤੋਰਿਆ, ਸਾਹਿਬਜ਼ਾਦਿਆਂ ਨੇ ਫਤਹਿ ਬੁਲਾਈ। ਮਾਤਾ ਜੀ ਨੇ ਥਾਪੜਾ ਦਿਤਾ। ਭਰੋਸਾ ਹੈ ਕਿ ਧੰਨ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਜੀ ਦੇ ਪੋਤਰੇ ਨੇ, ਮੇਰੇ ਪੋਤਰੇ ਨੇ, ਦਸਮ ਪਾਤਸ਼ਾਹ ਦੇ ਸਾਹਿਬਜ਼ਾਦੇ ਨੇ, ਦੁਨੀਆਂ ਦੀ ਕੋਈ ਤਾਕਤ ਨਹੀਂ ਇਹਨਾਂ ਨੂੰ ਡੋਲਾ ਨਹੀਂ ਸਕਦੀ।

ਇਕ ਮਹਾਂਪੁਰਸ਼ ਧਾਰਨ ਪੜ੍ਹਿਆ ਕਰਦੇ ਸਨ-

*ਤੇਰਾ ਸਿੱਖ ਨਾ ਗੁਰੂ ਜੀ ਡੋਲੇ,*
*ਧਰਤੀ ਨਿਸੰਗ ਡੋਲ ਜਾਏ।*

ਉਹ ਸਾਹਿਬਜ਼ਾਦਿਆਂ 'ਤੇ ਢੁਕਦੀ ਹੈ ਪਿਆਰਿਓ। ਜਿਸ ਵੇਲੇ ਸਾਹਿਬਜ਼ਾਦਿਆਂ ਲੈ ਕੇ ਜਾ ਰਹੇ ਸੀ, ਅਹਿਲਕਾਰ ਰਸਤੇ 'ਚ ਕਹਿੰਦੇ ਕਿ ਸਾਹਿਬਜ਼ਾਦਿਓ! ਸੂਬਾ ਬੜਾ ਚੰਗਾ ਹੈ, ਅਸੀਂ ਜਿਵੇਂ ਝੁਕ ਕੇ ਸਲਾਮ ਕਰਾਂਗੇ ਤਾਂ ਤੁਸੀਂ ਵੀ ਇਸੇ ਤਰ੍ਹਾਂ ਕਰਿਓ।

ਸਾਹਿਬਜ਼ਾਦੇ ਬੋਲੇ, **"ਹਮਨੇ ਸੱਚੇ ਪਾਤਸ਼ਾਹ ਕੋ ਸਲਾਮ ਕੀਆ ਹੈ, ਔਰ ਕਿਸੀ ਕੋ ਨਹੀਂ ਕਰਤੇ।"** ਸਾਡਾ ਸਿਰ ਗੁਰੂ ਸਾਹਿਬ ਨੂੰ ਝੁਕਦਾ ਹੈ, ਹੋਰ ਕਿਸੇ ਅੱਗੇ ਨਹੀਂ ਝੁਕਦਾ।

ਸਾਧਸੰਗਤ ਜੀ! ਜਿਹੜੇ ਦੂਸਰੇ ਹਨ, ਜਿਨ੍ਹਾਂ ਨੇ ਅੰਮ੍ਰਿਤ ਨਹੀਂ ਛਕਿਆ ਜਾਂ ਸਿੱਖ ਨਹੀਂ, ਅਸੀਂ ਉਹਨਾਂ ਦੇ ਬਾਰੇ ਤਾਂ ਕੁਛ ਨਹੀਂ ਕਹਿੰਦੇ, ਪਰ ਜਿਹੜਾ ਹੋਵੇ ਸਿੱਖੀ ਵਿਚ ਮਾਈ ਚਾਹੇ ਭਾਈ, ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਛੱਡ ਕੇ ਆਪਣੇ ਹਿੱਤ ਪਿੱਛੇ ਥਾਂ-ਥਾਂ ਸਿਰ ਝੁਕਾ ਰਹੇ ਨੇ। ਨਹੀਂ ਪਿਆਰਿਓ! ਇੱਕ 'ਤੇ ਭਰੋਸਾ ਚਾਹੀਦਾ ਹੈ।

ਸਾਹਿਬਜ਼ਾਦਿਆਂ ਨੇ ਕਿਹਾ, ਸਿਰ ਨਹੀਂ ਝੁਕਾਉਣਾ ਅਸੀਂ। ਇਹ ਸਾਹਿਬਜ਼ਾਦੇ ਦਸਮ ਪਾਤਸ਼ਾਹ ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਨੇ, ਦੁਨੀਆਂ ਦੀ ਵੱਡੀ ਤੋਂ ਵੱਡੀ ਤਾਕਤ ਅੱਗੇ ਵੀ ਸਿਰ ਨਹੀਂ ਝੁਕਾਇਆ। ਜੇ ਦਸਮ ਪਾਤਸ਼ਾਹ ਨੇ ਵੀ ਸੀਸ ਝੁਕਾਇਆ ਤਾਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਨੂੰ ਝੁਕਾਇਆ।

ਜਦੋਂ ਕਚਹਿਰੀ ਪਹੁੰਚੇ ਸਾਹਿਬਜ਼ਾਦੇ, ਨੰਗੀਆਂ ਤਲਵਾਰਾਂ, ਬਰਛਿਆਂ ਜਿਨ੍ਹਾਂ ਦੀ ਛਾਇਆ ਹੇਠ ਲਈਂ ਜਾਂਦੇ ਨੇ ਇਨ੍ਹਾਂ ਨੂੰ ਤਾਂ ਕਿ ਇਹ ਭੈ-ਭੀਤ ਹੋਣ ਜਾਣ, ਡਰ ਜਾਣ। ਜਿਨ੍ਹਾਂ ਦੇ ਹਿਰਦੇ ਵਿਚ ਨਿਰਭਉ ਦਾ ਵਾਸਾ ਹੈ ਉਹ ਨਹੀਂ ਡਰਦੇ -

*ਨਿਰਭਉ ਜਪੈ ਸਗਲ ਭਉ ਮਿਟੈ ॥*
*ਪ੍ਰਭ ਕਿਰਪਾ ਤੇ ਪ੍ਰਾਣੀ ਛੁਟੈ ॥* *ਅੰਗ - ੨੯੩*

ਜਿਸ ਵਕਤ ਅੰਦਰ ਪਹੁੰਚੇ ਸਾਹਿਬਜ਼ਾਦੇ, ਅਕਾਲ ਪੁਰਖ ਦਾ ਧਿਆਨ ਧਰ ਕੇ ਪਹੁੰਚੇ। ਸੂਬੇ ਦਾ ਸਤਿਕਾਰ ਨਹੀਂ ਕੀਤਾ ਤਾਂ ਕਿ ਇਹਨੂੰ ਸਮਝ ਆ ਜਾਵੇ ਕਿ ਕੌਣ ਆਏ ਨੇ ਇਹਦੀ ਕਚਹਿਰੀ ਵਿਚ। ਉਸ ਵੇਲੇ ਇਉਂ ਫਤਹਿ ਬੁਲਾਉਂਦੇ ਨੇ -

*ਵਾਹਿਗੁਰੂ ਜੀ ਕਾ ਖ਼ਾਲਸਾ।*
*ਵਾਹਿਗੁਰੂ ਜੀ ਕੀ ਫ਼ਤਹਿ।*

ਸਾਰੇ ਹੈਰਾਨ ਹੋ ਗਏ। ਸਾਧਸੰਗਤ ਜੀ! ਖਾਲਸੇ ਦਾ ਜੈਕਾਰਾ ਤੇ ਖਾਲਸੇ ਦੀ ਫਤਹਿ। ਖਾਲਸੇ ਦਾ ਜੈਕਾਰਾ ਦੁਸ਼ਮਣਾਂ ਦੇ ਕਿਲ੍ਹੇ ਹਿਲਾ ਦਿੰਦੈ। ਇਹ ਖਾਲਸਾ ਕਿਸ ਦਾ ਹੈ? ਇਹ ਕਿਸੇ ਰਾਜੇ ਦਾ ਨਹੀਂ-

*ਖ਼ਾਲਸਾ ਅਕਾਲ ਪੁਰਖੁ ਕੀ ਫ਼ੌਜ।*
*ਪ੍ਰਗਟਿਓ ਖਾਲਸਾ ਪ੍ਰਮਾਤਮ ਕੀ ਮੌਜ।*

ਸਿਮਰਨ ਵੀ ਹੁੰਦਾ ਹੈ। ਖਾਲਸਾ ਵਾਹਿਗੁਰੂ ਦਾ ਆਇਆ ਹੈ। ਇਹ ਆਇਆ ਕਿੱਥੇ ਹੈ? ਜਿਥੇ ਜ਼ਾਲਮਾਂ ਦੀ ਕਚਹਿਰੀ ਲੱਗੀ ਹੋਈ ਹੈ।

*'ਚਲਦਾ..........।'*

# ਪੋਖਿ ਤੁਖਾਰੁ ਨ ਵਿਆਪਈ.....।

*ਸੰਤ ਬਾਬਾ ਹਰਪਾਲ ਸਿੰਘ ਜੀ*
*ਐਡੀਟਰ-ਇਨ-ਚੀਫ'*

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥*
*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥*
*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥*
*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥*
*ਪੋਖੁ ਸੋੁਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥*
*ਅੰਗ- ੧੩੫*

*ਜੈਸਾ ਸਤਿਗੁਰੁ ਸੁਣੀਦਾ ਤੈਸੋ ਹੀ ਮੈ ਡੀਠੁ ॥*
*ਵਿਛੁੜਿਆ ਮੇਲੇ ਪ੍ਰਭੂ ਹਰਿ ਦਰਗਹ ਕਾ ਬਸੀਠੁ ॥*
*ਹਰਿ ਨਾਮੋ ਮੰਤ੍ਰੁ ਦ੍ਰਿੜਾਇਦਾ ਕਟੇ ਹਉਮੈ ਰੋਗੁ ॥*
*ਨਾਨਕ ਸਤਿਗੁਰੁ ਤਿਨਾ ਮਿਲਾਇਆ*
*ਜਿਨਾ ਧੁਰੇ ਪਇਆ ਸੰਜੋਗੁ ॥ ਅੰਗ- ੯੫੭*

ਪਰਮ ਸਤਿਕਾਰਯੋਗ ਗੁਰੂ ਪਿਆਰੀ ਸਾਧਸੰਗਤ ਜੀਓ! ਖਿਆਲ ਬਾਹਰ ਜਾਣ ਤੋਂ ਰੋਕੀਏ, ਚਿੱਤ ਬਿਰਤੀਆਂ ਨੂੰ ਇਕਾਗਰ ਕਰੀਏ, ਰਸਨਾ ਦੀ ਪਵਿੱਤਰਤਾ ਦੇ ਵਾਸਤੇ ਸਾਰੇ ਹੀ ਉਚਾਰਨ ਕਰੋ ਜੀ - ਸਤਿਨਾਮੁ ਸ੍ਰੀ ਵਾਹਿਗੁਰੂ। ਪਾਤਸ਼ਾਹ ਜੀ ਦੀ ਰਹਿਮਤ ਹੋਈ ਹੈ, ਸੰਗਰਾਂਦ ਦਾ ਇਹ ਪਵਿੱਤਰ ਦਿਹਾੜਾ, ਜਿਸ ਦਿਨ ਆਪਾਂ ਸਾਰੇ ਇਕੱਠੇ ਹੋ ਕੇ, ਸਤਿਗੁਰਾਂ ਦੇ ਪਾਵਨ ਦਰਬਾਰ ਦੀ ਹਾਜ਼ਰੀ ਭਰਦੇ ਹੋਏ, ਮਹੀਨੇ ਪ੍ਰਥਾਇ ਜੋ ਸਤਿਗੁਰਾਂ ਜੀ ਦੇ ਬਚਨ ਆਏ, ਉਹਨਾਂ ਦੀ ਵਿਚਾਰ ਕਰਦੇ ਹਾਂ ਕਿਉਂਕਿ ਸੰਗਰਾਂਦ ਦਾ ਸਬੰਧ ਸੂਰਜ ਦੇ ਨਾਲ ਹੋਣ ਕਰਕੇ, ਸੂਰਜ ਘਰ ਬਦਲਦਾ ਹੈ, ਗ੍ਰਹਿ ਚਾਲ ਚਲਦੀ ਹੈ, ਇਸਦਾ ਅਸਰ ਫੇਰ ਸਾਡੇ ਉਤੇ ਪੈਂਦਾ ਹੈ। ਕਿਉਂ ਪੈਂਦਾ ਹੈ? ਕਿਉਂਕਿ ਅਸੀਂ ਨਾਮ ਨਹੀਂ ਜਪਦੇ। ਜੇ ਨਾਮ ਜਪਦੇ ਹੋਈਏ ਫੇਰ ਤਾਂ ਕੋਈ ਅਸਰ ਹੀ ਨਹੀਂ, ਸਗਨ ਜਾਂ ਅਪਸਗਨ ਉਹਨਾਂ ਨੂੰ ਲਗਦੇ ਨੇ ਜਿਨ੍ਹਾਂ ਨੂੰ ਨਾਮ ਵਿਸਰ ਜਾਂਦਾ ਹੈ। ਤੁਸੀਂ ਐਨੇ ਪਿਆਰ 'ਚ ਸਤਿਗੁਰੂ ਦੇ ਦਰ 'ਤੇ ਚੱਲ ਕੇ ਆਉਂਦੇ ਹੋ। ਸੱਚੇ ਪਾਤਸ਼ਾਹ ਬਖਸ਼ਿਸ਼ਾਂ ਕਰਨਗੇ। -

*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥*
*ਅੰਗ - ੧੩੫*

ਸਤਿਗੁਰੂ ਦੇ ਦਰ 'ਤੇ ਜੇ ਚੱਲ ਕੇ ਆ ਗਏ, ਉਹਨਾਂ ਦੀ ਚਰਨ ਸ਼ਰਨ ਵਿਚ, ਆਪੇ ਉਹਨਾਂ ਨੇ ਆਪਣੇ ਬਿਰਦ ਬਾਣੇ ਦੀ ਲਾਜ ਰੱਖਣੀ ਹੈ। ਤੁਸੀਂ ਸੁਣ ਰਹੇ ਸੀ ਕਿ ਇਥੇ ਮਹਾਂਪੁਰਸ਼ਾਂ ਦੇ ਬਚਨ ਆਏ ਕਿ ਇਥੇ ਆਉਣਾ ਨਹੀਂ ਛੱਡਣਾ। ਸਤਿਸੰਗ ਕਰਨੀ ਹੈ, ਕਿਉਂਕਿ ਇਹ ਦਰ ਐਸਾ ਹੈ ਜਿਸ ਦਰ 'ਤੇ ਲਾਜ ਰਹਿ ਜਾਂਦੀ ਹੈ। ਦੂਜੀ ਜਗ੍ਹਾ ਕਿਤੇ ਜਾਓ, ਪਹਿਲਾਂ ਤਾਂ ਜਾਂਦਿਆਂ ਹੀ ਸ਼ਰਮ ਆਊ, ਇਸ ਦਰ ਨੂੰ ਛੱਡ ਕੇ ਜੇ ਕਿਸੇ ਹੋਰ ਦਰ 'ਤੇ ਜਾਵਾਂਗੇ। ਘਰ ਹੁੰਦੇ ਵਸਤ ਜੇ ਮੰਗਣ ਜਾਈਏ, ਤਾਂ ਬੜੀ ਸ਼ਰਮ ਦੀ ਗੱਲ ਹੈ ਕਿਉਂਕਿ ਇਥੇ ਸਭ ਕੁਛ ਹੈ -

*ਨਾਨਕ ਕੈ ਘਰਿ ਕੇਵਲ ਨਾਮੁ ॥ ਅੰਗ - ੧੧੩੬*

ਜਿਥੇ 'ਨਾਮ' ਹੈ ਉਥੇ ਸਾਰਾ ਕੁਝ ਹੀ ਹੈ। ਸਾਰੀ ਗੁਰਬਾਣੀ ਨਾਮ ਦੀ ਹੀ ਵਿਆਖਿਆ ਕਰਦੀ ਹੈ। ਇਹਦਾ ਤੱਤ ਸਾਰ 'ਜਪੁ ਜੀ ਸਾਹਿਬ' ਹੈ। 'ਜਪੁ ਜੀ ਸਾਹਿਬ ਦਾ ਸਾਰ 'ਮੂਲਮੰਤ੍ਰ' ਹੈ, 'ਮੂਲਮੰਤ੍ਰ' ਦਾ ਤੱਤ 'ਵਾਹਿਗੁਰੂ' ਮੰਤ੍ਰ ਹੈ। ਇਹ ਇਕ ਐਸਾ ਮੰਤਰ -

*ਬੀਜ ਮੰਤ੍ਰੁ ਸਰਬ ਕੋ ਗਿਆਨੁ ॥ ਅੰਗ - ੨੭੪*

ਇਹ ਗੁਰਮੰਤ੍ਰ ਐਸਾ ਹੈ ਜਿਹੜਾ 'ਨਾਮ' ਤਕ ਪਹੁੰਚਾ ਦਿੰਦਾ ਹੈ। ਸੋ ਇਹ ਸਾਰੀ ਬਾਣੀ -

*ਇਹ ਬਾਣੀ ਜੋ ਜੀਅਹੁ ਜਾਣੈ*
*ਤਿਸੁ ਅੰਤਰਿ ਰਵੈ ਹਰਿ ਨਾਮਾ ॥ ਅੰਗ - ੭੯੭*

ਸੋ ਲੋੜ ਪਿਆਰ ਦੀ ਹੈ। ਹੁਣੇ ਤੁਸੀਂ ਪਿਆਰ ਦੇ ਵਿਚ ਸੁਣ ਰਹੇ ਸੀ ਕਿ -

*ਸਾਚੀ ਪ੍ਰੀਤਿ ਹਮ ਤੁਮ ਸਿਉ ਜੋਰੀ ॥*
*ਤੁਮ ਸਿਉ ਜੋਰਿ ਅਵਰ ਸੰਗਿ ਤੋਰੀ ॥ ਅੰਗ - ੬੫੯*

'ਸਰਮ ਪਈ ਨਾਰਾਇਣੈ' ਇਸ ਦਰ 'ਤੇ ਆ ਜਾਓ, ਫੇਰ ਹੋਰ ਦੀ ਲੋੜ ਹੀ ਨਹੀਂ ਤੇ ਇਥੇ ਦੇ ਹੀ ਹੋ ਕੇ ਰਹਿ ਜਾਓ। ਕਿਉਂਕਿ ਇਹ ਦਰ ਐਸਾ ਹੈ, ਗੁਰੂ ਦੁਆਰੇ ਸੋਝੀ ਮਿਲਦੀ ਹੈ। ਵਿਵੇਕ ਬੁੱਧ ਦੀ ਪ੍ਰਾਪਤੀ ਹੁੰਦੀ ਹੈ। ਕਿੰਨੀ ਠੰਢ ਹੈ, ਪਰ ਬਾਹਰਲੀ ਠੰਢ ਤਾਂ ਸਾਧਨਾਂ ਦੇ ਨਾਲ ਦੂਰ ਹੋ ਜਾਂਦੀ ਹੈ। ਪਰ ਪਾਤਸ਼ਾਹ ਕਹਿੰਦੇ ਨੇ ਕਿ ਜਿਨ੍ਹਾਂ ਦੇ ਕੰਠਿ ਨਾਲ, ਉਹ ਪ੍ਰੀਤਮ ਲਗ ਗਿਆ ਕਿਉਂਕਿ ਹੈ ਤਾਂ ਸਾਰੀਆ ਜੀਵ ਆਤਮਾਵਾਂ ਹੀ। ਇਕੋ ਹੀ ਅਕਾਲ ਪੁਰਖ ਹੈ।

ਇਸ ਕਰਕੇ ਅਸੀਂ ਆਏ –

*ਸਭਨਾ ਸਾਹੁਰੈ ਵੰਞਣਾ ਸਭਿ ਮੁਕਲਾਵਣਹਾਰ ॥*

*ਅੰਗ – ੫੦*

ਜਾਣਾ ਹੀ ਹੈ ਉਹਦੇ ਕੋਲ ਜਿਥੋਂ ਆਏ ਹਾਂ –

*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥*

*ਅੰਗ – ੧੩੫*

ਆਹ ਦੋ ਮਹੀਨੇ ਕਿੰਨਾਂ ਹੀ ਕੋਰਾ ਪੈਣਾ ਹੈ। ਆਹ ਜਿਹੜੇ Horticulture department (ਬਾਗਬਾਨੀ ਵਿਭਾਗ) ਦੇ ਸਾਇੰਸਦਾਨ ਨੇ ਖੋਜ ਕੀਤੀ ਕਿ ਇਸ ਮੌਸਮ ਵਿਚ ਬੀਜ ਨਹੀਂ ਪੁੰਗਰ ਸਕਦਾ, ਨਾ ਹੀ ਉੱਗ ਸਕਦਾ, ਫਲ ਸਕਦਾ ਇਹ ਦੋ ਮਹੀਨੇ ਕਿਹੜੇ ਨੇ, ਦੂਜਾ ਜੂਨ ਦਾ। ਜੂਨ 'ਚ ਕਿੰਨੀ ਜੇਠ–ਹਾੜ ਦੀ ਧੁੱਪ ਹੁੰਦੀ ਹੈ। ਇਧਰਲੇ ਪਾਸੇ ਦਸੰਬਰ 'ਚ ਕੋਰਾ ਪੈਂਦਾ ਹੈ, ਤੁਖਾਰ ਪੈਂਦਾ ਹੈ, ਪੋਹ ਦਾ ਮਹੀਨਾ ਹੈ। ਇਕ ਤਰ੍ਹਾਂ ਪ੍ਰਤੀਕ ਦਸ ਕੇ ਗੁਰੂ ਪਾਤਸ਼ਾਹ ਜੀ ਨੇ –

*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥*

*ਅੰਗ– ੧੩੫*

ਉਹ ਜਿਹੜੀ ਜ਼ਹਿਰ ਹੈ ਉਹ ਤਾਂ ਉਤਰਨੀ ਹੈ ਜਦੋਂ ਅਸੀਂ ਉਸ ਦੇ ਗੁਣ ਗਾਵਾਂਗੇ –

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥*
*ਬਿਨਸਿ ਜਾਇ ਹਉਮੈ ਬਿਖੁ ਫੈਲੁ ॥ ਅੰਗ – ੨੮੯*

ਹੁਣ ਪੋਹ ਦਾ ਮਹੀਨਾ ਹੈ। ਦੁਖ ਆਇਆ, ਸੁਖ ਆਉਂਦਾ ਹੈ, ਰੁੱਤ ਆਉਂਦੀ ਹੈ –

*ਸੂਰਜੁ ਏਕੋ ਰੁਤਿ ਅਨੇਕ ॥*
*ਨਾਨਕ ਕਰਤੇ ਕੇ ਕੇਤੇ ਵੇਸ ॥ ਅੰਗ – ੧੩*

ਕਿਹੋ ਜਿਹਾ ਵੀ ਸਮਾਂ ਆਇਆ, 'ਬਚਿੱਤਰ ਨਾਟਕ' ਵਿਚ ਗੁਰੂ ਪਾਤਸ਼ਾਹ ਧੰਨ–ਧੰਨ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਪ੍ਰੈਕਟੀਕਲ ਰੂਪ ਦੇ ਵਿਚ ਕਰ ਕੇ ਵਿਖਾਇਆ ਕਿ ਕਿਹੋ ਜਿਹਾ ਵੀ ਸਮਾਂ ਆਇਆ। ਜੇ ਅਨੰਦਪੁਰ, ਅਨੰਦ ਵਰਤਦਾ ਹੈ, ਓਹੀ ਅਨੰਦ ਸਰਸਾ ਦੇ ਉਤੇ ਵਰਤ ਰਿਹਾ ਹੈ, ਭਾਵੇਂ ਹੜ੍ਹ ਆਇਆ ਹੈ। ਦੂਜਾ ਹੜ੍ਹ ਵੀ ਆਇਆ ਜਿਹੜੀਆਂ ਫੌਜਾਂ ਚੜ੍ਹੀਆਂ ਆ ਰਹੀਆਂ ਨੇ। ਪਰ ਉਸ ਸਮੇਂ ਆਹ ਨੇਮ ਸਿਖਾਇਆ ਕਿ –

*ਗੁਰ ਸਤਿਗੁਰ ਕਾ ਜੋ ਸਿਖੁ ਅਖਾਏ*
*ਸੁ ਭਲਕੇ ਉਠਿ ਹਰਿ ਨਾਮੁ ਧਿਆਵੈ ॥ ਅੰਗ – ੩੦੫*

ਧਿਆਨ ਵਿਚ ਬੈਠੇ।

*ਉਦਮੁ ਕਰੇ ਭਲਕੇ ਪਰਭਾਤੀ*
*ਇਸਨਾਨੁ ਕਰੇ ਅੰਮ੍ਰਿਤ ਸਰਿ ਨਾਵੈ ॥*
*ਉਪਦੇਸਿ ਗੁਰੂ ਹਰਿ ਹਰਿ ਜਪੁ ਜਾਪੈ*
*ਸਭਿ ਕਿਲਵਿਖ ਪਾਪ ਦੋਖ ਲਹਿ ਜਾਵੈ ॥*
*ਫਿਰਿ ਚੜੈ ਦਿਵਸੁ ਗੁਰਬਾਣੀ ਗਾਵੈ*
*ਬਹਦਿਆ ਉਠਦਿਆ ਹਰਿ ਨਾਮੁ ਧਿਆਵੈ ॥*
*ਜੋ ਸਾਸਿ ਗਿਰਾਸਿ ਧਿਆਏ ਮੇਰਾ ਹਰਿ ਹਰਿ*
*ਸੋ ਗੁਰਸਿਖੁ ਗੁਰੂ ਮਨਿ ਭਾਵੈ ॥ ਅੰਗ – ੩੦੫*

*ਸਾਸਿ ਸਾਸਿ ਸਿਮਰਹੁ ਗੋਬਿੰਦ ॥*
*ਮਨ ਅੰਤਰ ਕੀ ਉਤਰੈ ਚਿੰਦ ॥ ਅੰਗ– ੨੯੫*

ਉਹ ਸਿੱਖ ਫੇਰ ਗੁਰੂ ਨੂੰ ਭਾਉਂਦਾ ਹੈ। ਦੂਜਾ ਨਹੀਂ ਭਾਉਂਦਾ –

*ਭੇਖਿ ਦਿਖਾਏ ਜਗਤ ਕੋ ਲੋਗਨ ਕੋ ਬਸਿ ਕੀਨ॥*
*ਅੰਤਕਾਲਿ ਕਾਤੀ ਕਟਯੋ ਬਾਸੁ ਨਰਕ ਮੋ ਲੀਨ।*

*ਬਚਿਤ੍ਰ ਨਾਟਕ*

ਸਤਿਗੁਰੂ ਕਹਿੰਦੇ, ਜਿਹੜਾ ਸਿੱਖ ਹੈ ਉਹਦੀ ਰਹਿਤ ਜਿਹੜੀ ਹੈ ਉਹ ਮੈਨੂੰ ਪਿਆਰੀ ਲਗਦੀ ਹੈ।

*ਰਹਿਤ ਪਿਆਰੀ ਮੁਝ ਕੋ ਸਿਖ ਪਿਆਰਾ ਨਾਹੀ।*

*ਰਹਿਣੀ ਰਹਰਿ ਸੋਈ ਸਿਖ ਮੇਰਾ॥*
*ਵਹ ਠਾਕੁਰ ਮੈਂ ਉਸ ਕਾ ਚੇਰਾ॥ ਪਾਤਸ਼ਾਹੀ ੧੦*

*ਜਨੁ ਨਾਨਕੁ ਧੂੜਿ ਮੰਗੈ ਤਿਸੁ ਗੁਰਸਿਖ ਕੀ*
*ਜੋ ਆਪਿ ਜਪੈ ਅਵਰਹ ਨਾਮੁ ਜਪਾਵੈ ॥ ਅੰਗ– ੩੦੬*

ਕਿਉਂਕਿ ਉਹ ਤਾਂ ਗੁਰੂ ਪਦਵੀ ਤਕ ਹੀ ਪਹੁੰਚ ਗਿਆ, ਨਾਮ 'ਚ ਅਸਥਿਤ ਹੋ ਗਿਆ। ਐਸਾ ਈਸ਼ਵਰ ਕੋਟੀ ਦਾ ਮਹਾਂਪੁਰਸ਼, ਜਦੋਂ ਉਹਨੂੰ ਇਹ ਉਪਦੇਸ਼ ਸੁਣ ਗਿਆ –

*ਜਿਸ ਨੋ ਦਇਆਲੁ ਹੋਵੈ ਮੇਰਾ ਸੁਆਮੀ*
*ਤਿਸੁ ਗੁਰਸਿਖ ਗੁਰੂ ਉਪਦੇਸੁ ਸੁਣਾਵੈ ॥ ਅੰਗ – ੩੦੬*

ਜੀਵ ਤੇ ਬ੍ਰਹਮ ਦੀ ਅਭੇਦਤਾ ਦਾ ਉਪਦੇਸ਼ ਸੁਣ ਲਿਆ ਫੇਰ ਰਾਗ ਤੇ ਦਵੈਸ਼ ਦਾ ਤਾਂ ਆਵੇਸ਼ ਹੀ ਨਹੀਂ ਰਹਿੰਦਾ ਫੇਰ ਤਾਂ ਅਦ੍ਵੈਤ ਦੇ ਸਿਧਾਂਤ ਦੇ ਉਤੇ ਉਹ ਚੱਲ ਪੈਂਦਾ ਹੈ। ਜਿਵੇਂ ਜੇਠ–ਹਾੜ ਦੀ ਧੁੱਪ ਗਰਮੀ ਦਰਖਤ ਨੂੰ ਸੁਕਾ ਦਿੰਦੀ ਹੈ ਉਸੇ ਤਰ੍ਹਾਂ ਸਰੀਰ ਨੂੰ ਵਿਸ਼ੇ–ਵਿਕਾਰਾਂ ਦੀ ਅਗਨ ਸਾੜ ਕੇ ਸੁਆਹ ਕਰ ਦਿੰਦੀ ਹੈ ਪਰ ਜੋ ਨਾਮ ਨਾਲ ਜੁੜ ਗਏ ਉਨ੍ਹਾਂ ਨੂੰ ਤਾਂ –

*ਪੋਖਿ ਤੁਖਾਰੁ ਨ ਵਿਆਪਈ ਕੰਠਿ ਮਿਲਿਆ ਹਰਿ ਨਾਹੁ ॥*
*ਮਨੁ ਬੇਧਿਆ ਚਰਨਾਰਬਿੰਦ ਦਰਸਨਿ ਲਗੜਾ ਸਾਹੁ ॥*

*ਅੰਗ – ੧੩੬*

ਕਿਉਂਕਿ ਮਨ ਨੇ ਕਿੰਨੇ ਕਲੇਸ਼ ਗਲ ਪਾ ਦਿਤੇ। 'ਮਨ ਜੀਤੈ ਜਗੁ ਜੀਤੁ।' ਜਦੋਂ ਮਨ ਨੂੰ ਬੰਨ੍ਹ ਕੇ ਰਖ ਦਿਤਾ, ਹਰਿ ਚਰਨਾਂ ਕਮਲਾਂ ਦੇ ਨਾਲ ਫੇਰ ਕਿੱਥੇ ਜਾਏਗਾ ਇਹ। ਜਦੋਂ ਸਵਾਸ ਦੇ ਉਤੇ ਲੈ ਆਏ, ਜੋ ਮਹਾਂਪੁਰਸ਼ਾਂ ਨੇ ਜੁਗਤ ਦੱਸੀ ਹੈ। ਫੇਰ ਮਨ ਨੇ ਕਿੱਧਰ ਨੂੰ ਦੌੜਨਾ ਹੈ ਜਦੋਂ ਇਹਨੂੰ ਸਵਾਰੀ ਹੀ ਨਹੀਂ ਮਿਲਣੀ। ਸਵਾਰੀ ਕੀ ਹੈ? ਸਾਹ –

*ਕਹੈ ਕਬੀਰੁ ਸੁਨਹੁ ਰੇ ਸੰਤਹੁ*
*ਇਹੁ ਮਨੁ ਉਡਨ ਪੰਖੇਰੂ ਬਨ ਕਾ ॥ ਅੰਗ– ੧੨੫੩*

ਬੰਨ੍ਹ ਲਿਆ ਇਹਨੂੰ।

*ਓਟ ਗੋਵਿੰਦ ਗੋਪਾਲ ਰਾਇ ਸੇਵਾ ਸੁਆਮੀ ਲਾਹੁ ॥*
*ਬਿਖਿਆ ਪੋਹਿ ਨ ਸਕਈ ਮਿਲਿ ਸਾਧੂ ਗੁਣ ਗਾਹੁ ॥*
*ਅੰਗ – ੧੩੫*

ਜਦੋਂ ਓਟ ਲੈ ਲਈ ਤੇ ਸੇਵਾ ਸਿਮਰਨ ਦਾ ਲਾਭ ਲਿਆ। ਫੇਰ –

*ਗੁਨ ਗਾਵਤ ਤੇਰੀ ਉਤਰਸਿ ਮੈਲੁ ॥ ਅੰਗ – ੨੮੯*
*ਜਹ ਤੇ ਉਪਜੀ ਤਹ ਮਿਲੀ ਸਚੀ ਪ੍ਰੀਤਿ ਸਮਾਹੁ ॥*
*ਅੰਗ – ੧੩੫*

ਉਥੇ ਇਹ ਆਤਮਾ ਦਾ ਸਫਰ ਅਨੰਤ ਹੈ। ਚਲਦੀ ਰਹਿੰਦੀ ਹੈ, ਜੀਵ ਸਰੀਰ ਰੂਪੀ ਕੱਪੜੇ ਬਦਲਦਾ ਰਹਿੰਦਾ ਹੈ। ਇਹਦਾ ਸਫਰ ਐਨਾ ਲੰਮਾ ਹੈ। ਆਤਮਾ ਤਾਂ ਮਰਦੀ ਹੀ ਨਹੀਂ। ਵਿਛੋੜੇ ਸਰੀਰਾਂ ਦੇ ਨੇ। ਆਤਮਾ ਅਮਰ ਹੈ, ਅਨੰਤ 'ਚ ਕਿਵੇਂ ਪਹੁੰਚੇਗੀ –

*ਸੰਤ ਅਨੰਤਹਿ ਅੰਤਰੁ ਨਾਹੀ॥ ਅੰਗ – ੪੮੬*

ਉਹਨਾਂ ਦੇ ਵਿਚ ਤੇ ਪ੍ਰਮੇਸ਼ਰ ਵਿਚ ਕੀ ਫਰਕ ਰਹਿ ਗਿਆ –

*ਕਰੁ ਗਹਿ ਲੀਨੀ ਪਾਰਬ੍ਰਹਮਿ ਬਹੁੜਿ ਨ ਵਿਛੁੜੀਆਹੁ ॥*
*ਅੰਗ– ੧੩੫*

'ਕਰੁ' ਕਹਿੰਦੇ ਨੇ, ਕਾਰ ਸੇਵਾ, ਹੱਥਾਂ ਨੂੰ, ਜਿਹੜੇ ਬਖਸ਼ਿਸ਼ ਭਰਪੂਰ ਹੱਥ ਰੱਖ ਦਿਤੇ ਸੀਸ 'ਤੇ ਉਹ ਆਪਣੇ ਨਾਲ ਗੁਰੂ ਨੇ ਜੋੜ ਲਏ। ਕਿੱਡੀ ਬਖਸ਼ਿਸ਼ ਹੋ ਗਈ ਫੇਰ ਵਿਛੋੜਾ ਨਹੀਂ, ਵਿਛੋੜਾ ਕੀਹਨੂੰ ਹੈ? ਜਿਹੜੀ 'ਮੈਂ' ਹੈ, ਇਹਨੂੰ ਤਾਂ ਖਤਮ ਕਰਨਾ ਹੈ। 'ਮੈਂ' ਨੂੰ 'ਤੂੰ' 'ਚ ਬਦਲ ਦੇਣਾ, ਉਥੇ ਜਾ ਕੇ ਫੇਰ ਤੂੰ ਹੀ, ਤੂੰ ਹੀ ਰਹਿ ਜਾਂਦੈ –

*ਮੈ ਨਾਹੀ ਪ੍ਰਭ ਸਭੁ ਕਿਛੁ ਤੇਰਾ ॥ ਈਘੈ ਨਿਰਗੁਨ ਊਘੈ*
*ਸਰਗੁਨ ਕੇਲ ਕਰਤ ਬਿਚਿ ਸੁਆਮੀ ਮੇਰਾ ॥*
*ਅੰਗ – ੮੨੭*

ਫੇਰ ਸਾਰੇ ਹੀ ਸਰਗੁਨ ਨਿਰਗੁਨ ਨਿਰੰਕਾਰ ਉਹ ਖੇਡਦਾ ਨਜ਼ਰ ਆ ਜਾਂਦਾ ਹੈ –

*ਸੋ ਅੰਤਰਿ ਸੋ ਬਾਹਰਿ ਅਨੰਤ ॥*
*ਘਟਿ ਘਟਿ ਬਿਆਪਿ ਰਹਿਆ ਭਗਵੰਤ ॥ ਅੰਗ – ੨੯੩*

ਹੁਣ ਅੱਗੇ ਫੇਰ ਹੁਕਮ ਕੀ ਆਉਂਦਾ ਹੈ। ਓਹੀ ਬਾਰ–ਬਾਰ ਕਿ ਇਸ ਦਰ 'ਤੇ ਜਿਹੜਾ ਆ ਕੇ ਝੁਕ ਗਿਆ। ਉਹ ਸੱਜਣ ਹੈ, ਉਹਦੀ ਅਗੰਮਤਾ ਦਾ ਕੋਈ ਅਨੁਮਾਨ ਨਹੀਂ। ਉਸ ਤੋਂ ਬਲਿਹਾਰੇ ਜਾਈਏ –

*ਬਾਰਿ ਜਾਉ ਲਖ ਬੇਰੀਆ ਹਰਿ ਸਜਣੁ ਅਗਮ ਅਗਾਹੁ ॥*
*ਸਰਮ ਪਈ ਨਾਰਾਇਣੈ ਨਾਨਕ ਦਰਿ ਪਈਆਹੁ ॥*
*ਪੋਖੁ ਸੁੋਹੰਦਾ ਸਰਬ ਸੁਖ ਜਿਸੁ ਬਖਸੇ ਵੇਪਰਵਾਹੁ ॥*
*ਅੰਗ– ੧੩੫*

'ਵਾਹਿਗੁਰੂ–ਵਾਹਿਗੁਰੂ' ਸਿਮਰਨ ਕਰਿਆ ਕਰੋ। ਇਹਦੇ ਵਾਸਤੇ ਲੋੜ ਹੈ ਏਕਾਂਤ ਦੀ। ਸੋ ਅੰਮ੍ਰਿਤ ਵੇਲੇ ਉਠੋ ਤੇ ਸਵਾਸ ਨਾਲ ਵਾਹਿਗੁਰੂ ਦਾ ਸਿਮਰਨ ਕਰੋ। ਸੋ ਇਸੇ ਕਰਕੇ ਜੰਗਲ ਬੇਲਿਆਂ 'ਚ ਮਹਾਂਪੁਰਸ਼ ਜਾਂਦੇ ਨੇ। ਉਥੇ ਜੰਗਲਾਂ 'ਚ ਮੰਗਲ ਹੋ ਜਾਂਦੇ ਨੇ। ਰਤਵਾੜਾ ਸਾਹਿਬ ਨਦੀ ਕਿਨਾਰੇ ਕੁਟੀਆਂ ਬਣਾਈਆਂ ਕਿ ਏਕਾਂਤ ਵਿਚ ਬੈਠ ਕੇ ਨਾਮ ਜਪਣ। ਸਤਲੁਜ ਦੇ ਕਿਨਾਰੇ ਵੀ ਕੁਟੀਆਂ ਬਣਾ ਦਿਤੀਆਂ ਹਨ। ਉਥੇ ਸਾਧਨ ਸਤਿਗੁਰੂ ਪੈਦਾ ਕਰਦੇ ਨੇ ਕਿ ਕਿਸੇ ਨਾ ਕਿਸੇ ਤਰ੍ਹਾਂ ਐਸਾ ਮਾਹੌਲ ਮਿਲ ਜਾਵੇ ਜਿਥੇ ਨਾਮ ਜਪਿਆ ਜਾ ਸਕੇ। ਸੋ ਆਪੇ ਹੀ ਉਥੇ ਭਾਗ ਲਗ ਜਾਂਦੇ ਨੇ –

*ਜਿਥੈ ਬੈਸਨਿ ਸਾਧ ਜਨ ਸੋ ਥਾਨੁ ਸੁਹੰਦਾ ॥ ਅੰਗ – ੩੧੯*

ਸੋ ਜਗ੍ਹਾ ਲੱਭੋ, ਇਕਾਂਤ ਵਿਚ ਬੈਠ ਕੇ ਅਭਿਆਸ ਜ਼ਰੂਰ ਕਰੋ। ਫੇਰ ਅੰਦਰ ਦਾ ਰਸਤਾ ਖੁਲ੍ਹਦਾ ਹੈ। ਨਹੀਂ ਤਾਂ ਸੁਰਤ ਬਾਹਰ ਨੂੰ ਦੌੜੀ ਫਿਰਦੀ ਹੈ। ਨੌਂ ਦਰਵਾਜ਼ੇ ਸਰੀਰ ਦੇ ਬਾਹਰ ਨੂੰ ਹੀ ਖੁਲ੍ਹਦੇ ਨੇ। ਇਕੋ ਹੀ ਦਰਵਾਜ਼ਾ ਹੈ ਜਿਹੜਾ ਅੰਦਰ ਨੂੰ ਖੁਲ੍ਹਦਾ ਹੈ। ਉਹ ਵੀ –

*ਬਜਰ ਕਪਾਟ ਨ ਖੁਲਨੀ ਗੁਰ ਸਬਦਿ ਖੁਲੀਜੈ ॥*
*ਅੰਗ – ੯੫੪*

ਜਦੋਂ ਏਕਾਂਤ ਵਿਚ ਉਹਨੂੰ ਅਵਾਜ਼ ਦੇਵਾਂਗੇ ਤਾਂ ਜ਼ਰੂਰ ਬਖਸ਼ਿਸ਼ ਹੋਵੇਗੀ ਕਿਉਂਕਿ ਮਹਾਂਪੁਰਸ਼ਾਂ ਨੇ ਤਾਂ ਕਿੱਡੀ ਹੀ ਹਨ੍ਹੇਰੀ ਲਿਆ ਦਿਤੀ –

*ਦੇਖੌ ਭਾਈ ਗਿਆਨ ਕੀ ਆਈ ਆਂਧੀ।*

ਐਸੀ ਹਨ੍ਹੇਰੀ ਗਿਆਨ ਦੀ ਲਿਆਂਦੀ ਕਿ ਸਾਰੇ ਭਰਮ ਚੁੱਕ ਦਿਤੇ। ਸੋ ਆਓ! ਸਮਾਂ ਇਜਾਜ਼ਤ ਨਹੀਂ ਦਿੰਦਾ।

*ਵਾਹਿਗੁਰੂ ਜੀ ਕਾ ਖ਼ਾਲਸਾ। ਵਾਹਿਗੁਰੂ ਜੀ ਕੀ ਫ਼ਤਹਿ।*

# ਗੁਰਬਾਣੀ ਅਰਥ ਭੰਡਾਰ

*ਸੰਤ ਹਰੀ ਸਿੰਘ ਜੀ 'ਰੰਧਾਵੇ' ਵਾਲੇ*

**ਸਲੋਕ ਮਃ ੧ ॥**

**ਕੁਦਰਤਿ ਕਰਿ ਕੈ ਵਸਿਆ ਸੋਇ ॥**

ਆਪਣੀ ਕੁਦਰਤਿ=ਸ਼ਕਤੀ ਦੁਆਰਾ ਸ੍ਰਿਸ਼ਟੀ ਨੂੰ ਕਰਿ ਕੈ=ਰਚ ਕਰਕੇ ਸੋਇ=ਉਹ ਪਰਮੇਸ਼ਰ ਇਸ ਵਿਚ ਵਸਿਆ ਹੋਇਆ ਹੈ।

**ਵਖਤੁ ਵੀਚਾਰੇ ਸੁ ਬੰਦਾ ਹੋਇ ॥**

ਉਸ ਪਰਮੇਸ਼ਰ ਦੇ ਮਿਲਣ ਦਾ ਵਖਤੁ=ਸਮਾਂ ਜੋ ਵਿਚਾਰ ਲਵੇ, ਸੁ=ਉਹ ਹੀ ਬੰਦਾ ਹੁੰਦਾ ਹੈ।

**ਕੁਦਰਤਿ ਹੈ ਕੀਮਤਿ ਨਹੀ ਪਾਇ ॥**

ਪਰਮੇਸ਼ਰ ਦੀ ਕੁਦਰਤਿ=ਸ਼ਕਤੀ ਤਾਂ ਜ਼ਰੂਰ ਹੈ ਪਰੰਤੂ ਉਸ ਦੀ ਕੀਮਤ ਪਾਇ=ਪਾਈ ਨਹੀਂ ਜਾ ਸਕਦੀ, ਕਿਉਂਕਿ ਪਰਮੇਸ਼ਰ ਆਪ ਹੀ ਬੇਕੀਮਤਾ ਹੈ ਤੇ ਉਸ ਦੀ ਕੁਦਰਤ ਵੀ ਬੇਕੀਮਤੀ ਹੈ, ਭਾਵ ਦੋਨੋਂ ਹੀ ਅਸਚਰਜ ਸਰੂਪ ਹਨ, ਜਿਸ ਦੀ ਬਾਬਤ ਕੋਈ ਵੀ ਅੱਖਰ ਕਹੇ ਨਹੀਂ ਜਾ ਸਕਦੇ।

**ਜਾ ਕੀਮਤਿ ਪਾਇ ਤ ਕਹੀ ਨ ਜਾਇ ॥**

ਜਾ=ਜੇਕਰ ਤੱਤ ਬੇਤੇ ਮਹਾਂਪੁਰਖ ਪਰਮੇਸ਼ਰ ਦੀ ਪ੍ਰਾਪਤੀ ਰੂਪ ਕੀਮਤਿ ਪਾਇ=ਪਾ ਵੀ ਲੈਣ ਤ=ਤਾਂ ਵੀ ਉਹਨਾਂ ਦੇ ਕੋਲੋਂ ਪ੍ਰਭੂ ਦੀ ਕੀਮਤ ਕਹੀ=ਕਥਨ ਨ=ਨਹੀਂ ਕੀਤੀ ਜਾਇ=ਜਾਂਦੀ। ਜਦੋਂ ਕੀਮਤ ਪਾ ਲਈ ਤਾਂ ਤੱਤ ਬੇਤੇ ਮਿਥਿਆ ਕਰਕੇ ਨਿਸਚੇ ਕਰ ਲੈਂਦੇ ਹਨ। ਕਹੀ ਨ ਜਾਇ=ਫਿਰ ਉਹ ਕਹਿਣ ਵਿਚ ਨਹੀਂ ਆ ਸਕਦੀ ਭਾਵ ਚੁੱਪ ਹੀ ਹੋਣਾ ਪੈਂਦਾ ਹੈ। ਪਰਮੇਸ਼ਰ ਦੇ ਸਰੂਪ ਨੂੰ ਕੀ ਕਿਹਾ ਜਾ ਸਕਦਾ ਹੈ, ਉਸ ਨੂੰ ਨਿਸਚੇ ਕਰਕੇ ਵੱਖਰਾ ਨਹੀਂ ਕਿਹਾ ਜਾ ਸਕਦਾ। ਜਦੋਂ ਕੀਮਤ ਪਾਈ ਜਾਂਦੀ ਹੈ ਤਾ ਹੋਰ ਰੂਪ ਕਰਕੇ ਕਹੀ ਨਹੀਂ ਜਾ ਸਕਦੀ।

**ਸਰੈ ਸਰੀਅਤਿ ਕਰਹਿ ਬੀਚਾਰੁ ॥**

ਹੇ ਭਾਈ! ਜਿਹੜਾ ਪੈਗੰਬਰਾਂ ਦਾ ਸਰੀਅਤਿ=ਕਰਮ ਕਾਂਡ ਦਾ ਤਰੀਕਾ ਹੈ, ਉਸ ਸਰੈ=ਰਸਤੇ ਵਿਚ ਚੱਲਣ ਵਾਲੇ, ਸ਼ਰ੍ਹਾ ਦੀਆਂ ਵੀਚਾਰਾਂ ਕਰਹਿ=ਕਰਦੇ ਰਹਿੰਦੇ ਹਨ, ਵਾ: ਸ਼ਰ੍ਹਾ ਸ਼ਰੀਅਤਿ ਦੀਆਂ ਕਿਤਾਬਾਂ ਦੁਆਰਾ ਵਿਚਾਰਾਂ ਕਰਕੇ ਅਨੇਕਾਂ ਪ੍ਰਕਾਰ ਦੇ ਨਿਰਣੇ ਕਰਦੇ ਰਹਿੰਦੇ ਹਨ।

**ਬਿਨੁ ਬੂਝੇ ਕੈਸੇ ਪਾਵਹਿ ਪਾਰੁ ॥**

ਜਿੰਨਾ ਚਿਰ ਖੁਦਾ ਨੂੰ ਅਤੇ ਖੁਦਾ ਦੇ ਗਿਆਨ ਨੂੰ ਬੂਝੇ=ਸਮਝ ਨਹੀਂ ਲੈਂਦੇ, ਉਤਨਾ ਚਿਰ ਕੈਸੇ=ਕਿਵੇਂ ਸੰਸਾਰ ਤੋਂ ਪਾਰ ਲੰਘਣਾ ਪਾਵਹਿ=ਪਾਵੋਗੇ ਵਾ: ਗੁਰੂ ਤੋਂ ਪੁੱਛੇ ਬਗੈਰ ਸ਼ਰਾ ਕਰਕੇ ਪਰਮੇਸ਼ਰ ਦੇ ਪਾਰਾਵਾਰ ਨੂੰ ਕਿਵੇਂ ਪਾ ਸਕਦੇ ਹੋ ਭਾਵ ਨਹੀਂ ਪਾ ਸਕਦੇ।

**ਸਿਦਕੁ ਕਰਿ ਸਿਜਦਾ ਮਨੁ ਕਰਿ ਮਖਸੂਦੁ ॥**

ਸਿਦਕੁ=ਭਰੋਸਾ ਕਰਨ ਰੂਪ ਹੀ ਖੁਦਾ ਨੂੰ ਸਿਜਦਾ ਕਰਿ=ਕਰੋ ਅਤੇ ਮਨ ਨੂੰ ਪਰਮੇਸ਼ਰ ਦੇ ਨਾਮ ਦਾ ਮਖਸੂਦੁ=ਲਾਭ ਲੈਣ ਵਾਲਾ ਬਣਾਉਣਾ ਕਰਿ=ਕਰੋ।

**ਜਿਹ ਧਿਰਿ ਦੇਖਾ ਤਿਹ ਧਿਰਿ ਮਉਜੂਦੁ ॥੧॥**

ਫਿਰ ਜਿਹ=ਜਿਸ ਧਿਰਿ=ਤਰਫ਼ ਦੇਖੋਗੇ, ਤਿਹ=ਉਸ ਧਿਰਿ=ਤਰਫ਼ ਪਰਮੇਸ਼ਰ ਮਉਜੂਦੁ=ਇਸਥਿਰ ਪ੍ਰਤੀਤ ਹੋਵੇਗਾ। ਜੇਕਰ ਉਸ ਦੇ ਨਾਮ ਦੀ ਟੇਕ ਪਕੜਾਂਗੇ ਤਾਂ ਮਨ ਹੋਰ ਪਾਸੇ ਤੋਂ ਉਡਣੋਂ ਹਟ ਜਾਵੇਗਾ। ਇਸ ਪ੍ਰਕਾਰ ਜਿਸ ਧਿਰਿ=ਤਰਫ਼ ਦੇਖੋਗੇ, ਉਸ ਪਾਸੇ ਇਸਥਿਤ ਰੂਪ ਪਰਮੇਸ਼ਰ ਹੀ ਦਿਸੇਗਾ।

**ਮਃ ੩ ॥**

**ਗੁਰ ਸਭਾ ਏਵ ਨ ਪਾਈਐ ਨਾ ਨੇੜੈ ਨਾ ਦੂਰਿ ॥**

ਗੁਰੂ ਦੀ ਸਭਾ ਪ੍ਰੇਮ ਦੇ ਸਹਿਤ ਪ੍ਰਾਪਤ ਹੋਣ ਵਾਲੀ ਹੈ। ਏਵ=ਇਸ ਤੋਂ ਬਿਨਾਂ ਨ ਪਾਈਐ=ਨਹੀਂ ਪਾਈ ਜਾ ਸਕਦੀ। ਨਾ ਹੀ ਸਰੀਰਕ ਤੌਰ 'ਤੇ ਨੇੜੈ=ਨਜ਼ਦੀਕ ਰਹਿਣ ਕਰਕੇ ਅਤੇ ਨਾ ਹੀ ਦੂਰ ਰਹਿਣ ਕਰਕੇ ਪਾਈ ਜਾ ਸਕਦੀ ਹੈ ਅਥਵਾ ਗੁਰੂ ਸਾਹਿਬ ਜੀ ਦਾ ਸਭਾ=ਸਿਧਾਂਤ, ਗਿਆਨ, ਪ੍ਰੇਮ ਏਵ=ਇਸ ਤਰ੍ਹਾਂ ਨਹੀਂ ਪਾਈਦਾ ਨਾ ਹੀ ਸਰੀਰ ਕਰਕੇ ਨੇੜੇ ਰਹਿਣ ਨਾਲ ਅਤੇ ਨਾ ਹੀ ਦੂਰ ਰਹਿਣ ਕਰਕੇ ਪਾਈਦਾ ਬਲਕਿ ਗੁਰੂ ਦੀ ਆਗਿਆ ਪਾਲਣ ਕਰ ਕੇ ਪਾਈਦਾ ਹੈ।

**ਨਾਨਕ ਸਤਿਗੁਰੁ ਤਾਂ ਮਿਲੈ**
**ਜਾ ਮਨੁ ਰਹੈ ਹਦੂਰਿ ॥੨॥**

ਸਤਿਗੁਰੂ ਜੀ ਕਥਨ ਕਰਦੇ ਹਨ ਕਿ ਸਤਿਗੁਰਾਂ ਦੀ ਸਭਾ ਵਿਚ ਵਾ: ਸਿਧਾਂਤ, ਗਿਆਨ, ਪ੍ਰੇਮ ਵਿਚ

*(ਬਾਕੀ ਪੰਨਾ 55 'ਤੇ)*

# ਜਨ ਪਰਉਪਕਾਰੀ ਆਏ
## (ਸਚਖੰਡ ਵਾਸੀ ਪਿਆਰੇ ਮਹਾਂਪੁਰਸ਼ ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਅਤੇ ਸਤਿਕਾਰਯੋਗ ਮਾਤਾ ਰਣਜੀਤ ਕੌਰ ਜੀ)

*ਪ੍ਰੋ. ਗੁਰਦੇਵ ਸਿੰਘ*

*(ਲੜੀ ਜੋੜਨ ਲਈ ਦੇਖੋ, ਨਵੰਬਰ ਅੰਕ, ਪੰਨਾ-59)*

ਇਸ ਅਲੌਕਿਕ ਘਟਨਾ ਬਾਰੇ ਆਪ ਜੀ (ਸੰਤ ਵਰਿਆਮ ਸਿੰਘ ਜੀ) ਕਈ ਵੇਰਾਂ ਸੰਗਤਾਂ ਨੂੰ ਇਸ ਤਰ੍ਹਾਂ ਨਾਲ ਦਸਿਆ ਕਰਦੇ ਸਨ। ਕਹਿਣ ਲੱਗੇ ਕਿ ਸੰਤ ਮਹਾਰਾਜ ਜੀ ਦੇ ਬਚਨਾਂ ਦਾ ਕ੍ਰਿਸ਼ਮਾ ਵਰਤਿਆ। ਜਿਸ ਵੇਲੇ ਬੀਜੀ ਨਾਲ ਬਚਨ ਕੀਤਾ ਉਸੇ ਵੇਲੇ ਮੇਰੀ ਸਮਾਧੀ ਖੁਲ੍ਹ ਗਈ, ਮੈਂ ਇਕਾਗਰਤਾ ਨਾਲ ਧਿਆਨ ਲਾਇਆ ਕਰਾਂ ਤੇ ਮੇਰਾ ਧਿਆਨ ਇਕ ਦਮ ਕੱਟ ਦਿਆ ਕਰਨ। ਮੇਰੇ ਦਿਲ ਨੂੰ ਐਸੀ ਅਗਮ ਧੂਹ ਪਈ ਕਿ ਅੰਦਰ ਖਿੱਚ ਪੈਣੀ ਸ਼ੁਰੂ ਹੋ ਗਈ, ਮੈਂ ਸਮਝ ਗਿਆ ਕਿ ਕੋਈ ਅਗੰਮੀ ਸ਼ਕਤੀ ਖਿੱਚ ਰਹੀ ਹੈ। ਘੰਟਿਆਂ ਬੱਧੀ ਜੁੜੀ ਹੋਈ ਲਿਵ ਇਕ ਦਮ ਟੁੱਟ ਗਈ। ਮੈਂ ਅਨੁਭਵ ਕਰ ਲਿਆ ਕਿ ਸੰਤ ਮਹਾਰਾਜ ਜੀ ਦੇ ਬੁਲਾਵੇ ਦਾ ਸੁਨੇਹਾ ਮੈਨੂੰ ਟੈਲੀਪੈਥੀ ਦੁਆਰਾ ਪੁੱਜ ਗਿਆ ਕਿ ਹੁਣੇ ਰਾੜਾ ਸਾਹਿਬ ਆ ਜਾਓ। ਮੈਂ ਉਸੇ ਵੇਲੇ ਕਛਹਿਰਾ ਪਰਨਾ ਚੁੱਕਿਆ, ਤੇਜ ਕਦਮੀ ਨਾਲ ਮੰਜ਼ਲ ਤੇ ਪਹੁੰਚ ਗਿਆ ਤੇ ਉਥੋਂ ਪਤਾ ਲੱਗਾ ਕਿ ਸਾਡੇ ਨਗਰ ਧਮੋਟ ਵਿਖੇ ਦੀਵਾਨ ਲਾਉਣ ਗਏ ਹੋਏ ਹਨ। ਉਥੋਂ ਸਿੱਧਾ ਦੀਵਾਨ ਵਿਚ ਪਹੁੰਚ ਗਿਆ ਜਿਥੇ ਸੰਤ ਮਹਾਰਾਜ ਜੀ ਸੰਗਤਾਂ ਦੇ ਭਾਰੀ ਇਕੱਠ ਨੂੰ ਰੂਹਾਨੀ ਕੀਰਤਨ ਦੁਆਰਾ ਸ਼ਰਸਾਰ ਕਰ ਰਹੇ ਸਨ। ਮੈਂ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਅੱਗੇ ਮੱਥਾ ਟੇਕ ਕੇ ਖੜ੍ਹਾ ਹੋ ਗਿਆ ਤੇ ਸੰਤ ਮਹਾਰਾਜ ਜੀ ਨੇ ਹੱਥ ਦਾ ਇਸ਼ਾਰਾ ਕਰਕੇ ਅੱਗੇ ਜਥੇ ਕੋਲ ਬੈਠਣ ਦਾ ਹੁਕਮ ਕੀਤਾ। ਦੀਵਾਨ ਦੀ ਸਮਾਪਤੀ, ਅਰਦਾਸ ਉਪਰੰਤ ਸੰਤ ਮਹਾਰਾਜ ਜੀ ਮੈਨੂੰ ਬੜੇ ਪਿਆਰ ਨਾਲ ਮੇਰਾ ਹੱਥ ਫੜ ਕੇ ਪਿਛਲੇ ਪਾਸੇ ਇਕਾਂਤ ਵਿਚ ਲੈ ਗਏ। ਮੈਨੂੰ ਪੁੱਛਣ ਲੱਗੇ ਕਿ ਐਸ ਵੇਲੇ ਕਿਥੋਂ ਆ ਰਹੇ ਹੋ? ਮੈਂ ਦੱਸਿਆ ਹਜ਼ੂਰ! ਮੈਂ ਜਵਾਹਰ ਕੀ ਕੋਠੀ, ਮਾਨਸਾ ਨੇੜੇ ਕਪਾਹੀਆਂ ਦੇ ਜੰਗਲ ਵਿਚ ਬੈਠਾ ਭਜਨ ਕਰ ਰਿਹਾ ਸੀ ਪਰ ਆਪ ਜੀ ਨੇ ਐਨੀ ਖਿੱਚ ਪਾਈ ਕਿ ਮੈਂ ਉਸੇ ਵੇਲੇ ਤੁਰ ਕੇ ਸਿੱਧਾ ਆਪ ਜੀ ਪਾਸ ਪਹੁੰਚਿਆ ਹਾਂ। ਉਸ ਵੇਲੇ ਆਪ ਜੀ ਨੇ ਭਜਨ ਦੀਆਂ ਅੰਦਰੂਨੀ ਅਵਸਥਾਵਾਂ ਬਾਰੇ ਸਵਾਲ ਕੀਤੇ ਅਤੇ ਸਾਰਾ ਕੁਝ ਸੁਣ ਕੇ ਬਹੁਤ ਪ੍ਰਸੰਨ ਹੋਏ। ਬਚਨ ਕੀਤਾ ਕਿ ਛੇ ਮਹੀਨੇ ਤਪ ਕਰਕੇ ਤੁਸੀਂ ਅਭੇਦ ਅਵਸਥਾ ਨੂੰ ਪ੍ਰਾਪਤ ਕਰ ਲਿਆ ਹੈ ਜਿਥੇ ਜਾ ਕੇ ਕੇਵਲ ਪਾਰਬ੍ਰਹਮ-ਪ੍ਰਮੇਸ਼ਰ ਤੋਂ ਬਿਨਾਂ ਦੂਜਾ ਨਜ਼ਰ ਨਹੀਂ ਆਇਆ ਕਰਦਾ ਜਿਵੇਂ ਪਵਿੱਤਰ ਫੁਰਮਾਨ ਹੈ -

*ਬ੍ਰਹਮੁ ਦੀਸੈ ਬ੍ਰਹਮੁ ਸੁਣੀਐ ਏਕੁ ਏਕੁ ਵਖਾਣੀਐ ॥*
*ਆਤਮ ਪਸਾਰਾ ਕਰਣਹਾਰਾ ਪ੍ਰਭ ਬਿਨਾ ਨਹੀ ਜਾਣੀਐ ॥*
*ਅੰਗ - ੮੪੬*

ਆਪ ਦੇ ਅੰਤਰ ਆਤਮੇ ਪੂਰਨ ਬ੍ਰਹਮ ਦਾ ਪਸਾਰਾ ਸਮਾ ਗਿਆ ਹੈ ਤੇ ਇਸ ਵਿਚ ਜੋ ਕੁਝ ਵੀ ਦੇਖਦੇ, ਸੁਣਦੇ ਹੋ, ਸਭ ਪ੍ਰਭੂ ਦੀ ਪ੍ਰਤੱਖ ਖੇਡ ਨਜ਼ਰ ਆ ਰਹੀ ਹੈ। ਇਸ ਨੂੰ ਮਨ ਦੀ ਨਿਰੁਧਤਾ, ਸਹਿਜ ਅਵਸਥਾ ਦੀ ਪ੍ਰਾਪਤੀ, ਜੀਵ ਤੇ ਬ੍ਰਹਮ ਦਾ ਮੇਲ ਜਾਂ ਰੂਹ ਅਤੇ ਖੁਦਾ ਦਾ ਮੇਲ ਵੀ ਕਹਿੰਦੇ ਹਨ। ਇਸ ਅਵਸਥਾ ਨੂੰ ਚੌਥੇ ਪਦ ਦੀ ਪ੍ਰਾਪਤੀ ਵੀ ਕਹਿੰਦੇ ਹਨ।

*ਜਹ ਜਹ ਪੇਖਉ ਤਹ ਹਜੂਰਿ ਦੂਰਿ ਕਤਹੁ ਨ ਜਾਈ ॥*
*ਰਵਿ ਰਹਿਆ ਸਰਬਤ੍ਰ ਮੈ ਮਨ ਸਦਾ ਧਿਆਈ ॥*
*ਅੰਗ - ੬੭੭*

ਇਸ ਤਰ੍ਹਾਂ ਦੇ ਬਚਨ ਦੁਆਰਾ ਸੰਤ ਮਹਾਰਾਜ ਜੀ ਨੇ ਆਪਣੀ ਕ੍ਰਿਪਾ ਦ੍ਰਿਸ਼ਟੀ ਦੁਆਰਾ ਨਦਰੋ-ਨਦਰੀਂ ਨਿਹਾਲ ਕਰ ਦਿਤਾ। ਅਨੁਭਵੀ ਪ੍ਰਕਾਸ਼ ਦੁਆਰਾ ਐਸੇ ਰੱਬੀ ਝਲਕਾਰੇ ਵਜਣੇ ਸ਼ੁਰੂ ਹੋ ਗਏ।

*ਗੁਰਹਿ ਦਿਖਾਇਓ ਲੋਇਨਾ ॥ ੧ ॥ ਰਹਾਉ ॥*
*ਈਤਹਿ ਊਤਹਿ ਘਟਿ ਘਟਿ ਘਟਿ ਘਟਿ*
*ਤੂੰਹੀ ਤੂੰਹੀ ਮੋਹਿਨਾ ॥* *ਅੰਗ - ੪੦੭*

ਮਹਾਂਪੁਰਸ਼ ਕਹਿਣ ਲੱਗੇ ਕਿ ਜਿਸ ਤਰ੍ਹਾਂ ਨਾਲ ਕਮਲ ਦਾ ਫੁੱਲ ਪਾਣੀ ਤੋਂ ਉਪਰ ਉਠ ਕੇ ਲਟਾ-ਲਟ ਬਲਦੇ ਚਮਕਦੇ ਸੂਰਜ ਦੇ ਧਿਆਨ ਵਿਚ ਮਗਨ ਰਹਿੰਦਾ ਹੈ। ਪਾਣੀ ਦੀਆਂ ਲਹਿਰਾਂ ਦਾ ਵੀ ਉਸ ਤੇ ਕੋਈ ਅਸਰ ਨਹੀਂ ਹੁੰਦਾ। ਇਸੇ ਤਰ੍ਹਾਂ ਗੁਰਸਿੱਖ ਮਾਇਆ ਤੋਂ ਨਿਰਲੇਪ ਰਹਿ ਕੇ, ਸੁਰਤਿ ਵਿਚ 'ਵਾਹਿਗੁਰੂ' ਨੂੰ ਵਸਾ ਕੇ ਹਮੇਸ਼ਾ ਆਪਣੇ ਪਰਮ-ਆਪੇ ਨਾਲ ਜੁੜਿਆ ਰਹਿੰਦਾ ਹੈ। ਇਸ ਤਰੀਕੇ ਨਾਲ ਉਹ ਸੰਸਾਰ ਭਵ-ਸਾਗਰ ਤੋਂ ਪਾਰ ਹੋ ਜਾਂਦਾ ਹੈ।

*ਜੈਸੇ ਜਲ ਮਹਿ ਕਮਲੁ ਨਿਰਾਲਮੁ ਮੁਰਗਾਈ ਨੈ ਸਾਣੇ ॥*
*ਸੁਰਤਿ ਸਬਦਿ ਭਵ ਸਾਗਰੁ ਤਰੀਐ ਨਾਨਕ ਨਾਮੁ ਵਖਾਣੇ॥*
*ਅੰਗ - ੯੩੮*

ਇਸੇ ਕਰਕੇ ਅਸੀਂ ਤੁਹਾਨੂੰ ਕਿਸੇ ਵਿਸ਼ੇਸ਼ ਕਾਰਜ ਵਾਸਤੇ ਬੁਲਾਇਆ ਹੈ ਜੋ ਤੁਸੀਂ ਗ੍ਰਿਹਸਤ ਧਰਮ ਨੂੰ ਨਿਭਾ ਕੇ ਇਸ ਜਨਮ ਵਿਚ ਹੀ ਪੂਰਾ ਕਰਨਾ ਹੈ। ਧਿਆਨ ਨਾਲ ਸੁਣ ਕੇ ਇਸ ਨੂੰ ਕਮਾਉਣਾ ਕਰੋ।

ਅਸੀਂ ਤੁਹਾਡੇ ਘਰ ਵਿਖੇ ਗਏ ਸੀ ਤੇ ਉਥੋਂ ਪਤਾ ਲੱਗਿਆ ਕਿ ਤੁਸੀਂ ਕਿਧਰੇ ਦੂਰ ਜਾ ਕੇ ਸਾਧਨਾ ਕਰ ਰਹੇ ਹੋ। ਇਹ ਤਪ-ਸਾਧਨਾ ਤਾਂ ਗ੍ਰਿਹਸਤ ਵਿਚ ਭਾਵ ਮਾਇਆ ਵਿਚ ਉਦਾਸੀ ਧਾਰ ਕੇ ਵੀ ਕੀਤੀ ਜਾ ਸਕਦੀ ਹੈ। ਤੁਹਾਡੀ ਧਰਮ ਸੁਪਤਨੀ ਬੀਬੀ ਰਣਜੀਤ ਕੌਰ ਆਤਮ ਵਿਸ਼ਵਾਸ਼ ਦੀ ਮੂਰਤ ਤੇ ਸਤਵੰਤੀ ਹੈ। ਜਦੋਂ ਤੁਸੀਂ ਪਿਛਲੇ ਤੋਂ ਪਿਛਲੇ ਜਨਮ ਵਿਰਕਤ ਸਾਧੂ ਦੇ ਰੂਪ ਵਿਚ ਸ਼ਿਵਾਲਿਕ ਦੀਆਂ ਪਹਾੜੀਆਂ ਵਿਚ ਤਪ ਕਰਦੇ ਸੀ ਉਸ ਵੇਲੇ ਇਹ ਬੀਬੀ ਤੁਹਾਡੇ ਜਲ-ਪਾਣੀ, ਲੰਗਰ ਆਦਿ ਦੀ ਸੇਵਾ ਕਰਿਆ ਕਰਦੀ ਸੀ। ਤੁਸੀਂ ਫੁਰਨਾ ਕੀਤਾ ਕਿ ਭਗਤੀ ਤਾਂ ਗ੍ਰਿਹਸਤ ਵਿਚ ਰਹਿ ਕੇ ਵੀ ਕੀਤੀ ਜਾ ਸਕਦੀ ਹੈ। ਇਸ ਫੁਰਨੇ ਦੁਆਰਾ ਹੀ ਇਸ ਜਨਮ ਵਿਚ ਆਪ ਦਾ ਸਬੰਧ ਇਸ ਬੀਬੀ ਨਾਲ ਜੁੜਿਆ ਹੈ। ਬਿਹਤਰ ਇਹੀ ਹੈ ਕਿ ਤੁਸੀਂ ਹੁਣ ਇਸ ਜਨਮ ਵਿਚ ਹੀ ਇਸ ਦਾ ਭੁਗਤਾਨ ਕਰੋ ਤੇ ਸੁਰਖਰੂ ਹੋ ਜਾਵੋ ਨਹੀਂ ਤਾਂ ਇਸ ਨੂੰ ਪੂਰਾ ਕਰਨ ਲਈ ਤੁਹਾਨੂੰ ਇਕ ਹੋਰ ਜਨਮ ਲੈਣਾ ਪਵੇਗਾ। ਸਾਨੂੰ ਭਲੀਭਾਂਤ ਪਤਾ ਹੈ ਕਿ ਤੁਸੀਂ ਜਮਾਂਦਰੂ ਸਾਧੂ ਹੋ ਤੇ ਤੁਸੀਂ ਬਚਪਨ 'ਚ ਸ਼ਾਦੀ ਹੋਣ 'ਤੇ ਵੀ ਕਦੀ ਗ੍ਰਿਹਸਤ ਦਾ ਕੋਈ ਵੀ ਐਸਾ ਫੁਰਨਾ ਨਹੀਂ ਕੀਤਾ। ਹੁਣ ਤੁਸੀਂ ਘਰ ਵਿਚ ਹੀ ਰਹਿ ਕੇ ਉਦਾਸੀ ਧਾਰਨ ਕਰੋ। ਆਪਣੇ ਘਰ ਨਿਵਾਸ ਅਸਥਾਨ ਨੂੰ ਹੀ ਜੰਗਲ ਸਮਝੋ ਜਿਵੇਂ ਕਿ ਦਸ਼ਮੇਸ਼ ਪਿਤਾ ਜੀ ਨੇ ਸੰਨਿਆਸੀ ਮਹਾਤਮਾ ਨੂੰ ਉਪਦੇਸ਼ ਕੀਤਾ ਹੈ -

*ਰੇ ਮਨ ਐਸੋ ਕਰਿ ਸੰਨਿਆਸਾ॥*
*ਬਨ ਸੇ ਸਦਨ ਸਬੈ ਕਰਿ ਸਮਝਹੁ*
*ਮਨ ਹੀ ਮਾਹਿ ਉਦਾਸਾ॥* *ਸ੍ਰੀ ਦਸਮ ਗ੍ਰੰਥ*

ਰਾਜਾ ਜਨਕ ਜੀ ਨੇ ਗ੍ਰਿਹਸਤ ਵਿਚ ਰਹਿੰਦਿਆਂ ਉਦਾਸੀ ਧਾਰਨ ਕੀਤੀ ਸੀ ਅਤੇ ਉਸ ਨੇ ਅਨੇਕਾਂ ਜਗਿਆਸੂਆਂ ਨੂੰ ਨਾਮ ਨਾਲ ਜੋੜ ਕੇ ਸੰਸਾਰ ਭਵਸਾਗਰ ਤੋਂ ਪਾਰ ਕੀਤਾ ਸੀ ਅਤੇ ਧਰਮਰਾਜੇ ਨੇ ਉਸ ਦੇ ਅੱਧੀ ਘੜੀ ਨਾਮ ਜਪਣ ਦੇ ਬਦਲੇ ਨਰਕਾਂ ਦੇ ਕੁੰਡ ਖਾਲੀ ਕਰ ਦਿਤੇ ਸਨ। ਜਿਹੜੇ ਨਾਮ ਦੀ ਕਮਾਈ ਕਰਦੇ ਹਨ ਜੇ ਕਿਧਰੇ ਭੁੱਲ-ਭੁਲੇਖੇ ਵੀ ਧਰਮਰਾਜੇ ਦੇ ਘਰ ਚਲੇ ਜਾਣ ਤਾਂ ਸਤਿਕਾਰ ਨਾਲ ਉਠ ਕੇ ਖੜ੍ਹਾ ਹੋ ਜਾਂਦਾ ਹੈ। ਨਿਮਰਤਾ ਵਿਚ ਆ ਕੇ ਕਹਿੰਦਾ ਹੈ ਕਿ ਆਪ ਜੀ ਨੇ ਤਾਂ ਮੇਰਾ ਗ੍ਰਿਹ ਪਵਿੱਤਰ ਕਰ ਦਿਤਾ। ਇਸੇ ਤਰ੍ਹਾਂ ਨਾਲ ਧਰਮਰਾਜੇ ਨੇ ਵੀ ਰਾਜਾ ਜਨਕ ਜੀ ਦਾ ਸਤਿਕਾਰ ਕੀਤਾ ਸੀ।

*ਨਾਮੁ ਧਿਆਇਨਿ ਸਾਜਨਾ ਜਨਮ ਪਦਾਰਥੁ ਜੀਤਿ ॥*
*ਨਾਨਕ ਧਰਮ ਐਸੇ ਚਵਹਿ ਕੀਤੋ ਭਵਨੁ ਪੁਨੀਤ ॥*
*ਅੰਗ - ੧੪੨੫*

*ਤਿਨ ਕੀ ਸੇਵਾ ਧਰਮ ਰਾਇ ਕਰੈ ਧੰਨੁ ਸਵਾਰਣਹਾਰੁ ॥*
*ਅੰਗ - ੩੮*

*ਭਗਤੁ ਵਡਾ ਰਾਜਾ ਜਨਕੁ ਹੈ*
*ਗੁਰਮੁਖਿ ਮਾਇਆ ਵਿਚਿ ਉਦਾਸੀ।* *ਭਾਈ ਗੁਰਦਾਸ ਜੀ*

ਇਸ ਕਰਕੇ ਤੁਸੀਂ ਵੀ ਘਰ-ਗ੍ਰਿਹਸਤੀ ਵਿਚ ਰਹਿ ਕੇ ਹੀ ਇਸ ਕਾਰਜ ਦੀ ਪੂਰਤੀ ਕਰੋ। ਬੀਬੀ ਰਣਜੀਤ ਕੌਰ ਦਾ ਆਪ ਨੂੰ ਬਹੁਤ ਸਾਥ ਰਹੇਗਾ, ਇਹ ਨਿਰਭੈ ਹਨ, ਦਇਆ, ਕਰੁਣਾ ਅਤੇ ਪਿਆਰ ਦੀ ਮੂਰਤੀ ਹਨ, ਇਨ੍ਹਾਂ ਨੇ ਜੀਵਨ ਦੇ ਹਰ ਖੇਤਰ ਵਿਚ ਮਰਦਾਂ ਵਾਂਗ ਤੁਹਾਡਾ ਸਾਥ ਦੇਣਾ ਹੈ। ਇਸ ਬੀਬੀ ਨੂੰ ਆਪਣੇ ਵਿਰਸੇ ਵਿਚੋਂ ਹੀ ਗੁਰਮਤਿ ਦੇ ਸੁਨਿਹਰੀ ਅਸੂਲਾਂ ਤੇ ਚਲਣ ਦਾ ਸੁਭਾਅ ਪ੍ਰਾਪਤ ਹੋਇਆ ਹੈ। ਇਨ੍ਹਾਂ ਨੇ ਭਵਿੱਖ ਵਿਚ ਭੁੱਲੇ ਭਟਕੇ ਲੋਕਾਂ ਨੂੰ ਸ੍ਰੀ ਗੁਰੂ ਗ੍ਰੰਥ ਸਾਹਿਬ ਦੇ ਲੜ ਲਾਉਣ ਅਤੇ ਸ੍ਰੀ ਗੁਰੂ ਨਾਨਕ ਸਾਹਿਬ ਜੀ ਦੀ ਸਿੱਖੀ ਦਾ ਪ੍ਰਚਾਰ ਕਰਨ ਵਿਚ ਤੁਹਾਡੀ ਬਹੁਤ ਸਹਾਇਤਾ ਕਰਨੀ ਹੈ। ਬਾਲ ਬੱਚਿਆਂ ਤੇ ਪਰਿਵਾਰ ਦਾ ਫਿਕਰ ਨਹੀਂ ਕਰਨਾ, ਉਨ੍ਹਾਂ ਦਾ ਫਿਕਰ ਸਾਨੂੰ ਹੈ। ਇਸ ਲਈ ਤੁਸੀਂ ਘਰ ਵਾਪਿਸ ਜਾਓ ਅਤੇ ਜਿਸ ਤਰ੍ਹਾਂ ਨਾਲ ਅਸੀਂ ਕਿਹਾ ਹੈ, ਇਕ ਆਦਰਸ਼ਕ ਗ੍ਰਿਹਸਤੀ ਦਾ ਜੀਵਨ ਬਤੀਤ ਕਰਕੇ, ਸੰਸਾਰ ਨੂੰ ਸੇਧ ਦੇਵੋ ਅਤੇ ਆਪ ਜਪੋ ਤੇ ਹੋਰਨਾਂ ਨੂੰ ਵੀ ਨਾਮ ਜਪਾਵੋ।

*ਸੋ ਗਿਰਹੀ ਜੋ ਨਿਗ੍ਰਹੁ ਕਰੈ ॥*
*ਜਪੁ ਤਪੁ ਸੰਜਮੁ ਭੀਖਿਆ ਕਰੈ ॥*
*ਪੁੰਨ ਦਾਨ ਕਾ ਕਰੇ ਸਰੀਰੁ ॥*
*ਸੋ ਗਿਰਹੀ ਗੰਗਾ ਕਾ ਨੀਰੁ ॥* *ਅੰਗ - ੯੫੨*

ਅਸਲੀ ਗ੍ਰਿਹਸਤੀ ਦੀ ਪਰਿਭਾਸ਼ਾ ਦਸਦਿਆਂ ਸਤਿਗੁਰੂ ਜੀ ਉਪਦੇਸ਼ ਕਰਦੇ ਹਨ ਕਿ ਗੁਰਮਤਿ ਵਿਚ ਅਸਲੀ ਗ੍ਰਿਹਸਤੀ ਉਹ ਹੈ ਜਿਹੜਾ ਸਾਰੇ ਔਗੁਣਾਂ ਨੂੰ ਅੰਦਰੋਂ ਕੱਢ ਕੇ ਸ਼ੁਭ ਗੁਣਾਂ ਨੂੰ ਗ੍ਰਹਿਣ ਕਰੇ। ਭਜਨ ਬੰਦਗੀ ਕਰਦਾ ਹੋਇਆ ਮਾਨਸਿਕ ਤਪ ਤੇ ਸਰੀਰਕ ਤਪ ਕਰੇ। ਮਾਨਸਿਕ ਤਪ ਉਹ ਹੁੰਦਾ ਹੈ ਕਿ ਕਿਸੇ ਦੇ ਕੌੜੇ ਬੋਲਾਂ ਨੂੰ ਸਹਿਣ ਦੀ ਸ਼ਕਤੀ ਰੱਖਣੀ ਤੇ ਉਸ ਦਾ ਬੁਰਾ ਨਹੀਂ ਚਿਤਵਣਾ, ਨਾ ਹੀ ਆਪਣੇ ਮੁਖ ਤੋਂ ਫਿੱਕੇ ਬੋਲ ਬੋਲਣੇ, ਸਗੋਂ ਵਾਹਿਗੁਰੂ ਜੀ ਅੱਗੇ ਉਸ ਨੂੰ ਸੁਮੱਤ ਬਖਸ਼ਣ ਦੀ ਤੇ ਭਲੇ ਦੀ ਅਰਦਾਸ ਕਰਨੀ।

*ਸਤਿਗੁਰ ਕਾ ਸਚੁ ਸਬਦੁ ਕਮਾਵਹੁ ॥*
*ਥਿਰੁ ਘਰਿ ਬੈਠੇ ਪ੍ਰਭੁ ਅਪਨਾ ਪਾਵਹੁ ॥ ੨ ॥*
*ਪਰ ਕਾ ਬੁਰਾ ਨ ਰਾਖਹੁ ਚੀਤ ॥*
*ਤੁਮ ਕਉ ਦੁਖੁ ਨਹੀ ਭਾਈ ਮੀਤ ॥ ਅੰਗ - ੩੮੬*

ਸੇਵਾ ਵੀ ਅਨੇਕ ਪ੍ਰਕਾਰ ਦੀ ਹੈ ਜਿਵੇਂ ਗੁਰਮਤਿ ਪ੍ਰਚਾਰ ਦੀ ਸੇਵਾ, ਗੁਰੂ ਕੇ ਲੰਗਰਾਂ ਦੀ ਸੇਵਾ, ਬਰਤਨ ਮਾਂਜਣੇ, ਪ੍ਰਸ਼ਾਦੇ-ਦਾਲ ਸਬਜ਼ੀਆਂ ਤਿਆਰ ਕਰਨੇ, ਲੰਗਰ ਵਰਤਾਉਣਾ, ਲੰਗਰ ਭਵਨ ਦੀ ਸਾਫ-ਸਫਾਈ, ਗੁਰੂ ਕੇ ਭਵਨਾਂ ਦੀ ਕਾਰ ਸੇਵਾ, ਸੰਤਾਂ-ਮਹਾਂਪੁਰਸ਼ਾਂ ਵੱਲੋਂ ਜਨ-ਸਮੂੰਹ ਦੀ ਭਲਾਈ ਲਈ ਚਲਾਏ ਗਏ ਪਰਉਪਕਾਰੀ ਕਾਰਜਾਂ ਵਿਚ ਨਿਸ਼ਕਾਮ ਹੱਥ ਵਟਾਉਣ ਦੀ ਸੇਵਾ, ਨੇਕ ਕਮਾਈ ਵਿਚੋਂ ਗੁਰੂ ਦੇ ਨਮਿਤ ਭਲਾਈ ਦੇ ਕਾਰਜਾਂ ਲਈ ਦਸਵੰਧ ਦੇਣਾ, ਲੋੜਵੰਦਾਂ ਦੀ ਲੋੜ ਪੂਰੀ ਕਰਨੀ ਅਤੇ ਵਸਤਰ ਆਦਿ ਦੇਣ ਦੀ ਸਹਾਇਤਾ ਕਰਨੀ। ਗ੍ਰਿਹਸਤੀਆਂ ਲਈ ਇਹ ਸਾਰੇ ਕਾਰਜ ਯਥਾਸ਼ਕਤ ਕਰਨ ਦੀ ਹਦਾਇਤ ਹੈ, ਇਸ ਉਤੇ ਅਮਲ ਕਰਨ ਨਾਲ ਗ੍ਰਿਹਸਤੀ ਦਾ ਸਰੀਰ ਪੁੰਨ-ਦਾਨ ਵਾਲਾ ਹੋ ਕੇ ਪਵਿੱਤਰ ਬਣ ਜਾਂਦਾ ਹੈ। ਗੁਰੂ ਸਾਹਿਬ ਜੀ ਦੇ ਨਮਿਤ ਜੋ ਐਸਾ ਪੁੰਨ ਦਾਨ ਕਰਦਾ ਹੈ ਉਹ ਗੁਰੂ ਦੀ ਖੁਸ਼ੀ ਦਾ ਪਾਤਰ ਬਣ ਜਾਂਦਾ ਹੈ। ਸਤਿਗੁਰੂ ਜੀ ਉਸ ਦੀ ਕਮਾਈ ਵਿਚ ਬਰਕਤ ਪਾ ਕੇ ਹਜ਼ਾਰਾਂ ਗੁਣਾਂ ਵਾਧਾ ਕਰਦੇ ਹਨ ਅਤੇ ਵਿਘਨਾਂ ਦਾ ਨਾਸ ਕਰ ਦਿੰਦੇ ਹਨ।

*ਸਤਿਗੁਰ ਕੀ ਸੇਵਾ ਸਫਲ ਹੈ ਜੇ ਕੋ ਕਰੇ ਚਿਤੁ ਲਾਇ ॥*
*ਅੰਗ - ੫੫੨*

ਸੰਤ ਮਹਾਰਾਜ ਜੀ ਦੇ ਇਨ੍ਹਾਂ ਅਗੰਮੀ ਬਚਨਾਂ ਅੱਗੇ ਆਪ ਨੇ ਸੀਸ ਝੁਕਾਇਆ ਤੇ ਨਿਮਰਤਾ ਸਹਿਤ ਬੇਨਤੀ ਕੀਤੀ ਕਿ ਆਪ ਨੇ ਇਸ ਮਹਾਨ ਅਗਨ ਤੋਂ ਪਾਰ ਹੋਣ ਵਾਸਤੇ ਆਪਣੀ ਕ੍ਰਿਪਾ ਦ੍ਰਿਸ਼ਟੀ ਰੱਖ ਕੇ ਗੁਰੂ ਚਰਨਾਂ ਨਾਲ ਜੋੜ ਕੇ ਰੱਖਣਾ। ਸੰਤ ਮਹਾਰਾਜ ਜੀ ਨੇ ਕਿਹਾ ਕਿ ਤੁਸੀਂ ਤਾਂ ਪਹਿਲਾਂ ਹੀ ਜੁੜੇ ਹੋਏ ਹੋ ਪਰ ਹੁਣ ਜਿਥੇ ਕਿਤੇ ਵੀ ਦੀਵਾਨ ਲੱਗਣ ਹਾਜ਼ਰੀ ਭਰ ਕੇ ਸਾਡੇ ਤੋਂ ਪਹਿਲਾਂ ਕੀਰਤਨ ਦੀ ਸੇਵਾ ਵੀ ਕਰਿਆ ਕਰੋ। ਆਪ ਨੇ ਇਸ ਬਚਨ ਨੂੰ ਭੀ ਬੜੀ ਦ੍ਰਿੜ੍ਹਤਾ ਨਾਲ ਨਿਭਾਇਆ ਜਿਥੇ ਕਿਤੇ ਵੀ ਦੀਵਾਨ ਹੋਣੇ ਪਹਿਲਾਂ ਪਹੁੰਚ ਕੇ ਕੀਰਤਨ ਦੀ ਸੇਵਾ ਕਰਿਆ ਕਰਦੇ ਸਨ। ਇਸ ਤਰ੍ਹਾਂ ਨਾਲ ਕੁਝ ਸਮਾਂ ਬਤੀਤ ਹੋਇਆ ਆਪ ਜੀ ਨੇ ਪਰਿਵਾਰ ਵਿਚ ਰਹਿ ਕੇ ਤੇ ਫੇਰ ਕਾਫੀ ਸਮਾਂ ਰਾੜਾ ਸਾਹਿਬ ਜੋ ਉਦੋਂ ਢੱਕੀ ਦੇ ਰੂਪ ਵਿਚ ਸੀ, ਮਹਾਂਪੁਰਸ਼ਾਂ ਦੀ ਸੇਵਾ ਤੇ ਸੰਗਤ ਵਿਚ ਰਹਿਣਾ ਸ਼ੁਰੂ ਕਰ ਦਿਤਾ ਸੀ।

*(ਪੰਨਾ 52 ਦੀ ਬਾਕੀ)*

ਤਾਂ ਮਿਲੈ=ਮਿਲਿਆ ਜਾਂਦਾ ਹੈ, ਜਾ=ਜੇਕਰ ਮਨ ਹਰ ਵਕਤ ਸਤਿਗੁਰਾਂ ਦੇ ਹਦੂਰਿ=ਨਿਕਟ=ਵਰਤੀ ਭਾਵ ਨੇੜੇ ਰਹੇ।

**ਪਉੜੀ ॥**
**ਸਪਤ ਦੀਪ ਸਪਤ ਸਾਗਰਾ**
**ਨਵ ਖੰਡ ਚਾਰਿ ਵੇਦ ਦਸ ਅਸਟ ਪੁਰਾਣਾ ॥**

ਜੋ ਸਪਤ=ਸੱਤ ਦੀਪ ਸਪਤ=ਸੱਤ ਸਾਗਰਾ=ਸਮੁੰਦਰ, ਨਵ=ਨੌਂ ਖੰਡ, ਚਾਰ ਵੇਦ ਅਤੇ ਦਸ+ਅੱਠ=ਅਠਾਰਾਂ ਪੁਰਾਣ ਆਦਿਕ ਹਨ।

**ਹਰਿ ਸਭਨਾ ਵਿਚਿ ਤੂੰ ਵਰਤਦਾ**
**ਹਰਿ ਸਭਨਾ ਭਾਣਾ ॥**

ਹੇ ਹਰਿ=ਪਰਮੇਸ਼ਰ! ਤੂੰ ਆਪ ਹੀ ਵਾਚ, ਵਾਚਕਾਂ ਭਾਵ ਵਾਲੀ ਸ੍ਰਿਸ਼ਟੀ ਦੇ ਸਭਨਾ=ਸਾਰਿਆਂ ਜੀਵਾਂ ਵਿਚ ਵਰਤਦਾ=ਵਰਤ ਰਿਹਾ ਹੈਂ ਅਤੇ ਹੈ ਹਰਿ=ਪਰਮੇਸ਼ਰ ਤੂੰ ਆਪ ਹੀ ਸਭਨਾ=ਸਾਰਿਆਂ ਦੇ ਅੰਦਰ ਚੇਤਨ ਸੱਤਾ ਰੂਪ ਹੋ ਕੇ ਭਾਣਾ=ਭਾਅ ਰਿਹਾ ਹੈ ਭਾਵ ਚੰਗਾ ਲਗ ਰਿਹਾ ਹੈ।

**ਸਭਿ ਤੁਝੈ ਧਿਆਵਹਿ ਜੀਅ ਜੰਤ**
**ਹਰਿ ਸਾਰਗ ਪਾਣਾ ॥**

ਹੇ ਸਾਰਗ ਨਾਮੇ ਧਨੁਖ ਨੂੰ ਪਾਣਾ=ਹੱਥ ਵਿਚ ਪਕੜਨ ਵਾਲੇ ਹਰਿ=ਪਰਮੇਸ਼ਰ। ਸਭਿ=ਸਾਰੇ ਬ੍ਰਹਮਾ ਤੋਂ ਲੈ ਕੇ ਛੋਟੇ ਤੋਂ ਛੋਟੇ ਜੀਅ=ਅਸਥੂਲ, ਜੰਤ=ਸੂਖਮ ਜੀਵ ਤੁਝੈ=ਤੈਨੂੰ ਹੀ ਧਿਆਵਹਿ=ਧਿਆਉਂਦੇ ਹਨ।

**ਜੋ ਗੁਰਮੁਖਿ ਹਰਿ ਆਰਾਧਦੇ**
**ਤਿਨ ਹਉ ਕੁਰਬਾਣਾ ॥**

ਹੇ ਹਰਿ=ਪਰਮੇਸ਼ਰ! ਜੋ ਗੁਰਮੁਖਾਂ ਦੀ ਸੰਗਤ ਦੁਆਰਾ ਤੈਨੂੰ ਆਰਾਧਦੇ=ਚੇਤੇ ਕਰਦੇ ਹਨ, ਤਿਨ=ਉਨ੍ਹਾਂ ਤੋਂ ਹਉ=ਅਸੀਂ ਕੁਰਬਾਣਾ=ਬਲਿਹਾਰ ਜਾਂਦੇ ਹਾਂ।

**ਤੂੰ ਆਪੇ ਆਪਿ ਵਰਤਦਾ**
**ਕਰਿ ਚੋਜ ਵਿਡਾਣਾ ॥ ੪ ॥**

ਹੇ ਪਰਮੇਸ਼ਰ! ਤੂੰ ਆਪਣੇ ਆਪ ਹੀ ਸਾਰਿਆਂ ਵਿਚ ਵਰਤ ਰਿਹਾ ਹੈਂ ਅਤੇ ਆਪ ਹੀ ਵਿਡਾਣਾ=ਅਸਚਰਜ, ਚੋਜ=ਕੌਤਕ ਕਰ ਰਿਹਾ ਹੈਂ ਜੋ ਕਹੇ ਨਹੀਂ ਜਾ ਸਕਦੇ।

# ਗੁਰੂ ਨਾਨਕ ਆਗਮਨ

## (ਸ੍ਰੀ ਗੁਰ ਨਾਨਕ ਚਮਤਕਾਰ)

*ਪਦਮ ਭੂਸ਼ਨ-ਡਾ. ਭਾਈ ਵੀਰ ਸਿੰਘ ਜੀ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-49)*

ਇਕ ਸ਼ਹਿਰ ਵਾਸੀ - ਜੀਵੇ! ਗੱਲ ਇਹ ਹੈ ਕਿ ਗੀਗਾ ਹੈ-ਖੱਤਰੀ ਹਿੰਦੂ ਤੇ ਪੀਰ ਜੀ ਹਨ ਮੁਸਲਮਾਨ। ਖੱਤਰੀ ਆਪਣਾ ਪੁੱਤਰ ਮੁਸਲਮਾਨ ਨੂੰ ਕਿਵੇਂ ਦੇਵੇ? ਇਹ ਖੱਤਰੀ ਮਿੰਨਤਾਂ ਕਰ ਚੁੱਕਾ ਹੈ ਕਿ ਮੁੰਡੇ ਦੇ ਬਦਲੇ ਮਾਇਆ ਲੈ ਲਓ ਤੇ ਤੋਲ ਦਾ ਤੋਲ ਚਾਂਦੀ ਦੇ ਰਿਹਾ ਹੈ। ਰਸਮ ਭੀ ਇਹੋ ਹੈ ਕਿ ਜਦੋਂ ਪੀਰਾਂ ਯਾਂ ਸਿੱਧਾਂ, ਕਿਸੇ ਦੇ ਵਰ ਨਾਲ ਬਾਲਕ ਹੋ ਜਾਏ ਤੇ ਮੰਨਤ ਮੰਨੀ ਹੋਵੇ ਕਿ ਜੇਠਾ ਫਲ ਆਪ ਦਾ ਹੋਵੇਗਾ ਤਾਂ ਬਾਲ ਨੂੰ ਲੈ ਕੇ ਸਿੱਧਾ ਪੀਰਾਂ ਦੇ ਚਲੇ ਜਾਈਦਾ ਹੈ, ਮੁੱਲ ਪੁਆ ਕੇ ਭੇਟਾ, ਭੇਟ ਕਰ ਦੇਈਦੀ ਹੈ ਤੇ ਬਾਲ ਬਖਸ਼ਵਾ ਲਈਦਾ ਹੈ। ਇਹੋ ਦਸਤੂਰ ਆਦਿ ਜੁਗਾਦਿ ਦਾ ਹੈ, ਇਹੋ ਖਿਆਲ ਗੀਗੇ ਦਾ ਸੀ, ਪਰ ਪੀਰ ਜੀ ਨੇ ਬਖਸ਼ਿਆ ਨਹੀਂ ਤੇ ਇਹੋ ਕਿਹਾ ਹੈ ਕਿ ਅਸਾਂ ਤਾਂ 'ਜੀ' ਲੈਣਾ ਹੈ, ਜੀ ਦੀ ਥਾਂ ਪੈਸਾ ਨਹੀਂ ਲੈਣਾ ਤੇ ਨਹੀਂ ਲੈਣਾ। ਸੋ ਸਾਂਈਂ ਜੀਵੇ! ਅੱਜ ਪੰਝੀ ਦਿਨ ਹੋਏ ਕੋਈ ਰੱਬ ਜਾਣੇ ਗੀਗੇ ਤੇ ਪੀਰ ਜੀ ਦਾ ਓਸ ਵੇਲੇ ਬੋਲ-ਕਬੋਲ ਹੋ ਗਿਆ ਹੋਵੇ, ਸਾਨੂੰ ਪਤਾ ਨਹੀਂ, ਸਹੁੰ ਦੇਈਏ 'ਜੀ' ਦੀ, ਪੁੱਤ ਦੀ ਨਾ ਧੀ ਦੀ, ਸੋ ਪੀਰ ਜੀ ਬੋਲੇ ਕਿ ਹੱਛਾ, ਨਾ ਨਿਰੇ ਤੇਰੇ ਬੱਚੇ ਮਾਰਨੇ ਹਨ ਸਗੋਂ ਇਹ ਸ਼ਹਿਰ ਗਰਕ ਕਰ ਦੇਣਾ ਹੈ। ਬੱਸ ਚਿਲ੍ਹੇ ਬੈਠ ਗਏ ਤੇ ਮੁਰੀਦਾਂ ਨੂੰ ਕਹਿ ਗਏ ਕਿ ਸਾਨੂੰ ਬੁਲਾਉਣਾ ਨਹੀਂ, ਕਿਸੇ ਤਰ੍ਹਾਂ ਵਿਘਨ ਨਹੀਂ ਪਾਉਣਾ, ਅਸਾਂ ਅੰਦਰੋਂ, ਤਾਂ ਨਿਕਲਣਾ ਹੈ ਜਾਂ ਸ਼ਹਿਰ ਗਰਕ ਕਰ ਸੁੱਟਣਾ ਹੈ। ਇਹ ਕਹਿ ਕੇ ਆਪ ਵੜ ਗਏ ਇਸ ਗੁੰਬਦ ਜਿਹੇ ਵਿਚ ਤੇ ਹੁਕਮ ਹੈ ਕੋਈ ਨਾ ਬੁਲਾਵੇ। ਸ਼ਹਿਰ ਸਾਰੇ ਨੇ ਨੱਕ ਰਗੜੇ ਹਨ ਤੇ ਮੁਰੀਦਾਂ ਨੂੰ ਕਿਹਾ ਹੈ ਇਕ ਦੀ ਥਾਂ ਦੋ ਬਾਲ ਹੋਰ ਲੈ ਲਓ, ਅਸੀਂ ਦੇ ਦੇਂਦੇ ਹਾਂ, ਪਰ ਸ਼ਹਿਰ ਤੇ ਕਹਿਰ ਨਾ ਵਰਤਾਓ। ਅਗਲੇ ਸਮੇਂ ਵੱਡਿਆਂ ਤੋਂ ਸੁਣਦੇ ਸਾਂ ਕਿ ਪੂਰਨ ਨਾਮੇ ਸਿੱਧ ਉਪਰ ਇਥੇ ਕੁਝ ਕਹਿਰ ਹੋਇਆ ਸੀ ਤਾਂ ਸ਼ਹਿਰ ਦੋ ਸੋ ਵਰਹਾ ਕਸ਼ਟ ਵਿਚ ਰਿਹਾ ਸੀ, ਹੁਣ ਇਨ੍ਹਾਂ ਦੀਆਂ ਬਦ-ਦੁਆਵਾਂ ਨਾਲ ਖਬਰੇ ਕੀ ਹੋਣੀ ਵਰਤੇਗੀ? ਸਾਡੀ ਪੇਸ਼ ਕੋਈ ਜਾਂਦੀ ਨਹੀਂ, ਸਿੱਧਾਂ ਤੇ ਪੀਰਾਂ ਤੋਂ ਡਰ ਸਭ ਕਿਸੇ ਨੂੰ ਲਗਦਾ ਹੈ। ਅਸਾਂ ਜਗਰਾਤੇ ਕੀਤੇ ਹਨ, ਦੇਵੀ ਦੀਆਂ ਭੇਟਾਂ ਗਾਵੀਆਂ ਹਨ, ਨਾਥਾਂ ਦੇ ਰੋਟ ਪਕਾਏ ਤੇ ਚੜ੍ਹਾਏ ਹਨ ਸੌ ਮੰਨਤਾਂ ਤੇ ਸੌ ਸ਼ਰੀਣੀਆਂ ਸੁੱਖੀਆਂ ਹਨ, ਪਰ ਪੇਸ਼ ਕੋਈ ਚੱਲੀ ਨਹੀਂ। ਗੀਗੇ ਨਾਲ ਬੀ ਬਥੇਰਾ ਮੱਥਾ ਮਾਰਿਆ ਹੈ, ਉਹ ਬੀ ਕਿਸੇ ਹਠ ਤੇ ਚੜ੍ਹ ਬੈਠਾ ਹੈ। ਅੱਜ ਤ੍ਰਾਣੇ ਹੋਏ ਸ਼ਹਿਰ ਵਿਚ ਆਪ ਦੇ ਆਉਣ ਦੀ ਖਬਰ ਆਈ ਹੈ, ਸੋ ਸਾਰੇ ਸੁਖ ਦਾ ਸਾਹ ਲੈ ਕੇ ਹਾਜ਼ਰ ਹੋਏ ਹਨ, ਮਿਹਰ ਕਰੋ।

ਇਸ ਵੇਲੇ ਭਾਈ ਰੂਪੇ ਨੇ ਬਿਨੈ ਕੀਤੀ ਕਿ - ਪ੍ਰਸ਼ਾਦ ਤਿਆਰ ਹੈ।

ਸਤਿਗੁਰ - ਰੂਪਿਆ ਮਿੱਤਰਾ! ਜਿਨ੍ਹਾਂ ਦੇ ਮਹਿਮਾਨ ਆਈਏ ਉਹ ਭੁੱਖੇ ਰਹਿਣ ਤੇ ਅਸੀਂ ਭੋਜਨ ਪਾਈਏ। ਅੱਜ ਪ੍ਰਸ਼ਾਦ ਤਾਂ ਛਕਾ ਕੇ ਛਕਾਂਗੇ। ਸ਼ਹਿਰ ਬੀ ਵਰਤਾਂ ਤੇ ਜਪਾਂ ਵਿਚ ਹੈ ਤੇ ਪੀਰ ਵੀ ਕਈ ਦਿਨਾਂ ਦਾ ਭੁੱਖਾ ਦੱਸੀਦਾ ਹੈ, ਦੁਪਹਿਰ ਹੋ ਲੈਣ ਦਿਓ, ਫੇਰ ਛਕਾ ਕੇ ਛਕਾਂਗੇ।

ਮਰਦਾਨਾ - ਪਾਤਸ਼ਾਹ! ਕਹਿੰਦੇ ਹਨ ਪੰਝੀ ਦਿਨਾਂ ਦਾ ਭੁੱਖਾ ਹੈ।

ਸਤਿਗੁਰ - ਮਰਦਾਨਿਆਂ! ਇਹ ਲੋਕ ਨਿਉਲੀ ਨੇਤੀ, ਧੋਤੀ ਕਰਮ ਕਰਕੇ, ਮਲ ਸਰੀਰ ਦੀ ਧੋ ਕੇ ਬੈਠਦੇ ਹਨ ਤੇ ਨਾਲੇ ਬਦਾਮ ਰੋਗਨ ਆਦਿਕ ਰੱਖ ਲੈਂਦੇ ਹਨ, ਜਿੰਨਾ-ਜਿੰਨਾ ਦਮ ਸਾਧਿਆ ਹੁੰਦਾ ਹੈ ਓਨੇ-ਓਨੇ ਚਿਰ ਮਗਰੋਂ ਬਦਾਮ ਰੋਗਨ ਦਾ ਘੁੱਟ-ਘੁੱਟ ਲੈ ਕੇ ਉਸ ਦੇ ਆਸਰੇ ਵਕਤ ਕੱਟਦੇ ਹਨ, ਧਿਆਨ ਓਧਰ ਜੋੜ ਬੈਠਦੇ ਹਨ ਜਿਸ ਗਲ ਦੀ ਕਾਰਜ ਸਿੱਧੀ ਲੋੜਦੇ ਹਨ।

ਸੂਰਜ ਸਿਖਰੇ ਆ ਗਿਆ, ਦੁਪਹਿਰਾਂ ਹੋ ਗਈਆਂ, ਮੁਰੀਦ ਮੱਠ ਦੇ ਬਾਹਰ ਬੈਠੇ ਕੌਤਕ ਉਡੀਕ ਰਹੇ ਸਨ ਕਿ ਕੀ ਵਰਤਦਾ ਹੈ, ਚਿਲ੍ਹਾ ਟੁੱਟਦਾ ਹੈ ਕਿ ਚਿਲ੍ਹਾ ਤੋੜਨ ਵਾਲਾ ਫਕੀਰ ਹਾਰ ਖਾ ਕੇ ਭੱਜਦਾ ਹੈ। ਉੱਧਰ ਲੋਕੀਂ ਕਲੇਜੇ ਮੁੱਠ ਵਿਚ ਲਈ ਤਾਂਘ

ਰਹੇ ਸਨ ਕਿ ਸ਼ਹਿਰ ਦੀ ਰੱਖਿਆ ਹੁੰਦੀ ਹੈ ਕਿ ਪੀਰ ਦੀ ਫਿਟਕ ਸਿਰੇ ਚੜ੍ਹਦੀ ਹੈ। ਸਭ ਛਾਤੀਆਂ ਧੜਕ-ਧੜਕ ਕਰਦੀਆਂ, ਪਰ ਕੱਠੀਆਂ ਹੋ ਕੇ ਸਹਿਮ ਕੇ ਮਾਨੋਂ ਸੁੰਗੜੀਆਂ ਪਈਆਂ ਸਨ। ਕੋਈ ਜਲ ਘੜੀ ਨੂੰ ਤੱਕ ਰਿਹਾ ਸੀ ਤੇ ਕੋਈ ਰੇਤ ਘੜੀ ਤੇ ਟੱਕ ਬੰਨੀਂ ਬੈਠਾ ਸ਼ੀ, ਕੋਈ ਘੜਿਆਲੀ ਦੀ ਟੁਨਕਾਰ ਸੁਣਨ ਲਈ ਹਵਾ ਵਿਚ ਕੰਨ ਲਾਈ ਬੈਠਾ ਸੀ। ਸਿਖਰ ਦੁਪਹਿਰ ਠੀਕ ਸਿਖਰੇ ਆ ਗਈ। ਘੜਿਆਲੀ ਨੇ ਦੁਪਹਿਰੇ ਦੀ ਪਹਿਲੀ ਟੁਨਕਾਰ ਦਿਤੀ। ਅਜੇ ਦੂਜੀ ਟੁਨਕਾਰ ਦੀ ਆਵਾਜ਼ ਘੜਿਆਲ ਵਿਚੋਂ ਨਿਕਲੀ ਨਹੀਂ ਸੀ ਕਿ ਜਿਸ ਗੁੰਬਜ਼ ਵਿਚ ਪੀਰ ਜੀ ਚਿਲ੍ਹੇ ਬੈਠੇ ਸਨ ਉਸ ਤੋਂ ਇਕ ਕੜੱਕ ਦੀ ਭਿਆਨਕ ਆਵਾਜ਼ ਆਈ, ਗੁੰਬਜ਼ ਉਤੋਂ ਫਟ ਕੇ ਚੀਰੇ ਖਰਬੂਜ਼ੇ ਵਾਂਗ ਦੁਫਾੜ ਹੋ ਗਿਆ, ਵਿਚਕਾਰਲੀਆਂ ਇੱਟਾਂ ਢਹਿ ਪਈਆਂ ਤੇ ਇਕ ਖੱਪਾ ਖੁਲ੍ਹ ਗਿਆ। ਹੁਣ ਸੂਰਜ ਦੀ ਧੁੱਪ ਉਸ ਖੱਪੇ ਵਿਚੋਂ ਅੰਦਰ ਜਾ ਪਈ। ਫਟਣ ਦੀ ਅਵਾਜ਼ ਤੇ ਅਚਾਨਕ ਚਾਨਣੇ ਦੇ ਪ੍ਰਵੇਸ਼ ਨੇ ਅੱਖਾਂ ਖੋਹਲ ਦਿਤੀਆਂ। ਚਿੱਲ੍ਹਾ ਟੁੱਟ ਗਿਆ। ਪੀਰ ਜੀ ਦੇ ਨੈਣ ਖੁੱਲ੍ਹ ਗਏ, ਧਿਆਨ ਸ੍ਵਾਪ ਵਿਚੋਂ ਉਟਕ ਗਿਆ ਤੇ ਗੁੰਬਜ਼ ਦੇ ਖੱਪੇ ਵੱਲ ਜਾ ਪਿਆ। ਸਰੀਰ ਕੰਬਿਓਸੁ ਮਤੇ ਸਾਰਾ ਗੁੰਬਜ਼ ਹੀ ਸਿਰ ਉਤੇ ਨਾ ਆ ਪਵੇ। ਇਸ ਭੈ ਤੇ ਹੈਰਾਨੀ ਨੇ ਕਾਹਲੀ ਵਿਚ ਪਾ ਦਿਤਾ ਤੇ ਆਪ ਬੂਹਾ ਖੋਲ੍ਹ ਕੇ ਘਾਬਰੇ ਹੋਏ ਬਾਹਰ ਆ ਗਏ। ਅੱਗੇ ਮੁਰੀਦ ਪਰੇਸ਼ਾਨ ਹਾਲ ਵਿਚ ਖੜ੍ਹੇ ਸਨ ਤੇ ਸ਼ਹਿਰ ਦੇ ਲੋਕ ਦੂਰ-ਦੂਰ ਉੱਚੇ ਨੀਵੇਂ ਥਾਂ ਨਜ਼ਰਾਂ ਬੰਨ੍ਹੀ ਤੱਕ ਰਹੇ ਸਨ। ਜਿਉਂ ਹੀ ਕੜੱਕ ਫੜੱਕ ਦੀ ਆਵਾਜ਼ ਆਈ ਪੀਰ ਜੀ ਉੱਦੋਸਾਹੇ ਤੇ ਜੀ ਭਿਆਨੇ ਬਾਹਰ ਨਿਕਲ ਆਏ, ਤਿਉਂ ਹੀ ਹਜ਼ਾਰਾਂ ਗਲਿਆਂ ਤੋਂ ਆਵਾਜ਼ ਆਈ, ਹਾਂ ਇਕ ਗੁੰਜਾਰ ਆਈ, ਮਸਤ ਅਲਮਸਤੀ ਦੀ ਤੇ ਖੁਸ਼ੀ ਜਸ, ਫਤਹਮੰਦੀ ਤੇ ਕਾਮਯਾਬੀ ਦੀ ਤਾਕਤ ਨਾਲ ਭਰੀ ਹੋਈ ਤੇ ਸ਼ੁਕਰ ਗੁਜਾਰੀ ਦੀ ਮਿਠਾਸ ਨਾਲ ਮਿੱਠੀ-ਮਿੱਠੀ ਅਵਾਜ਼ ਆਈ -

ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ

ਧੰਨ ਗੁਰੂ ਨਾਨਕ ਦੀ ਆਵਾਜ਼ ਗੂੰਜੀ ਤੇ ਗੂੰਜਦੀ ਪੀਰ ਜੀ ਦੇ ਕੰਨਾਂ ਵਿਚ ਗਈ। ਨਾਮ ਗੁਰੂ ਨਾਨਕ ਸੁਣਿਆਂ ਹੋਇਆ ਸੀ, ਪੀਰਾਂ ਫਕੀਰਾਂ ਵਿਚ ਮਹਿਮਾ ਬੀ ਸੁਣੀ ਹੋਈ ਸੀ, ਮੁਰਸ਼ਿਦ ਤੋਂ ਸਰੋਤ ਪਈ ਸੀ ਕਿ ਇਕ ਤਪਾ ਮੁਸ਼ਕਿਆ ਹੈ, ਨਾਨਕ ਉਸ ਦਾ ਨਾਮ ਹੈ। ਹਾਂ ਸਾਲਕ ਲੋਕਾਂ ਨੇ ਆਖਿਆ ਸੀ ਕਿ ਦੌਲਤ ਖਾਂ ਲੋਧੀ ਦੀ ਦੌਲਤ ਨੂੰ ਤਿਆਗ ਕੇ ਮਲਕ ਭਾਗੋ ਦੇ ਧਨ ਤੋਂ ਨਿਰਲੋਭ ਰਹਿ ਕੇ ਤਪਾ ਆਪਣੇ ਇਲਾਹੀ ਰੰਗਾਂ ਵਿਚ ਫਿਰ ਰਿਹਾ ਹੈ। ਭਾਵੇਂ ਤਾਂ ਅੱਜ ਉਹੋ ਤਪਾ ਇਥੇ ਆ ਗਿਆ ਹੈ ਜੋ ਜ਼ਾਹਰੀ ਕਲਾ ਵਾਲਾ ਹੈ ਤੇ ਉਸੇ ਨੂੰ ਖਲਕੁੱਲਾਂ ਦੀਆਂ ਜ਼ਬਾਨਾਂ ਕਹਿ ਰਹੀਆਂ ਹਨ -

ਧੰਨ ਗੁਰੂ ਨਾਨਕ।

ਭਾਵੇਂ ਤਾਂ ਸ਼ਹਿਰ ਆ ਗਿਆ ਹੈ ਇਸੇ ਧੰਨ ਗੁਰੂ ਨਾਨਕ ਦੀ ਰਾਖੀ ਵਿਚ। ਕਦੇ-ਕਦੇ ਮੁਸ਼ਕਦੇ ਹਨ ਵਣ, ਕਦੇ-ਕਦੇ ਮੁਸ਼ਕਦਾ ਹੈ ਮਿਰਗ ਕਸਤੂਰੇ ਜਾਤ ਦਾ, ਕਦੇ-ਕਦੇ ਮੁਸ਼ਕਦਾ ਹੈ ਕੋਈ ਮਰਦ ਜਿਸ ਦੇ ਸਿਰ ਉਪਰ ਹੱਥ ਹੋਵੇ ਰੱਬ ਦਾ, ਤਿਵੇਂ ਆਖਦੇ ਹਨ ਫਕੀਰ: ਕਿ ਮੁਸ਼ਕਿਆ ਹੈ ਰੱਬੀ ਰੰਗਾਂ ਵਿਚ ਤਪਾ ਨਾਨਕ। ਪੀਰ ਇਨ੍ਹਾਂ ਸੋਚਾਂ ਵਿਚ ਖੜ੍ਹਾ ਸੀ, ਕਮਜ਼ੋਰੀ ਤੇ ਸੋਚਾਂ ਨਾਲ ਮਿੱਠੀ-ਮਿੱਠੀ ਕੰਬਣੀ ਵਿਚ ਸੀ ਕਿ ਮੁਰੀਦਾਂ ਨੇ ਸਵੇਰ ਦੀ ਕਥਾ ਤੇ ਗੁਰ ਨਾਨਕ ਦਾ ਸੁਨੇਹਾ ਸੁਣਾਇਆ। ਸੁਣ ਕੇ ਬੋਲਿਆ ਤੁਸਾਂ ਭੁੱਲ ਕੀਤੀ, ਰੱਬੀ ਮਰਦ ਦਾ ਸੁਨੇਹਾ ਜ਼ਰੂਰ ਦੇਣਾ ਸੀ। ਫਕੀਰ ਕਾਲਾ ਨਾਗ ਹੁੰਦਾ ਹੈ, ਇਸ ਦੇ ਲੜੇ ਹੋਏ ਦਾ ਦਾਰੂ ਨਹੀਂ, ਇਸ ਦੇ ਫੁੰਕਾਰੇ ਦਾ ਮੰਤਰ ਨਹੀਂ, ਚੰਗਾ ਹੋ ਗਈ ਜੋ ਹੋਣੀ ਸੀ।

ਮੁਰੀਦ - ਸਾਂਈ ਜੀ! ਦਾਤਾ ਜੀ! ਅਸੀਂ ਆਪ ਦੇ ਹੁਕਮ ਤੋਂ ਡਰਦੇ ਰਹੇ ਕਿ ਹੁਕਮ ਅਦੂਲੀ ਪੀਰ ਦੀ ਫਿਟਕਾਰ ਨਾ ਲੈ ਆਵੇ।

ਪੀਰ - ਤੇ ਹੁਣ ਹੁਕਮ ਦੀ ਕਮਾਈ ਪੀਰ ਦੇ ਸਿਰ ਫਿਟਕਾਰ ਲੈ ਆਈ ਹੈ। ਚੰਗਾ ਜੋ ਹੋਈ ਸੋ ਹੋਈ। ਜਿਸ ਫਕੀਰ ਨੇ ਮੱਠ ਪਾੜ ਘੱਤਿਆ ਹੈ ਉਹ ਹੋਰ ਖਬਰੇ ਕੀ ਵਰਤਾਵੇਗਾ? ਹੁਣ ਹਠ ਤੇ ਸ਼ਰਮਾਂ ਗਈਆਂ, ਆਖਰ ਮੈਂ ਮੁਰਸ਼ਿਦ ਵਾਲਾ ਹਾਂ, ਸਾਲਕਾਂ ਅੱਗੇ ਝੁਕਣ ਦਾ ਮਿਹਣਾ ਨਹੀਂ। ਰਸਤਾ ਦੱਸੋ ਨਾਨਕ ਤਪਾ ਕਿੱਥੇ ਹੈ, ਲੈ ਚੱਲੋ ਜੋ ਦਰਸ਼ਨ ਪਾਵਾਂ।

ਇਹ ਸੁਣ ਕੇ ਮੁਰੀਦ ਨਾਲ ਲੈ ਟੁਰੇ, ਪਰ ਟੁਰਿਆ ਨਾ ਜਾਵੇ, ਫੇਰ ਬਹਿ ਗਏ, ਇਉਂ ਬਹੁਤ ਸਹਿਜੇ-ਸਹਿਜੇ ਦੋ ਮੁਰੀਦਾਂ ਦੀ ਟੇਕ ਲੈ ਕੇ ਆਪ ਬੇਰ ਹੇਠ, ਜਿਥੇ ਸਤਿਗੁਰ ਬੈਠੇ ਸਨ, ਜਾ ਪਹੁੰਚੇ। ਦਰਸ਼ਨ ਕਰਕੇ ਪੀਰ ਨੂੰ ਠੰਢ ਪੈ ਗਈ। ਗੁੱਸਾ ਭੁੱਖ ਤੇ ਤਪ ਦੇ ਤਾਪ ਨਾਲ, ਜੋ ਅੰਦਰ ਜਲਨ ਪੈ ਰਹੀ ਸੀ, ਉਠ ਗਈ। ਹਮਜ਼ਿਆ! ਇਹ ਪਹਿਲੀ ਨਿਸ਼ਾਨੀ ਰੱਬ ਦੇ ਮਰਦ ਦੀ ਹੈ। ਮਨ ਨੇ ਮੰਨਿਆਂ ਕਿ ਇਥੇ

ਸਾਈਂ ਦਾ ਰੰਗ ਹੈ। ਅੱਗੇ ਵਧਿਆ, ਸਿਰ ਝੁਕਾਇਆ, ਗੁਰੂ ਜੀ ਨੇ ਆਦਰ ਨਾਲ ਬਹਾਲਿਆ ਤੇ ਆਖਿਆ –

ਪੀਰ ਜੀ! ਰੱਬ ਪਿਉ ਤੇ ਸ੍ਰਿਸ਼ਟੀ ਉਲਾਦ, ਫਕੀਰ ਰੱਬ ਦਾ ਬੰਦਾ, ਉਲਾਦ ਨੂੰ ਲਡਿਆਵੇ ਕਿ ਮਾਰੇ?

ਪੀਰ – ਸੱਪ ਲੜੀ ਉਂਗਲ ਕੱਟੀ ਭਲੀ, ਵਿਹੁਲਾ ਖੂਨ ਦਬਿਆ ਭਲਾ, ਸ਼ਰਾਬੀ ਗੰਨਾ ਅੱਗ ਵਿਚ ਪਾਇਆ ਚੰਗਾ, ਝੂਠੀ ਸ੍ਰਿਸ਼ਟੀ ਤੇ ਰੱਬ ਦੇ ਫਕੀਰਾਂ ਨਾਲ ਮਸ਼ਕਰੀ ਕਰਨ ਵਾਲੀ ਲੁਕਾਈ ਮਾਰੀ ਚੰਗੀ।

ਰੱਬੀ ਪਿਆਰ ਵਾਲੇ ਗੁਰੂ ਜੀ ਬੋਲੇ –

ਪੀਰ ਜੀ! ਵਿਗੜਿਆ ਪੁੱਤ ਸੁਆਰਿਆ ਭਲਾ ਕਿ ਮਾਰਿਆ ਭਲਾ?

ਪੀਰ (ਤੱਕ ਕੇ, ਘਬਰਾ ਕੇ) ਨਾ ਸਉਰਨ ਵਾਲੇ ਪੁੱਤ ਤੋਂ ਔਤ ਚੰਗੇਰਾ।

ਗੁਰੂ ਜੀ – ਸੁਆਰਨੋਂ ਅੱਕ ਜਾਣਾ ਭਲਾ ਕਿ ਸੁਆਰਨ ਵਿਚ ਕਦੇ ਨਾ ਅੱਕਣਾ ਭਲਾ?

ਪੀਰ – ਧੁਰੋਂ ਮਾਰੇ ਕਦ ਸਉਰੇ?

ਗੁਰੂ ਨਾਨਕ – ਧੁਰੋਂ ਕਦੇ ਨਾ ਕੋਈ ਮਾਰਿਆ, ਜੋ ਮਾਰਿਆ ਸੋ ਕਰਮਾ ਆਪਣਿਆਂ, ਜੋ ਮਰਿਆ ਸੋ ਧੁਰ ਨਾਲੋਂ ਟੁੱਟ ਕੇ ਮਰਿਆ। ਹਾਂ, ਜੋ ਧੁਰ ਨਾਲੋਂ ਟੁੱਟ ਗਿਆ ਉਸ ਨੂੰ ਕਹੀਦਾ ਹੈ ਧੁਰ ਦਾ ਮਾਰਿਆ। ਸੋ ਟੁੱਟਿਆਂ ਨੂੰ ਮੁੜ ਧੁਰ ਨਾਲ ਲਾਈਏ, ਟੁੱਟੇ ਗੰਢੀਏ, ਵਿਛੁੜੇ ਮੇਲੀਏ। ਮਾਂ ਦੀ ਗੋਦੋਂ ਨੱਸ ਕੇ ਰੁਲਦੇ ਬਾਲਾਂ ਨੂੰ ਝਾੜ ਫੂਕ ਕੇ ਮਾਂ ਦੀ ਗੋਦ ਪਾਈਏ। ਭੈੜਿਆਂ ਬਾਲਾਂ ਨੂੰ ਬੀ ਮਾਰਿਆਂ ਮਾਂ ਦੀ ਆਂਦਰ ਨਹੀਂ ਠਰਦੀ।

ਪੀਰ – ਕੀ ਆਖਾਂ?

ਗੁਰੂ ਨਾਨਕ – ਸੱਚ।

ਪੀਰ – ਸੱਚ, ਸੱਚ, ਸੱਚ, ਸਿਆਲਕੋਟ ਸ਼ਹਿਰ ਕਾਫਰਾਂ ਦਾ। ਜਿਨ੍ਹਾਂ ਪੂਰਨ ਜਤੀ ਦੇ ਹਥ ਵੱਢੇ ਉਹਨਾਂ ਤੇ ਕੀ ਭਰੋਸਾ?

ਗੁਰੂ ਨਾਨਕ – ਸਾਰਾ ਜੀ? ਜੁਮਲਾ ਹੀ?

ਪੀਰ – ਊਤ ਗਿਆ ਆਵਾ।

ਗੁਰੂ ਨਾਨਕ – ਕਦੇ ਹੋਇਆ ਨਹੀਂ, ਭਲੇ ਬੁਰੇ ਰਲੇ ਰਹਿੰਦੇ ਹਨ। ਹਾਂ, ਗਿਲਾਨੀ ਜਗਤ ਵਿਚ ਪ੍ਰਧਾਨ ਹੈ, ਪ੍ਰੇਮ ਨਹੀਂ, ਪਰ ਨੇਕੀ ਬਦੀ ਤਾਂ ਕੋਲੋ ਕੋਲ ਵੀ ਵਸਦੀਆਂ ਦਿਸਦੀਆਂ ਹਨ।

ਪੀਰ – ਪਰਤਾਓ ਤਾਂ ਪਤਾ ਲਗ ਜਾਏ, ਅਸੀਂ ਤਾਂ ਹੱਡ ਵਰਤੀਆਂ ਸੁਣਾਉਂਦੇ ਹਾਂ, ਤਪਾ ਜੀ।

ਇਹ ਕਹਿ ਕੇ ਨੈਣ ਢਹਿ ਪਏ ਤੇ ਫਕੀਰ ਹੁੱਸ ਕੇ ਡੋਬ ਜਿਹੇ ਵਿਚ ਪੈ ਗਿਆ। ਸਤਿਗੁਰ ਨੇ ਮਾਲਸ਼ ਦਾ ਹੁਕਮ ਦਿਤਾ ਤੇ ਹੋਸ਼ ਆਈ, ਫਲਾਂ ਦਾ ਰਸ ਪਿਲਾਉਣ ਦੀ ਆਗਿਆ ਕੀਤੀ। ਫੇਰ ਹੋਸ਼ ਪਰਤ ਪਈ, ਫਿਰ ਦੋ ਘੁੱਟ ਫਲਾਂ ਦਾ ਰਸ ਪਿਲਾਯਾ। ਠੰਢ ਤੇ ਤਪਸ਼ ਦੇ ਅੰਦਰੋਂ ਐਉਂ ਚੱਕਰ ਚਲਦੇ ਸੇ ਜਿਵੇਂ ਇਕ ਪਰਾਤ ਵਿਚ ਠੰਢੇ ਤੇ ਤੱਤੇ ਜਲ ਦੀਆਂ ਦੋ ਟੂਟੀਆਂ ਪੈਂਦੀਆਂ ਚੱਕਰ ਪਾਉਂਦੀਆਂ ਹਨ। ਫਕੀਰ ਕੁਝ ਨਰਮ ਕੁਝ ਗਰਮ ਹੋ ਕੇ ਫੇਰ ਬੋਲਿਆ –

ਹਾਂ, ਸਾਂਈ ਜੀ! ਜੇ ਤੂੰ ਉਹੋ ਨਾਨਕ ਤਪਾ ਹੈਂ ਜੋ ਸੁਣਿਆ ਹੈ ਕਿ ਨਾਮ ਵਿਚ ਕਲਜੁਗ ਅੰਦਰ ਮੁਸ਼ਕਿਆ ਹੈ ਤੇ ਲਪਟ ਆਉਂਦੀ ਬੀ ਹੈ ਤਾਂ ਸ਼ਹਿਰ ਦਾ ਪਤੀਆ ਲੈ।

ਸਤਿਗੁਰ – ਮਰਦਾਨਿਆ! ਲੈ ਦੋ ਪੈਸੇ ਜਾਹ ਬਈ, ਸ਼ਹਿਰੋਂ ਪੈਸੇ ਦਾ ਸੱਚ ਤੇ ਪੈਸੇ ਦਾ ਝੂਠ ਲੈ ਆ, ਆਖੀਂ ਠੀਕ-ਠੀਕ ਸੌਦਾ ਦੇਵੇ।

ਮਰਦਾਨਾ ਗੁਰੂ ਨਾਨਕ ਦੇ ਕੌਤਕਾਂ ਦਾ ਜਾਣੂ ਤਾਂ ਸੀ, ਪਰ ਹਰ ਦਿਨ ਇਥੇ ਨਵਾਂ ਕੌਤਕ ਵਰਤਦਾ ਸੀ, ਜੋ ਮਰਦਾਨੇ ਨੂੰ ਸਦਾ ਨਵੀਂ ਹੈਰਾਨੀ ਵਿਚ ਪਾ ਦੇਂਦਾ ਸੀ। ਸੋ ਹੈਰਾਨ ਹੁੰਦਾ, ਆਗਿਆ ਮੰਨ ਕੇ ਟੁਰ ਗਿਆ। ਹੱਟੀ-ਹੱਟੀ ਫਿਰਿਆ, ਪਹਿਲੇ ਤਾਂ ਹੱਟਾਂ ਸਾਰੀਆ ਖੁਲ੍ਹੀਆਂ ਨਹੀਂ ਸਨ, ਲੋਕੀਂ ਉਧਰ ਨੂੰ ਜਾ ਰਹੇ ਸਨ ਜਿਧਰੋਂ ਇਹ ਆਇਆ ਸੀ। ਕਿਉਂਕਿ ਗੁੰਬਦ ਦੇ ਫਟਣ ਤੇ ਫਕੀਰ ਦੇ ਚਿੱਲ੍ਹੇ ਟੁੱਟਣ ਤੇ ਗੁਰੂ ਨਾਨਕ ਵਾਕ ਦੇ ਪੂਰੇ ਹੋਣ ਦੀ ਖਬਰ ਸ਼ਹਿਰ ਅੱਪੜ ਪਈ ਸੀ। ਪਰ ਮਰਦਾਨਾ ਫੇਰ ਬੀ ਫਿਰਿਆ। ਜਿਸ ਤੋਂ ਮੰਗੇ ਉਹ ਹੱਸ ਪਵੇ। ਕੋਈ ਮਸ਼ਕਰੀ ਕਰੇ, ਕੋਈ ਟਾਲ ਦੇਵੇ, ਕੋਈ ਹੱਥ ਜੋੜ ਦੇਵੇ। ਸਹਿਨ ਸ਼ੀਲਤਾ ਦੇ ਸਮੁੰਦਰ ਦੇ ਪਾਸ ਵੱਸਣ ਕਰਕੇ ਮਰਦਾਨੇ ਨੂੰ ਸਹਿਨ ਸ਼ੀਲਤਾ ਆਉਂਦੀ ਸੀ, ਸੋ ਘਾਬਰਿਆ ਨਹੀਂ। ਆਖਰ ਇਕ ਹੱਟੀ ਵਾਲੇ ਨੇ ਦੋ ਕਾਗਤਾਂ ਤੇ ਕੁਝ ਲਿਖ ਕੇ ਦੇ ਦਿਤਾ ਤੇ ਕਿਹਾ ਇਹ ਸੱਚ ਹੈ ਤੇ ਇਹ ਝੂਠ ਹੈ। ਇਹ ਕਾਗਤ ਲੈ ਕੇ ਮਰਦਾਨਾ ਪਰਤ ਆਯਾ ਤੇ ਸਤਿਗੁਰਾਂ ਜੀ ਦੇ ਚਰਨਾਂ ਵਿਚ ਲਿਆ ਧਰਿਆ।

*ਚਲਦਾ........।'*

# ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ

*ਭਾਈ ਚਮਕੌਰ ਸਿੰਘ*

ਬਹੁਪੱਖੀ ਸ਼ਖਸ਼ੀਅਤ ਦੇ ਮਾਲਕ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਮਹਾਨ ਇਨਕਲਾਬੀ ਯੋਧੇ ਹੋਏ ਹਨ, ਜਿਨ੍ਹਾਂ ਨੇ ਸਦੀਆਂ ਤੋਂ ਜਬਰ-ਜ਼ੁਲਮ ਦੀਆਂ ਸੱਟਾਂ ਨਾਲ ਮਿੱਧੇ-ਮਧੋਲੇ ਹਿੰਦੁਸਤਾਨੀ ਸਮਾਜ ਵਿਚ ਨਵੀਂ ਰੂਹ ਫੂਕੀ ਅਤੇ ਲੋਕਾਂ ਦੇ ਮਨਾਂ ਵਿਚੋਂ ਹਕੂਮਤੀ ਜਬਰ ਤੇ ਸਹਿਮ ਨੂੰ ਦੂਰ ਕਰਨ ਲਈ ਹਥਿਆਰਬੰਦ ਖਾਲਸਾ ਪੰਥ ਦੀ ਸਿਰਜਨਾ ਕੀਤੀ। ਉਨ੍ਹਾਂ ਨੇ ਹਿੰਦੁਸਤਾਨੀ ਲੋਕਾਂ ਦੀ ਸੁੱਤੀ ਹੋਈ ਆਤਮਾ ਨੂੰ ਹਲੂਣਿਆ ਅਤੇ ਇੱਜ਼ਤ, ਸਵੈਮਾਣ ਨਾਲ ਜ਼ਿੰਦਗੀ ਜੀਣ ਲਈ ਪ੍ਰੇਰਿਆ। ਗੁਰੂ ਜੀ ਦੇ ਇਸ ਇਨਕਲਾਬੀ ਮਿਸ਼ਨ ਨੂੰ ਕੱਟੜ ਮੁਗਲ ਹਕੂਮਤ ਸਹਾਰ ਨਾ ਸਕੀ। ਦੂਜੇ ਪਾਸੇ ਧੋਤੀਆਂ ਤੇ ਬੋਦੀਆਂ, ਧਾਰਮਿਕ ਪਰੰਪਰਾਵਾਂ ਦੀ ਧਾਰਨੀ ਸਨਾਤਨੀ ਜਮਾਤ ਅਤੇ ਪਹਾੜੀ ਰਾਜਿਆਂ ਦੀ ਈਰਖਾ ਦਾ ਸੰਤਾਪ ਵੀ ਗੁਰੂ ਜੀ ਨੂੰ ਹੰਡਾਉਣਾ ਪਿਆ। ਇਨ੍ਹਾਂ ਸਮਾਜ ਵਿਰੋਧੀ ਤਾਕਤਾਂ ਦਾ ਮੁਕਾਬਲਾ ਕਰਨ ਲਈ ਗੁਰੂ ਜੀ ਨੂੰ ਕਈ ਯੁੱਧ ਵੀ ਲੜਨੇ ਪਏ। ਇਸ ਸੰਘਰਸ਼ ਦੌਰਾਨ ਉਨ੍ਹਾਂ ਵਲੋਂ ਅਪਣਾਈ ਯੁੱਧ-ਮਰਯਾਦਾ ਨੂੰ ਵਿਚਾਰਨਾ ਬਹੁਤ ਹੀ ਅਹਿਮ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ ਤੇ ਵਿਚਾਰ ਕਰਨ ਤੋਂ ਪਹਿਲਾਂ, ਉਨ੍ਹਾਂ ਦੇ ਇਨਕਲਾਬੀ ਮਿਸ਼ਨ ਨੂੰ ਸਮਝਣਾ ਅਤੀ ਜ਼ਰੂਰੀ ਹੈ। 'ਬਚਿੱਤ੍ਰ ਨਾਟਕ' ਵਿਚ ਉਹ ਆਪਣੇ ਜੀਵਨ-ਉਦੇਸ਼ ਨੂੰ ਖ਼ੁਦ ਹੀ ਇਸ ਤਰ੍ਹਾਂ ਬਿਆਨ ਕਰਦੇ ਹਨ -

*ਹਮ ਇਹ ਕਾਜ ਜਗਤ ਮੋ ਆਏ॥*
*ਧਰਮ ਹੇਤ ਗੁਰਦੇਵ ਪਠਾਏ॥*
*ਜਹਾਂ ਤਹਾਂ ਤੁਮ ਧਰਮ ਬਿਥਾਰੋ॥*
*ਦੁਸਟ ਦੋਖੀਯਨਿ ਪਕਰਿ ਪਛਾਰੋ॥*

ਸਪੱਸ਼ਟ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦਾ ਉਦੇਸ਼ ਧਰਮ ਦੀ ਸਥਾਪਨਾ ਅਤੇ ਅਧਰਮੀ ਪ੍ਰਵਿਰਤੀਆਂ ਦਾ ਸ਼ੰਘਾਰ ਕਰਨਾ ਸੀ। ਇਹ ਉਦੇਸ਼ ਸ੍ਰੀ ਗੁਰੂ ਨਾਨਕ ਸਾਹਿਬ ਤੋਂ ਹੀ ਗੁਰਤਾ-ਗੱਦੀ ਦੀ ਵਿਰਾਸਤ ਬਣਿਆ ਆ ਰਿਹਾ ਸੀ। ਵਿਸ਼ੇ-ਵਿਕਾਰਾਂ, ਬੁਰਾਈਆਂ ਤੇ ਕੁਰੀਤੀਆਂ ਸਦਕਾ ਸਮਾਜ ਵਿਚ ਆ ਚੁੱਕੇ ਨਿਘਾਰ ਨੂੰ ਰੋਕਣ ਲਈ, ਗੁਰੂ ਸਾਹਿਬ ਧਰਤ-ਲੋਕਾਈ ਨੂੰ ਸੁਧਾਰਨ ਦੇ ਉਦੇਸ਼ ਨਾਲ ਉਦਾਸੀਆਂ 'ਤੇ ਨਿਕਲੇ ਸਨ। ਧਰਤੀ ਨੂੰ ਧਰਮਸਾਲ ਬਣਾਉਣ ਹਿਤ ਸ੍ਰੀ ਗੁਰੂ ਨਾਨਕ ਸਾਹਿਬ ਨੇ 'ਸੱਚ ਨੂੰ ਦ੍ਰਿੜ੍ਹ ਕਰਨਾ' ਹੀ ਮਨੁੱਖਤਾ ਦਾ ਇਕੋ-ਇਕ ਸਦੀਵੀ ਧਰਮ ਐਲਾਨ ਕਰ ਦਿਤਾ ਸੀ -

*ਏਕੋ ਧਰਮੁ ਦ੍ਰਿੜੈ ਸਚੁ ਕੋਈ॥*
*ਗੁਰਮਤਿ ਪੂਰਾ ਜੁਗਿ ਜੁਗਿ ਸੋਈ॥*

ਬਾਅਦ ਵਿਚ ਗੁਰਤਾ-ਗੱਦੀ 'ਤੇ ਬਿਰਾਜਮਾਨ ਹੋਣ ਵਾਲੇ ਸਾਰੇ ਗੁਰੂ ਸਾਹਿਬਾਨ, ਇਸ ਰੂਹਾਨੀ ਮਿਸ਼ਨ ਦੇ ਪਹਿਰੇਦਾਰ ਬਣੇ ਰਹੇ। 'ਸੱਚ' ਧਰਮ 'ਤੇ ਡਟਣ ਖ਼ਾਤਰ ਹੀ ਸ੍ਰੀ ਗੁਰੂ ਅਰਜਨ ਸਾਹਿਬ ਅਤੇ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ਨੂੰ ਸ਼ਹਾਦਤਾਂ ਦੇਣੀਆਂ ਪਈਆਂ। ਦਸਮ ਪਾਤਸ਼ਾਹ ਨੇ ਤਾਂ ਧਰਮ ਦੀ ਸਥਾਪਨਾ ਲਈ ਆਪਣਾ ਸਰਬੰਸ ਤਕ ਸਭ ਕੁਝ ਕੁਰਬਾਨ ਕਰ ਦਿਤਾ। ਬਿਨਾਂ ਸ਼ੱਕ ਉਨ੍ਹਾਂ ਦੁਆਰਾ ਲੜੇ ਗਏ ਯੁੱਧਾਂ ਦਾ ਮਨੋਰਥ ਧਰਮ ਦੀ ਸਥਾਪਨਾ, ਨੇਕ-ਜਨਾਂ ਦੀ ਰਖਿਆ ਅਤੇ ਦੁਸ਼ਟਾਂ ਦਾ ਨਾਸ਼ ਕਰਨਾ ਸੀ -

*ਧਰਮ ਚਲਾਵਨ ਸੰਤ ਉਬਾਰਨ॥*
*ਦੁਸ਼ਟ ਸਭਨ ਕੋ ਮੂਲ ਉਪਾਰਨ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਯੁੱਧਾਂ 'ਤੇ ਡੂੰਘੀ ਵਿਚਾਰ ਕਰਨ ਤੋਂ ਵੀ ਇਹੋ ਗੱਲ ਸਪੱਸ਼ਟ ਰੂਪ ਵਿਚ ਉੱਘੜ ਕੇ ਸਾਹਮਣੇ ਆਉਂਦੀ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੇ ਸਮੁੱਚੇ ਜੀਵਨ ਸੰਘਰਸ਼ ਦਾ ਉਦੇਸ਼ ਸੱਚ ਧਰਮ ਦੀ ਸਥਾਪਨਾ ਲਈ ਮਜ਼ਲੂਮਾਂ, ਨਿਤਾਣਿਆਂ ਦੀ ਰਾਖੀ ਕਰਨਾ ਅਤੇ ਹਰ ਤਰ੍ਹਾਂ ਦੇ ਜਬਰ-ਜ਼ੁਲਮ ਦਾ ਟਾਕਰਾ ਕਰਨਾ ਸੀ। ਉਨ੍ਹਾਂ ਦੁਆਰਾ ਜੰਗ ਲੜਨ ਦਾ ਮਨੋਰਥ ਲੋਕਾਂ ਨਾਲ ਹੋ ਰਹੇ ਜਬਰ, ਧੱਕੇਸ਼ਾਹੀ ਤੇ ਅਨਿਆਂ ਨੂੰ ਠੱਲ੍ਹ ਪਾਉਣਾ ਸੀ, ਜੋ ਕਿ 'ਗਰੀਬ ਕੀ ਰੱਖਿਆ, ਜਰਵਾਣੇ ਕੀ ਭੱਖਿਆ' ਦੇ ਅਸੂਲ 'ਤੇ ਅਧਾਰਤ ਸੀ। ਅਜਿਹਾ ਇਸ ਲਈ ਵੀ ਸੀ ਕਿਉਂਕਿ ਗੁਰੂ ਜੀ ਦਾ ਕਿਰਦਾਰ ਐਸੇ ਅਕਾਲੀ-ਇਸ਼ਟ ਦੇ ਪ੍ਰੇਮ-ਰੰਗ ਵਿਚ ਰੰਗਿਆ ਹੋਇਆ ਸੀ, ਜਿਹੜਾ ਆਪ 'ਗ਼ਨੀਮੁਲ ਸ਼ਿਕਸਤੈ, ਗ਼ਰੀਬੁਲ ਪਰਸਤੈ ਦਾ ਸੁਭਾਅ ਰੱਖਣ ਵਾਲਾ ਹੈ।

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਤਤਕਾਲੀ ਹਾਲਤ ਦੀ ਪੜਚੋਲ ਕਰਕੇ ਭਾਂਪ ਲਿਆ ਸੀ ਕਿ ਸਮਾਜ ਦੇ ਪਤਨ ਦਾ ਮੁੱਖ ਕਾਰਨ ਲੋਕਾਂ ਦੀ ਗ਼ੁਲਾਮ ਮਾਨਸਿਕਤਾ ਹੈ। ਇਸ ਲਈ ਉਨ੍ਹਾਂ ਨੇ ਲੋਕਾਂ ਦੀ ਸੁੱਤੀ ਹੋਈ ਅਣਖ ਨੂੰ ਜਗਾਉਣ ਅਤੇ ਉਨ੍ਹਾਂ ਦੇ ਮਨਾਂ ਅੰਦਰ ਚੜ੍ਹਦੀ ਕਲਾ ਦਾ ਅਹਿਸਾਸ ਭਰਨ ਲਈ ਖਾਲਸੇ ਦੀ ਸਾਜਨਾ ਕੀਤੀ। ਜਿਹੜੇ ਲੋਕ-ਹਕੂਮਤੀ ਕਰਿੰਦਿਆਂ ਦੇ ਸਾਹਮਣੇ ਵੀ ਜ਼ੁਬਾਨ ਖੋਲ੍ਹਣ ਦੀ ਹਿੰਮਤ ਨਹੀਂ ਰਖਦੇ ਸਨ, ਉਨ੍ਹਾਂ ਦੇ ਹੱਥਾਂ 'ਚ ਤੇਗ਼ਾਂ, ਖੰਡੇ ਫੜਾ ਯੋਧੇ ਬਣਾ ਦਿਤਾ। ਆਪਣੀ ਦੂਰ ਅੰਦੇਸ਼ ਅਗਵਾਈ ਦੁਆਰਾ ਹੋਲੇ ਮੁਹੱਲੇ ਦੀ ਪਰੰਪਰਾ ਸ਼ੁਰੂ ਕਰਕੇ ਦੱਬੇ ਕੁਚਲੇ ਅਤੇ ਸਾਹਸਤਹੀਣ ਲੋਕਾਂ ਨੂੰ ਜਬਰ-ਜ਼ੁਲਮ ਦੇ ਖਿਲਾਫ਼ ਜੂਝਣ ਦੇ ਸਮਰੱਥ ਬਣਾ ਦਿਤਾ। ਖਾਲਸੇ ਦੀ ਸਾਜਨਾ ਦੇ ਇਸ ਰਾਜ਼ ਨੂੰ 'ਗੁਰ ਸੋਭਾ' ਦੇ ਲਿਖਾਰੀ ਨੇ ਇਸ ਤਰ੍ਹਾਂ ਕਲਮਬੱਧ ਕੀਤਾ ਹੈ –

*ਅਸੁਰ ਸੰਘਾਰਬੇ ਕੋ ਦੁਰਜਨ ਕੇ ਮਾਰਬੇ ਕੋ,*
*ਸੰਕਟ ਨਿਵਾਰਬੇ ਕੋ ਖਾਲਸਾ ਬਨਾਯੋ ਹੈ।*

ਸ੍ਰੀ ਗੁਰੂ ਗੋਬਿੰਦ ਸਿੰਘ ਦਾ ਸੰਘਰਸ਼ ਕਿਸੇ ਧਰਮ, ਕੌਮ ਜਾਂ ਫਿਰਕੇ ਦੇ ਵਿਰੁੱਧ ਨਹੀਂ ਸੀ ਅਤੇ ਨਾ ਹੀ ਉਨ੍ਹਾਂ ਦੀ ਜੁਝਾਰੂ ਬਿਰਤੀ ਕਿਸੇ ਬਦਲਾਉ ਭਾਵਨਾ ਦੀ ਉਪਜ ਸੀ। ਉਨ੍ਹਾਂ ਦਾ ਮਨੋਰਥ ਕਿਸੇ ਨਾਲ ਜਬਰ ਜਾਂ ਧੱਕੇਸ਼ਾਹੀ ਕਰਨਾ ਨਹੀਂ, ਬਲਕਿ ਇਸ ਨੂੰ ਰੋਕਣਾ ਸੀ। ਉਹ ਜ਼ਿੰਦਗੀ ਭਰ ਹਿੰਦੂ ਮੁਸਲਮਾਨ ਦੇ ਭੇਦਭਾਵ ਤੋਂ ਬਿਨਾਂ ਜਬਰ, ਜ਼ੁਲਮ ਤੇ ਅਨਿਆ ਖਿਲਾਫ ਜੂਝਦੇ ਰਹੇ। ਰੱਬੀ ਪ੍ਰੇਮ ਅਤੇ ਪਰਉਪਕਾਰ ਨਾਲ ਭਿੱਜੇ ਹੋਏ ਗੁਰੂ ਜੀ ਉੱਚੇ ਸੁੱਚੇ ਕਿਰਦਾਰ ਦੇ ਮਾਲਕ ਸਨ, ਜੋ ਸਮੁੱਚੀ ਮਨੁੱਖਤਾ ਨੂੰ ਇਕ ਰੂਪ ਵੇਖਦੇ ਹੋਏ ਕਹਿੰਦੇ ਹਨ –

*ਹਿੰਦੂ ਤੁਰਕ ਕੋਊ ਰਾਫਜੀ ਇਮਾਮ ਸਾਫ਼ੀ*
*ਮਾਨਸ ਕੀ ਜਾਤਿ ਸਭੈ ਏਕੈ ਪਹਿਚਾਨਬੋ॥*

ਸ੍ਰੀ ਅਨੰਦਪੁਰ ਸਾਹਿਬ ਦੀ ਜੰਗ ਵੇਲੇ ਭਾਈ ਘਨ੍ਹਈਆ ਜੀ ਵਲੋਂ ਵੈਰੀ ਦਲ ਦੇ ਸੈਨਿਕਾਂ ਨੂੰ ਜਲ ਛਕਾਉਣ ਵਾਲੀ ਘਟਨਾ ਤੋਂ ਵੀ ਇਹੋ ਪ੍ਰਗਟ ਹੁੰਦਾ ਹੈ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨਿਰਵੈਰ ਭਾਵਨਾ ਰੱਖਣ ਵਾਲੇ ਸਨ, ਨਹੀਂ ਤਾਂ ਉਹ ਜ਼ਰੂਰ ਭਾਈ ਸਾਹਿਬ ਨੂੰ ਅਜਿਹਾ ਕਰਨ ਤੋਂ ਵਰਜ ਦਿੰਦੇ। ਗੁਰੂ ਜੀ ਨੇ ਕਦੇ ਵੀ ਨਿੱਜੀ ਸਵਾਰਥ ਜਾਂ ਦੁਨਿਆਵੀ ਸ਼ੋਭਾ-ਸ਼ਕਤੀ ਦੀ ਪ੍ਰਾਪਤੀ ਲਈ ਜੰਗ ਨਹੀਂ ਕੀਤੀ। ਜਿੱਤ ਪ੍ਰਾਪਤੀ ਨੂੰ ਵੀ ਉਨ੍ਹਾਂ ਅਕਾਲ ਪੁਰਖ ਦੀ ਬਖਸ਼ਿਸ਼ ਹੀ ਸਮਝਿਆ।

*ਭਈ ਜੀਤ ਮੇਰੀ। ਕ੍ਰਿਪਾ ਕਾਲ ਕੇਰੀ।*

ਅਜਿਹਾ ਇਸ ਲਈ ਕੀਤਾ ਤਾਂ ਜੋ ਜਿੱਤ ਨਾਲ ਵਧਿਆ ਹੋਇਆ ਮਨੋਬਲ ਬੁਰਾਈ ਦੇ ਰਾਹ ਨਾ ਪੈ ਜਾਵੇ। ਮੈਦਾਨਿ-ਜੰਗ ਵਿਚ ਅਕਾਲ ਪੁਰਖ ਦੀ ਭੈਅ-ਭਾਵਨੀ ਹੀ ਖਾਲਸੇ ਨੂੰ ਨਿਆਂਕਾਰੀ ਬਣਾਉਂਦੀ ਹੈ। ਤਾਂਹੀ ਤਾਂ ਗੁਰੂ ਜੀ ਉਨ੍ਹਾਂ ਸੂਰਮਿਆਂ ਨੂੰ ਧੰਨਤਾ ਦੇ ਲਾਇਕ ਸਮਝਦੇ ਹਨ, ਜਿਹੜੇ ਯੁੱਧ ਸਮੇਂ ਵੀ ਅਕਾਲ ਪੁਰਖ ਨੂੰ ਯਾਦ ਰਖਦੇ ਹਨ –

*ਧੰਨਿ ਜੀਓ ਤਿਹ ਕੋ ਜਗ ਮੈ*
*ਮੁਖ ਤੇ ਹਰਿ ਚਿਤ ਮੈ ਜੁਧੁ ਬਿਚਾਰੈ॥*

ਗੁਰੂ ਜੀ ਦੀ ਮਨੋਬਿਰਤੀ ਮੱਲੋ-ਮੱਲੀ ਜੰਗਾਂ-ਯੁੱਧਾਂ ਵਿਚ ਉਲਝਣ ਵਾਲੀ ਬਿਲਕੁਲ ਨਹੀਂ ਸੀ। ਸਾਰੀਆਂ ਜੰਗਾਂ ਵਿਚ ਪਹਿਲ ਹਮੇਸ਼ਾਂ ਮੁਗ਼ਲ ਫੌਜ ਜਾਂ ਪਹਾੜੀ ਰਾਜਿਆਂ ਵਲੋਂ ਹੁੰਦੀ ਰਹੀ, ਪਰ ਗੁਰੂ ਜੀ ਨੇ ਕਦੇ ਵੀ ਪਹਿਲ ਨਹੀਂ ਕੀਤੀ। ਇਸ ਅਸੂਲ ਨੂੰ ਉਨ੍ਹਾਂ ਨੇ ਬਿਖੜੇ ਵੇਲੇ ਵੀ ਦ੍ਰਿੜ੍ਹਤਾ ਸਹਿਤ ਕਾਇਮ ਰੱਖਿਆ। ਗੁਰੂ ਜੀ ਦਾ ਇਹ ਦ੍ਰਿੜ੍ਹ ਵਿਸ਼ਵਾਸ਼ ਸੀ ਕਿ ਜਾਬਰ ਨੂੰ ਸਿੱਧੇ ਰਾਹ 'ਤੇ ਲਿਆਉਣ ਲਈ ਤਲਵਾਰ ਦੀ ਵਰਤੋਂ ਤਦ ਹੀ ਜਾਇਜ਼ ਹੈ, ਜਦ ਸਾਰੇ ਹੀਲੇ-ਵਸੀਲੇ ਨਾਕਾਮ ਹੋ ਜਾਣ –

*ਚੁ ਕਾਰ ਅਜ਼ ਹਮਹ ਹੀਲਤੇ ਦਰ ਗੁਜ਼ਸ਼ਤ॥*
*ਹਲਾਲ ਅਸਤ ਬੁਰਦਨ ਬ-ਸ਼ਮਸ਼ੀਰ ਦਸਤ॥*

ਭਾਵੇਂ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਨੇ ਯੁੱਧ ਲਈ ਕਦੇ ਪਹਿਲ ਨਹੀਂ ਕੀਤੀ, ਪਰ ਵੈਰੀ ਵੱਲੋਂ ਹੋਏ ਹਰ ਹਮਲੇ ਦਾ ਉਨ੍ਹਾਂ ਹਮੇਸ਼ਾ ਹੀ ਮੂੰਹ ਤੋੜਵਾਂ ਜਵਾਬ ਦਿਤਾ। ਉਸ ਸਮੇਂ ਉਨ੍ਹਾਂ ਵੈਰੀ ਦਲ ਦੀ ਫੌਜੀ ਗਿਣਤੀ ਜਾਂ ਸਮਰੱਥਾ ਦੀ ਪਰਵਾਹ ਵੀ ਨਹੀਂ ਕੀਤੀ। ਸਾਹਸ ਤੇ ਹੌਂਸਲੇ ਨਾਲ ਸੀਮਤ ਸਾਧਨਾਂ ਦੇ ਹੁੰਦੇ ਹੋਏ ਵੀ ਉਨ੍ਹਾਂ ਪਹਾੜੀ ਰਾਜਿਆਂ ਅਤੇ ਮੁਗ਼ਲ ਫੌਜਾਂ ਨਾਲ ਹੋਏ ਯੁੱਧਾਂ ਵਿਚ ਜਿੱਤ ਪ੍ਰਾਪਤ ਕੀਤੀ। ਦ੍ਰਿੜ੍ਹ ਨਿਸ਼ਚੇ ਸਦਕਾ ਜਿੱਤ ਹਰ ਪੜਾਅ 'ਤੇ ਉਨ੍ਹਾਂ ਦੇ ਪੈਰ ਚੁੰਮਦੀ ਰਹੀ, ਕਿਉਂਕਿ ਉਨ੍ਹਾਂ ਦਾ ਵਿਸ਼ਵਾਸ਼ ਸੀ–

*ਨ ਡਰੋ ਅਰਿ ਸੋ ਜਬ ਜਾਇ ਲਰੋ।*
*ਨਿਸਚੈ ਕਰਿ ਅਪੁਨੀ ਜੀਤ ਕਰੋ॥*

ਇਤਿਹਾਸ ਤੋਂ ਪਤਾ ਲਗਦਾ ਹੈ ਕਿ ਯੁੱਧ ਸਬੰਧੀ

ਗੁਰੂ ਜੀ ਦਾ ਨਜ਼ਰੀਆ ਬਿਲਕੁਲ ਸਪੱਸ਼ਟ ਸੀ ਕਿ ਵੈਰੀ ਦੀ ਈਨ ਨਹੀਂ ਮੰਨਣੀ, ਹਥਿਆਰ ਨਹੀਂ ਸੁੱਟਣੇ, ਮਰਨਾ ਪ੍ਰਵਾਨ ਹੈ ਪਰ ਪਿੱਠ ਨਹੀਂ ਦਿਖਾਉਣੀ। ਉਨ੍ਹਾਂ ਨੇ ਇਕ ਸਿੰਘ ਵਿਚ ਸਵਾ-ਸਵਾ ਲੱਖ ਦੇ ਬਰਾਬਰ ਹੋਣ ਦਾ ਅਹਿਸਾਸ ਪੈਦਾ ਕੀਤਾ। ਇਹੋ ਕਾਰਨ ਹੈ ਕਿ ਭੀੜ ਪੈਣ 'ਤੇ ਇਕੱਲੇ-ਇਕੱਲੇ ਸਿੰਘ ਨੇ ਜਾਬਰ ਦਲ ਦਾ ਡੱਟ ਕੇ ਮੁਕਾਬਲਾ ਕੀਤਾ ਅਤੇ ਰਣ-ਤੱਤੇ ਵਿਚ ਸ਼ਹੀਦ ਹੋਣ ਨੂੰ ਪੁੰਨ ਕਰਮ ਸਮਝਿਆ। ਉਨ੍ਹਾਂ ਦੇ ਹਿਰਦੇ ਅੰਦਰ ਦਸ਼ਮੇਸ਼ ਪਿਤਾ ਜੀ ਦੀ ਇਹ ਧੁਨੀ ਲਗਾਤਾਰ ਗੂੰਜਦੀ ਰਹੀ -

*ਜਬ ਆਵ ਦੀ ਅਉਧ ਨਿਦਾਨ ਬਨੈ*
*ਅਤਿ ਹੀ ਰਨ ਮੈ ਤਬ ਜੂਝ ਮਰੋ॥*

ਗੁਰੂ ਜੀ ਵਲੋਂ ਖਾਲਸੇ ਨੂੰ ਯੁੱਧ ਦੇ ਦੌਰਾਨ ਜ਼ਾਬਤੇ ਵਿਚ ਰਹਿਣ ਦੇ ਸਖਤ ਆਦੇਸ਼ ਸਨ ਕਿ ਮਜ਼ਲੂਮ, ਮਾਸੂਮ ਅਤੇ ਅਬਲਾ ਉਤੇ ਹੱਥ ਨਹੀਂ ਚੁੱਕਣਾ, ਸ਼ਰਨ ਆਏ ਵੈਰੀ ਨੂੰ ਦੁਰਕਾਰਨਾ ਨਹੀਂ, ਨਿਰਦੋਸ਼ ਨੂੰ ਮਾਰਨਾ ਨਹੀਂ, ਬਿਨਾਂ ਚੇਤਾਵਨੀ ਪਿੱਠ ਪਿਛੋਂ ਵਾਰ ਨਹੀਂ ਕਰਨਾ। ਉਨ੍ਹਾਂ ਖਾਲਸੇ ਨੂੰ ਨਿਹੱਥੇ ਅਤੇ ਕਮਜ਼ੋਰ (ਜੋ ਲੜਨ ਦੇ ਕਾਬਲ ਨਾ ਹੋਵੇ) ਉਤੇ ਵਾਰ ਕਰਨ ਤੋਂ ਵੀ ਵਰਜਿਆ। 'ਜ਼ਫਰਨਾਮੇ' ਵਿਚ ਉਨ੍ਹਾਂ ਔਰੰਗਜ਼ੇਬ ਵਲੋਂ ਕਮਜ਼ੋਰਾਂ ਤੇ ਮਜ਼ਲੂਮਾਂ ਉਤੇ ਜਬਰ ਕਰਨ ਦੀ ਘੋਰ ਨਿੰਦਾ ਕੀਤੀ ਹੈ-

*ਮਜ਼ਨ ਤੇ.ਗ ਬਰ ਖ਼ੂਨਿ ਕਸ ਬੇਦਰੇ.ਗ।*
*ਤੁਰਾ ਨੀਜ਼ ਖ਼ੂੰ ਚਰਖ਼ ਰੇਜ਼ਦ ਬਤੇ.ਗ।*
*ਤੂ .ਗਾਫ਼ਿਲ ਮਸ਼ੌ ਮਰਦਿ ਯਜ਼ਦਾਂ ਹਿਰਾਸ।*
*ਕਿ ਓ ਬੇਨਯਾਜ਼ਸਤੁ ਓ ਬੇਸਿਪਾਸ।*

ਸ੍ਰੀ ਗੁਰੂ ਨਾਨਕ ਸਾਹਿਬ ਦਾ ਵੀ ਫੁਰਮਾਨ ਹੈ ਕਿ ਜੇ ਜਾਬਰ ਵਿਅਕਤੀ ਕਮਜ਼ੋਰਾਂ 'ਤੇ ਜ਼ੁਲਮ ਕਰੇ ਤਾਂ ਇਹ ਨਿੰਦਣਯੋਗ ਹੈ, ਪਰ ਜੇ ਮੁਕਾਬਲਾ ਬਰਾਬਰ ਦੇ ਨਾਲ ਹੋਵੇ ਤਾਂ ਕੋਈ ਇਤਰਾਜ਼ ਨਹੀਂ -

*ਜੇ ਸਕਤਾ ਸਕਤੇ ਕਉ ਮਾਰੇ ਤਾਂ ਮਨਿ ਰੋਸੁ ਨ ਹੋਈ॥*

ਸ੍ਰੀ ਗੁਰੂ ਗੋਬਿੰਦ ਸਿੰਘ ਜੀ ਦੀ ਯੁੱਧ-ਮਰਯਾਦਾ ਮਾਨਵੀ ਅਸੂਲਾਂ ਅਤੇ ਇਖ਼ਲਾਕੀ ਕਦਰਾਂ-ਕੀਮਤਾਂ ਉਤੇ ਅਧਾਰਿਤ ਸੀ। ਇਸ ਲਈ ਇਤਿਹਾਸ ਵਿਚ ਅਜਿਹੀ ਕੋਈ ਵੀ ਘਟਨਾ ਨਹੀਂ ਮਿਲਦੀ, ਜਦ ਗੁਰੂ ਜੀ ਦੇ ਸੰਤ-ਸਿਪਾਹੀਆ ਨੇ ਨਿਰਦੋਸ਼ ਲੋਕਾਂ ਨੂੰ ਲੁੱਟਿਆ-ਮਾਰਿਆ ਹੋਵੇ ਜਾਂ ਕਿਸੇ ਔਰਤ ਨਾਲ ਦੁਰ-ਵਿਵਹਾਰ ਕੀਤਾ ਹੋਵੇ। ਇਕ ਵਾਰ ਗੁਰੂ ਜੀ ਨੂੰ ਸਿੱਖਾਂ ਨੇ ਪੁੱਛਿਆ ਕਿ ਮੁਸਲਮਾਨ ਸਿਪਾਹੀ ਹਿੰਦੂ ਔਰਤਾਂ ਦੀ ਬੇਪਤੀ ਕਰਦੇ ਹਨ, ਪਰ ਸਿੱਖਾਂ ਨੂੰ ਇਸ ਦਾ ਜਵਾਬੀ ਬਦਲਾ ਲੈਣ ਤੋਂ ਕਿਉਂ ਵਰਜਿਆ ਜਾਂਦਾ ਹੈ? ਤਾਂ ਗੁਰੂ ਜੀ ਨੇ ਸ਼ੰਕਾ ਨਵਿਰਤ ਕਰਦਿਆਂ ਜਵਾਬ ਦਿਤਾ ਕਿ ਮੈਂ ਖਾਲਸਾ ਪੰਥ ਨੂੰ ਬੁਰਾਈ (ਕਲਮਲ) ਤੋਂ ਉੱਚੇ ਰੱਖਣਾ ਚਾਹੁੰਦਾ ਹਾਂ। ਕਵੀ ਸੰਤੋਖ ਸਿੰਘ ਦੇ ਸ਼ਬਦਾਂ ਵਿਚ -

*ਸੁਨਿ ਸਤਿਗੁਰ ਬੋਲੇ ਤਿਸ ਬੇਰੇ।*
*ਹਮ ਲੇ ਜਾਨੋ ਪੰਥ ਉਚੇਰੇ।*
*ਨਹੀਂ ਅਧੋਗਤਿ ਬਿਖੈ ਪੁਚਾਵੈਂ।*
*ਯਾਂ ਤੇ ਕਲਮਲ ਕਰਨ ਹਟਾਵੈਂ।*

ਯੁੱਧ ਦੇ ਇਸ ਇਖਲਾਕੀ ਮਿਆਰ ਦਾ ਪ੍ਰਭਾਵ ਅਠਾਰ੍ਹਵੀਂ ਸਦੀ ਦੇ ਸਿੱਖ ਸੰਘਰਸ਼ ਸਮੇਂ ਵੀ ਕਾਇਮ ਰਿਹਾ। ਅਹਿਮਦ ਸ਼ਾਹ ਅਬਦਾਲੀ ਦੇ ਸੱਤਵੇਂ ਹਮਲੇ ਦਾ ਚਸ਼ਮਦੀਦ ਲਿਖਾਰੀ 'ਕਾਜ਼ੀ ਨੂਰ ਮੁਹੰਮਦ' ਆਪਣੇ ਜੰਗਨਾਮੇ ਵਿਚ ਸਿੰਘਾਂ ਨੂੰ 'ਸਗ' (ਕੁੱਤੇ) ਲਿਖਦਾ ਹੋਇਆ ਵੀ ਉਨ੍ਹਾਂ ਦੇ ਉਚੇ ਇਖ਼ਲਾਕ ਦੀ ਪ੍ਰਸੰਸਾ ਕਰਨੋਂ ਨਹੀਂ ਰਹਿੰਦਾ। ਸ. ਕਰਮ ਸਿੰਘ ਹਿਸਟੋਰੀਅਨ ਦੁਆਰਾ 'ਜੰਗਨਾਮੇ' ਦੇ ਪੰਜਾਬੀ ਤਰਜਮੇ ਅਨੁਸਾਰ ਕਾਜ਼ੀ ਦਾ ਕਹਿਣਾ ਹੈ -

''ਇਹ (ਸਿੱਖ) ਨਮਰਦ ਨੂੰ (ਜੋ ਲੜਾਈ ਵਿਚ ਹਥਿਆਰ ਸੁੱਟ ਦੇਵੇ) ਕਦੇ ਵੀ ਨਹੀਂ ਮਾਰਦੇ, ਨਾ ਹੀ ਨੱਸੇ ਜਾਂਦੇ ਨੂੰ ਵਲਦੇ ਹਨ। ਨਾ ਹੀ ਕਿਸੇ ਤ੍ਰੀਮਤ ਦਾ ਗਹਿਣਾ ਜਾਂ ਰੁਪਈਆ ਲੁੱਟਦੇ ਹਨ ਭਾਵੇਂ ਸਵਾਣੀ ਹੋਵੇ, ਭਾਵੇਂ ਗੋਲੀ-ਬਾਂਦੀ। ਇਨ੍ਹਾਂ ਵਿਚ ਵਿਭਚਾਰ ਵੀ ਨਹੀਂ, ਨਾ ਹੀ ਇਹ ਚੋਰੀ ਕਰਦੇ ਹਨ।

ਅੰਤ ਵਿਚ ਅਸੀਂ ਕਹਿ ਸਕਦੇ ਹਾਂ ਕਿ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਇਕ ਐਸੇ ਜਰਨੈਲ ਅਤੇ ਉੱਚ ਕੋਟੀ ਦੇ ਨੀਤੀਵਾਨ ਹੋਏ ਹਨ, ਜਿਨ੍ਹਾਂ ਨੇ ਜ਼ਿੰਦਗੀ ਭਰ ਹੱਕ, ਸੱਚ, ਇਨਸਾਫ਼ ਲਈ ਸੰਘਰਸ਼ ਕੀਤਾ ਅਤੇ ਦੱਬੇ ਕੁਚਲੇ ਲੋਕਾਂ ਨੂੰ ਅਣਖ ਨਾਲ ਜੀਣਾ ਸਿਖਾਇਆ। ਉਨ੍ਹਾਂ ਨੇ ਹਥਿਆਰਬੰਦ ਸੰਘਰਸ਼ ਦੁਆਰਾ ਜਿੱਥੇ ਜਬਰ-ਜ਼ੁਲਮ ਦੀ ਹਨ੍ਹੇਰੀ ਨੂੰ ਠੱਲ੍ਹ ਪਾਈ, ਉਥੇ ਯੁੱਧ ਦੌਰਾਨ ਉੱਚੇ ਇਖ਼ਲਾਕੀ ਮਿਆਰ ਨੂੰ ਵੀ ਕਾਇਮ ਰੱਖਿਆ। ਉਨ੍ਹਾਂ ਦੇ ਸੰਘਰਸ਼ਮਈ ਜੀਵਨ ਦਾ ਸੁਨਹਿਰੀ ਇਤਿਹਾਸ ਹਮੇਸ਼ਾ ਲਈ ਮਨੁੱਖਤਾ ਦਾ ਮਾਰਗ-ਦਰਸ਼ਨ ਕਰਦਾ ਰਹੇਗਾ।

# ਸਾਹਿਬ ਸ੍ਰੀ ਗੁਰੂ ਅੰਗਦ ਦੇਵ ਜੀ ਦਰਸ਼ਨ

*ਕ੍ਰਿਤ - ਪੂਰਨ ਸਿੰਘ*

*(ਲੜੀ ਜੋੜਨ ਲਈ ਦੇਖੋ, ਸਤੰਬਰ ਅੰਕ, ਪੰਨਾ-52)*

## ਸ੍ਰੀ ਗੁਰੂ ਅੰਗਦ ਦੇਵ ਜੀ ਦੇ ਤਿੰਨ ਮੰਦਰ

ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੀਆਂ ਉਦਾਸੀਆਂ (ਯਾਤਰਾਵਾਂ) ਦੇ ਹਾਲ ਅਤੇ ਸ਼ਬਦ ਲਿਖਵਾਉਣੇ, ਆਰੰਭ ਕਰ ਦਿਤੇ। ਉਹ ਇਹ ਉਨ੍ਹਾਂ ਸਿੱਖਾਂ ਪਾਸੋਂ ਸੁਣ ਸਕਦੇ ਸਨ ਜਿਨ੍ਹਾਂ ਨੇ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਦਰਸ਼ਨ ਕੀਤੇ ਸਨ ਅਤੇ ਦੂਰੋਂ ਨੇੜਿਓਂ ਆਉਂਦੇ ਰਹਿੰਦੇ ਸਨ। ਇਸ ਤਰ੍ਹਾਂ ਉਨ੍ਹਾਂ ਨੇ ਲੋਕਾਂ ਨੂੰ ਸਾਹਿਤਕ ਦਾਤ ਦੇਣ ਦੀ ਪਰੰਪਰਾ ਦਾ ਆਰੰਭ ਕੀਤਾ। ਵਰਣਮਾਲਾ ਉਹ ਪਹਿਲਾਂ ਦੇ ਚੁੱਕੇ ਸਨ। ਲੰਗਰ ਤੇ ਕੀਰਤਨ ਤੋਂ ਇਲਾਵਾ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਸਿੱਖਿਆ ਦਾ ਤੀਜਾ ਮੰਦਰ ਸਥਾਪਿਤ ਕੀਤਾ।

## ਸ੍ਰੀ ਗੁਰੂ ਅੰਗਦ ਦੇਵ ਜੀ ਤੇ ਉਨ੍ਹਾਂ ਦੇ ਸੇਵਕ ਸ੍ਰੀ ਗੁਰੂ ਅਮਰਦਾਸ ਜੀ

ਸ੍ਰੀ ਗੁਰੂ ਅੰਗਦ ਦੇਵ ਜੀ ਦੇ ਸਮੇਂ ਸ੍ਰੀ ਗੁਰੂ ਅਮਰਦਾਸ ਜੀ, ਅਧਿਆਤਮਕ ਪ੍ਰਤਿਭਾ ਦਾ ਸਾਖਿਆਤ ਸਰੂਪ ਸਨ। ਉਹ ਵੈਸ਼ਨੂੰ ਮਤ ਦੇ ਉਪਾਸ਼ਕ ਸਨ ਤੇ ਉਨ੍ਹਾਂ ਦਾ ਬਹੁਤਾ ਜੀਵਨ ਤੀਰਥ-ਯਾਤਰਾ ਵਿਚ ਬਤੀਤ ਹੋਇਆ ਸੀ। ਚਾਲੀ ਵਾਰ ਉਹ ਨੰਗੇ ਪੈਰੀਂ ਗੰਗਾ ਇਸ਼ਨਾਨ ਲਈ ਹਰਿਦੁਆਰ ਗਏ, ਰਾਹ ਵਿਚ ਰੱਬੀ ਭਜਨ ਗਾਉਂਦੇ ਜਾਂਦੇ ਤੇ ਦਇਆ ਭਾਵ ਨਾਲ ਭਰਪੂਰ ਰਹਿੰਦੇ। ਸਾਰਾ ਜੀਵਨ ਨੇਕੀ, ਪਵਿੱਤਰਤਾ ਤੇ ਗਰੀਬੀ ਵਿਚ ਗੁਜ਼ਾਰਿਆ। ਸੱਤਰ ਸਾਲ ਦੀ ਉਮਰ ਵਿਚ ਇਕ ਨਿੱਕੀ ਜਿਹੀ ਘਟਨਾ ਨੇ ਉਨ੍ਹਾਂ ਅੰਦਰ ਇਕ ਇਨਕਲਾਬ ਲੈ ਆਂਦਾ। ਉਨ੍ਹਾਂ ਕੇਵਲ ਸ੍ਰੀ ਗੁਰੂ ਅੰਗਦ ਦੇਵ ਜੀ ਦੀ ਸਪੁੱਤਰੀ, ਬੀਬੀ ਅਮਰੋ, ਜੋ ਸ੍ਰੀ ਗੁਰੂ ਅਮਰਦਾਸ ਜੀ ਦੇ ਭਤੀਜੇ ਦੀ ਪਤਨੀ ਸੀ, ਕੋਲੋਂ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਦਾ ਮਧੁਰ ਗਾਇਨ ਹੀ ਸੁਣਿਆ ਸੀ। ਇਕ ਦਿਨ ਅੰਮ੍ਰਿਤ ਵੇਲੇ ਜਦੋਂ ਬੀਬੀ ਜੀ ਦੁੱਧ ਰਿੜਕ ਰਹੇ ਸਨ ਤਾਂ ਉਹ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਬਾਣੀ ਜਪੁਜੀ ਸਾਹਿਬ ਦੇ ਰੱਬੀ ਸੰਗੀਤ ਨੂੰ ਇਸ ਤਰ੍ਹਾਂ ਉਚਾਰੀ ਜਾ ਰਹੇ ਸਨ, ਜਿਵੇਂ ਪੰਛੀ ਚਹਿਚਹਾਉਂਦੇ ਤੇ ਗਾਉਂਦੇ, ਉੱਚੇ ਮੰਡਲਾਂ ਵਿਚ ਉਡ ਰਹੇ ਹੋਣ। ਬਿਰਧ ਚਾਚੇ ਸ੍ਰੀ ਗੁਰੂ ਅਮਰਦਾਸ ਜੀ ਨੇ ਫਰਿਸ਼ਤਿਆਂ ਵਰਗੀ ਆਵਾਜ਼ ਨੂੰ ਸੁਖਦਾਈ ਜਾਤਾ ਅਤੇ ਇਸ ਰੱਬੀ ਗੀਤ ਵਿਚ ਧੜਕਦੀ ਜੀਵਨ ਕਣੀ ਨੂੰ ਪਹਿਲੀ ਵਾਰ ਪਛਾਤਾ ਤੇ ਉਹ ਇਸ ਨੂੰ ਸ੍ਰਵਣ ਕਰਨ ਲਈ ਹੋਰ ਵੀ ਨੇੜੇ ਖਲੋ ਗਏ। ਉਨ੍ਹਾਂ ਪੁੱਛਿਆ, ''ਇਹ ਕਿਸ ਦੀ ਬਾਣੀ ਹੈ?'' 'ਸਾਡੇ ਪਿਤਾ ਜੀ ਦੀ' ਉਸ ਉੱਤਰ ਦਿਤਾ। 'ਇਹ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਜਪੁਜੀ (ਸਾਹਿਬ) ਦਾ ਸੰਗੀਤ ਹੈ।'

ਉਹ ਇਸ ਬਿਰਧ ਸਤਿ ਪੁਰਸ਼ ਨੂੰ ਆਪਣੇ ਪਿਤਾ ਜੀ ਕੋਲ ਲੈ ਗਈ। ਸ੍ਰੀ ਗੁਰੂ ਅੰਗਦ ਦੇਵ ਜੀ ਨੇ ਉਨ੍ਹਾਂ ਦਾ ਯੋਗ ਸਤਿਕਾਰ ਕੀਤਾ ਜੋ ਆਯੂ ਤੇ ਸਮਾਜਿਕ ਹੈਸੀਅਤ ਕਾਰਣ ਉਨ੍ਹਾਂ ਦਾ ਹੱਕ ਸੀ। ਚਾਚਾ ਜੀ ਗੁਰੂ ਅਮਰਦਾਸ ਜੀ, ਸ੍ਰੀ ਗੁਰੂ ਅੰਗਦ ਦੇਵ ਜੀ ਦੇ ਇਕ ਵਾਰ ਦਰਸ਼ਨ ਕਰਕੇ, ਮੁੜ ਸਾਰੀ ਜ਼ਿੰਦਗੀ ਉਨ੍ਹਾਂ ਦੀ ਹਜ਼ੂਰੀ ਤੋਂ ਦੂਰ ਨਾ ਗਏ। ਇਸ ਹਜ਼ੂਰੀ ਦਰਸ਼ਨ ਵਿਚ ਸ੍ਰੀ ਗੁਰੂ ਅਮਰਦਾਸ ਜੀ ਏਨੇ ਅਨੰਦ ਮਗਨ ਰਹਿੰਦੇ ਸਨ ਕਿ ਜੇ ਉਹ ਇਸ ਤੋਂ ਵੰਚਿਤ ਕੀਤੇ ਜਾਂਦੇ ਤਾਂ ਇਕ ਘੜੀ ਨਾ ਜੀ ਸਕਦੇ। ਉਨ੍ਹਾਂ ਦਾ ਪ੍ਰੇਮ ਏਨਾ ਡੂੰਘਾ ਤੇ ਤੀਖਣ ਸੀ ਕਿ ਉਹ ਆਪਣੇ ਗੁਰੂ ਜੀ ਦੀ ਹਰ ਸੇਵਾ ਆਪ ਕਰਨ ਤੋਂ ਬਿਨਾਂ ਚੈਨ ਨਹੀਂ ਸੀ ਪਾ ਸਕਦੇ। ਅੰਮ੍ਰਿਤ ਵੇਲੇ ਉਹ ਹਰ ਰੋਜ਼ ਉਨ੍ਹਾਂ ਦੇ ਇਸ਼ਨਾਨ ਲਈ ਬਿਆਸ ਦਰਿਆ ਤੋਂ ਪਾਣੀ ਦੀ ਗਾਗਰ ਭਰ ਕੇ ਲਿਆਉਂਦੇ ਸਨ। ਉਨ੍ਹਾਂ ਦੇ ਬਸਤਰ ਧੋਂਦੇ, ਲੰਗਰ ਵਿਚ ਪ੍ਰਸ਼ਾਦ ਛਕਾਉਂਦੇ। ਉਨ੍ਹਾਂ ਨੂੰ ਇਸ ਪ੍ਰੇਮ ਵਿਚੋਂ ਅਕਹਿ ਖੁਸ਼ੀ ਮਿਲਦੀ ਤੇ ਇਸੇ ਰਾਹੀਂ ਹੀ ਉਹ ਆਪਾ ਭਾਵ ਮਿਟਾਉਂਦੇ ਜਾ ਰਹੇ ਸਨ। ਉਨ੍ਹਾਂ ਨੇ ਆਪਣਾ ਲਘੂ ਆਪਾ ਪੂਰੀ ਤਰ੍ਹਾਂ ਮੇਟ ਦਿਤਾ। ਲੋਕ ਉਨ੍ਹਾਂ ਨੂੰ ਕਮਲਾ ਸਮਝਣ ਲੱਗ ਪਏ। ਬਿਰਧ ਵਿਅਕਤੀ ਜਿਸ ਨੂੰ ਜੀਵਨ ਵਿਚ ਕੋਈ ਦਿਲਚਸਪੀ ਨਹੀਂ ਸੀ, ਕਈ ਉਨ੍ਹਾਂ ਨੂੰ ਅਮਰੂ ਕਹਿਣ ਲਗ ਪਏ ਅਤੇ ਗੌਲਦੇ ਵੀ ਨਹੀਂ ਸਨ।

ਇਥੋਂ ਤਕ ਕਿ ਜ਼ਾਹਰਾ ਤੌਰ ਤੇ ਸ੍ਰੀ ਗੁਰੂ ਅੰਗਦ ਦੇਵ ਜੀ, ਜੋ ਹੋਰ ਸਭ ਨਾਲ ਮਿੱਠੇ ਬਚਨ ਬੋਲਦੇ ਸਨ, ਉਨ੍ਹਾਂ ਨਾਲ ਨਰਮ ਨਹੀਂ ਸਨ। ਉਨ੍ਹਾਂ ਲਈ ਅਨੁਸ਼ਾਸਨ ਦੀ ਕਰੜਾਈ ਸੀ। ਗੁਰੂ ਜੀ ਉਨ੍ਹਾਂ ਨੂੰ ਕਿਰਤ ਤੇ ਪ੍ਰੇਮ ਦੇ ਮਹਾਂ ਅਨੰਦ ਦੀ ਸਮਾਧੀ ਵਿਚ ਇਕੱਲਿਆਂ ਹੀ ਛੱਡ ਦਿੰਦੇ ਸਨ ਤੇ ਯੋਗ ਭਾਂਤ ਉਹ ਪ੍ਰੀਤ ਦਾ ਮੋੜਵਾਂ ਉੱਤਰ ਵੀ ਦਿੰਦੇ ਸਨ। ਪਰ ਇਹ ਕਲਾ ਏਨੀ ਅਦ੍ਰਿਸ਼ਟ ਵਾਪਰਦੀ ਸੀ ਅਤੇ ਇਸ ਉੱਤੇ ਮੋਟਾ ਕਾਲਾ ਪੜਦਾ ਇਸ ਲਈ ਪਾਇਆ ਜਾਂਦਾ ਸੀ, ਤਾਂ ਜੋ ਸਾਧਾਰਨ ਲੋਕਾਂ ਦੀਆਂ ਨਜ਼ਰਾਂ ਤੋਂ ਇਹ ਰੱਬੀ ਪਿਆਰ ਦਾ ਕੌਤਕ ਗੁਪਤ ਰੱਖਿਆ ਜਾ ਸਕੇ। ਸ੍ਰੀ ਗੁਰੂ ਅਮਰਦਾਸ ਜੀ ਨੇ ਅਜਿਹੇ ਸਲੂਕ ਦਾ ਕਦੀ

ਵੀ ਕੋਈ ਗਿਲਾ ਨਾ ਕੀਤਾ। ਸਾਲ ਵਿਚ ਇਕ ਵਾਰ ਸ੍ਰੀ ਗੁਰੂ ਅੰਗਦ ਦੇਵ ਜੀ ਵੱਲੋਂ ਉਨ੍ਹਾਂ ਨੂੰ ਇਕ ਖੱਦਰ ਦਾ ਪਰਨਾ ਦਿਤਾ ਜਾਂਦਾ। ਸ੍ਰੀ ਗੁਰੂ ਅਮਰਦਾਸ ਜੀ ਨੂੰ ਪਤਾ ਨਾ ਲਗਦਾ ਕਿ ਉਹ ਇਸ ਸੁਗਾਤ ਨੂੰ ਕਿੱਥੇ ਰੱਖਣ। ਉਸ ਨੂੰ ਸਿਰ ਮਸਤਕ ਤੇ ਰੱਖ ਲੈਂਦੇ। ਹੋਰ ਇਸ ਦੀ ਕਿਹੜੀ ਥਾਂ ਸੀ। ਕੋਈ ਹੋਰ ਥਾਂ ਇਸ ਦੇ ਰੱਖਣ ਲਈ ਏਨੀ ਪਵਿੱਤਰ ਨਹੀਂ ਸੀ। ਹਰ ਸਾਲ ਇਸ ਦੇ ਉਤੇ ਉਹ ਦੂਜਾ ਪਰਨਾ ਬੰਨ੍ਹ ਲੈਂਦੇ ਅਤੇ ਇਉਂ ਬਾਰਾਂ ਸਾਲ ਕਰਦੇ ਰਹੇ। ਬੱਚਿਆਂ ਵਾਂਗ ਆਪਣੇ ਪ੍ਰੀਤਮ ਲਈ ਤੜਫਦੇ ਅਤੇ ਵਿਸਮਾਦ ਅਨੰਦ ਤੇ ਪ੍ਰੇਮ ਰੱਤੀ ਸਮਾਧੀ ਵਿਚ ਉਨ੍ਹਾਂ ਦਾ ਦੀਦਾਰ ਕਰਦੇ ਰਹਿੰਦੇ। ਉਹ ਹੋਰ ਕਰ ਵੀ ਕੀ ਸਕਦੇ ਸਨ।

## ਨਵੇਂ ਸ਼ਹਿਰਾਂ ਦਾ ਵਸੇਬਾ

ਨਵੇਂ ਗੁਰੂ ਸਾਹਿਬ ਦੇ ਨਾਂ ਤੇ ਨਵੇਂ ਸ਼ਹਿਰ ਵੱਸਣ ਲੱਗੇ। ਦਰਿਆ ਬਿਆਸ ਦੇ ਕੰਢੇ ਤੇ ਸਿੱਖਾਂ ਵੱਲੋਂ ਇਕ ਨਵਾਂ ਕਸਬਾ ਵਸਾਇਆ ਗਿਆ ਜਿਸ ਦਾ ਨਾਂ ਗੋਇੰਦਵਾਲ ਰਖਿਆ ਗਿਆ। ਲੋਕਾਂ ਦੀ ਇੱਛਾ ਸੀ ਕਿ ਗੁਰੂ ਜੀ ਉਥੇ ਜਾ ਕੇ ਨਿਵਾਸ ਰੱਖਣ। ਗੁਰੂ ਜੀ ਆਪ ਤਾਂ ਜਾ ਨਹੀਂ ਸਕਦੇ ਸਨ, ਇਸ ਲਈ ਉਨ੍ਹਾਂ ਨੇ ਆਪਣੇ ਪਿਆਰੇ ਸੇਵਕ ਗੁਰੂ ਅਮਰਦਾਸ ਜੀ ਨੂੰ ਆਗਿਆ ਕੀਤੀ ਕਿ ਉਹ ਗੋਇੰਦਵਾਲ ਜਾ ਕੇ ਆਪਣਾ ਨਿਵਾਸ ਕਰ ਲੈਣ।

ਸ੍ਰੀ ਗੁਰੂ ਅਮਰਦਾਸ ਜੀ ਗੋਇੰਦਵਾਲ ਵਿਚ ਨਿਵਾਸ ਕਰਨ ਲੱਗੇ, ਪਰ ਉਹ ਹਰ ਰੋਜ਼ ਦਰਿਆ ਤੋਂ ਜਲ ਦੀ ਗਾਗਰ ਭਰ ਕੇ, ਸਿਰ ਤੇ ਚੁੱਕ ਕੇ ਗੁਰੂ ਜੀ ਦੇ ਇਸ਼ਨਾਨ ਲਈ ਲਿਆਉਂਦੇ ਰਹੇ। ਇਸ ਬਿਰਧ ਅਵਸਥਾ ਵਿਚ ਗੰਗਾ ਦੇ ਜਲ ਦੀਆਂ ਧਾਰਾਂ ਉਨ੍ਹਾਂ ਦੇ ਨੇਤਰਾਂ ਵਿਚੋਂ ਭੀ ਵਹਿ ਰਹੀਆਂ ਹੁੰਦੀਆਂ ਸਨ। ਸਾਰਾ ਰਾਹ ਉਹ ਜਪੁਜੀ (ਸਾਹਿਬ) ਦਾ ਪਾਠ ਕਰਦੇ ਅਤੇ ਕੇਵਲ ਅੱਧੇ ਰਸਤੇ ਵਿਚ ਇਕ ਥਾਂ 'ਤੇ ਕੁਝ ਚਿਰ ਲਈ ਅਟਕਦੇ, ਜਿਥੇ ਅੱਜਕੱਲ੍ਹ 'ਗੁਰਦੁਆਰਾ ਦਮਦਮਾ ਸਾਹਿਬ' ਇਸਥਿਤ ਹੈ। ਇਥੇ ਯਾਤਰੀ ਆਪਣੇ ਮਹਾਨ ਬਜ਼ੁਰਗਾਂ ਦੀ ਪਵਿੱਤਰ ਯਾਦ ਵਿਚ ਸਵਰਗ ਮਈ ਅਨੰਦ ਲੈਣ ਲਈ ਦਰਸ਼ਨ ਕਰਨ ਜਾਂਦੇ ਹਨ।

## ਪਿਆਰ ਦੀ ਸਮਾਧੀ

ਇਕੱਲਿਆਂ ਢੇਰ ਰਾਤ ਗਿਆਂ, ਖਡੂਰ ਤੋਂ ਗੋਇੰਦਵਾਲ ਨੂੰ ਪਰਤਣ ਸਮੇਂ ਸ੍ਰੀ ਗੁਰੂ ਅਮਰਦਾਸ ਜੀ ਖਡੂਰ ਵੱਲ ਪਿੱਠ ਨਹੀਂ ਸਨ ਕਰਦੇ। ਜੇ ਰਾਹ ਵਿਚ ਤੁਰੇ ਜਾਂਦਿਆਂ ਭੀ ਉਨ੍ਹਾਂ ਦੀ ਪਿੱਠ ਆਪਣੇ ਗੁਰੂਦੇਵ ਵੱਲ ਹੋ ਜਾਂਦੀ ਤਾਂ ਉਹ ਜ਼ਿੰਦਾ ਕਿਵੇਂ ਰਹਿ ਸਕਦੇ। ਆਪਣੇ ਨੇਤਰਾਂ ਰਾਹੀਂ ਖਡੂਰ ਸਾਹਿਬ ਦੇ ਦਰਸ਼ਨ ਪੇਖਦੇ, ਪੁੱਠੇ ਪੈਰੀਂ ਹੀ ਚਲਦੇ ਸਨ। ਇਥੇ ਅਸੀਂ ਮਹਾਨ ਬਿਰਧ ਯਾਤਰੀ ਨੂੰ, ਜਿਹੜਾ ਸਾਰਾ ਜੀਵਨ ਆਪਣੇ ਪ੍ਰੀਤਮ ਪ੍ਰਭੂ ਵੱਲ ਮੁਖ ਕਰਕੇ ਤੁਰਦਾ ਰਿਹਾ ਫਿਰ ਪ੍ਰੀਤ ਸਮਾਧੀ ਦੇ ਥੋੜ੍ਹੇ ਬਦਲੇ ਰੂਪ ਵਿਚ ਵੇਖਿਆ ਜਾ ਸਕਦਾ ਹੈ ਜੋ ਸ੍ਰੀ ਗੁਰੂ ਅੰਗਦ ਦੇਵ ਜੀ ਨੇ ਆਪਣੇ ਗੁਰੂ ਲਈ ਕਰਤਾਰਪੁਰ ਨੂੰ ਜਾਣ ਵਾਲੀ ਸੜਕ ਉਤੇ ਧਾਰਨ ਕੀਤੀ ਸੀ। ਇਸ ਲਈ ਧਿਆਨ ਮਗਨ ਰੂਪ ਵਿਚ, ਉਹ ਆਪਣੇ ਪ੍ਰੀਤਮ ਦੇ ਸਥਾਨ ਵੱਲ ਪਿੱਠ ਕਰ ਹੀ ਨਹੀਂ ਸਨ ਸਕਦੇ ਜਿਥੇ ਉਹਨਾਂ ਦਾ ਪ੍ਰੀਤਮ, ਚਿੱਟੇ ਚਮਕਦੇ ਬਾਣੇ ਵਿਚ ਬੈਠੇ ਹੁੰਦੇ ਸੀ।

## ਸੇਵਕ ਨੂੰ ਗੁਰਿਆਈ

ਇਕ ਵਾਰ ਸ੍ਰੀ ਗੁਰੂ ਅਮਰਦਾਸ ਜੀ ਜਦੋਂ ਬਿਆਸ ਦੇ ਜਲ ਦੀ ਗਾਗਰ ਭਰੀ ਸਿਰ ਉਤੇ ਚੁੱਕੀ ਖਡੂਰ ਦੇ ਨੇੜੇ ਪੁੱਜੇ ਤਾਂ ਜੁਲਾਹੇ ਦੇ ਘਰ ਦੇ ਬਾਹਰ ਵਾਰ, ਖੱਡੀ ਦੇ ਨੇੜੇ ਗੱਡੇ ਇਕ ਕਿੱਲੇ ਨਾਲ ਠੇਡਾ ਖਾ ਕੇ ਧਰਤੀ 'ਤੇ ਡਿੱਗ ਪਏ। ਸਿਆਲ ਦੀ ਠੰਡੀ-ਠੰਡੀ, ਮੀਂਹ ਭਿੱਜੀ ਤੇ ਕਾਲੀ ਰਾਤ ਸੀ। ਡਿੱਗਣ ਤੇ ਖੜਾਕ ਨਾਲ ਨਰਮ ਵਿਛੋਣੇ ਉਤੇ ਪਈ ਜੁਲਾਹੇ ਦੀ ਪਤਨੀ ਦੀ ਮਿੱਠੀ ਨੀਂਦ ਭੰਗ ਹੋ ਗਈ ਤੇ ਉਸ ਨੇ ਖਿੱਝ ਕੇ ਆਪਣੇ ਕੋਲ ਪਏ ਪਤੀ ਤੋਂ ਪੁੱਛਿਆ, 'ਹਾਏ! ਹਾਏ! ਐਸ ਵੇਲੇ ਕਿਹੜਾ ਸਾਡੇ ਬੂਹੇ ਅੱਗੇ ਇੰਜ ਡਿਗ ਸਕਦਾ ਹੈ। ਪਤੀ ਬੋਲਿਆ, 'ਨਿਥਾਵੇ (ਸ੍ਰੀ ਅਮਰਦਾਸ ਜੀ) ਤੋਂ ਬਿਨਾਂ ਹੋਰ ਕਿਹੜਾ ਹੋ ਸਕਦਾ ਹੈ, ਜੋ ਨਾ ਕਦੇ ਸੌਂਦਾ ਹੈ, ਨਾ ਅਰਾਮ ਕਰਦਾ ਹੈ ਤੇ ਨਾ ਹੀ ਕਦੇ ਥੱਕਦਾ ਹੈ।' ਇਹ ਖਬਰ ਸ੍ਰੀ ਗੁਰੂ ਅੰਗਦ ਦੇਵ ਜੀ ਤਕ ਪੁੱਜ ਗਈ। ਇਹ, ਜੁਲਾਹੇ ਵਲੋਂ ਬੋਲਿਆ ਹੋਇਆ ਸ਼ਬਦ 'ਨਿਥਾਵਾਂ' ਗੁਰੂ ਜੀ ਦੇ ਦਿਲ ਵਿਚ ਖੁੱਭ ਗਿਆ। ਉਨ੍ਹਾਂ ਨੇ ਬਿਰਧ ਸ੍ਰੀ ਅਮਰਦਾਸ ਜੀ ਨੂੰ ਆਪਣੇ ਸੀਨੇ ਨਾਲ ਘੁੱਟ ਲਿਆ। ਇਸ ਮਿਲਣੀ ਵਿਚੋਂ, ਸਾਡੇ ਆਕਾਸ਼ ਉਤੇ ਨਵਾਂ ਸੂਰਜ ਉਦੈ ਹੋਇਆ, ਜੋ ਸਾਡੇ ਗੁਰੂ ਦੇਵ ਗੁਰੂ ਅਮਰਦਾਸ ਜੀ ਸਨ। 'ਮੇਰਾ ਅਮਰਦਾਸ।' ਗੁਰੂ ਜੀ ਨੇ ਬਚਨ ਕੀਤਾ, 'ਮੇਰਾ ਸ੍ਰੀ ਅਮਰਦਾਸ ਨਿਥਾਵਿਆਂ ਦੀ ਥਾਂ, ਨਿਓਟਿਆਂ ਦੀ ਓਟ, ਨਿਮਾਣਿਆਂ ਦਾ ਮਾਣ, ਨਿਤਾਣਿਆਂ ਦਾ ਤਾਣ, ਮੇਰਾ ਅਮਰਦਾਸ। ਆਪ ਗੁਰੂ ਨਾਨਕ ਦਾ ਸਰੂਪ ਹੈ।

ਉਨ੍ਹਾਂ ਨੇ ਪੰਜ ਪੈਸੇ ਤੇ ਨਰੇਲ ਮੰਗਵਾ ਕੇ ਸ੍ਰੀ ਗੁਰੂ ਨਾਨਕ ਦੇ ਸਮਾਨ, ਸ੍ਰੀ ਗੁਰੂ ਅਮਰਦਾਸ ਜੀ ਨੂੰ ਨਮਸਕਾਰ ਕੀਤੀ ਅਤੇ ਇਸ ਤਰ੍ਹਾਂ ਲੋਕਾਈ ਦੇ ਦਿਲਾਂ ਦਾ ਤਖਤ ਉਨ੍ਹਾਂ ਨੂੰ ਬਖਸ਼ ਦਿਤਾ।

ਵਿਦੇਸ਼ਾਂ ਵਿਚ ਵਸਦੀ ਸੰਗਤ ਨੂੰ ਬੇਨਤੀ ਹੈ ਜੀ ਜੇਕਰ ਤੁਸੀਂ ਕਿਸੇ ਵੀ ਤਰ੍ਹਾਂ ਦਾ ਘਰ ਵਿਚ ਟੀ.ਵੀ. ਉਤੇ ਦੇਖਣ ਲਈ ਸੈਟ ਟੌਪ ਬਾਕਸ (ਆਈ.ਪੀ. ਟੀ.ਵੀ.) ਵਰਤਦੇ ਹੋ ਤਾਂ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖਣ ਲਈ ਹੇਠ ਲਿਖੇ ਨੰਬਰਾਂ ਤੇ ਸੰਪਰਕ ਕਰ ਸਕਦੇ ਹੋ ਜੀ। ਜੇਕਰ ਸੰਗਤ ਵਿਚੋਂ ਕੋਈ ਪ੍ਰੇਮੀ ਪਹਿਲਾਂ ਹੀ ਆਈ.ਪੀ. ਟੀ.ਵੀ. ਬਾਕਸ ਵਰਤਦਾ ਹੈ ਉਸ ਵਿਚ ਰਤਵਾੜਾ ਸਾਹਿਬ ਚੈਨਲ ਵੇਖ ਰਹੇ ਹੋ ਤਾਂ ਕਿਰਪਾ ਕਰਕੇ ਆਪਣੇ ਸੈਟ ਟੌਪ ਬਾਕਸ ਦਾ ਨਾਮ ਅਤੇ ਚੈਨਲ ਦਾ ਨੰਬਰ ਹੇਠ ਲਿਖੇ ਨੰਬਰਾਂ ਤੇ Whatsapp ਕਰਨ ਦੀ ਕ੍ਰਿਪਾਲਤਾ ਕਰਨੀ ਜੀ।

**ਮੋਬਾਇਲ ਨੰਬਰ: +91-98728-14385, 94172-14385**




## ਰਤਵਾੜਾ ਸਾਹਿਬ ਅਸਥਾਨ ਦੇ ਪ੍ਰੋਗਰਾਮ

**ਸਾਰੇ ਐਤਵਾਰ - ਸਮਾਂ-ਦੁਪਹਿਰ 12.00 ਤੋਂ 3.30 ਵਜੇ ਤੱਕ ।**

**ਪੋਖਿ ਸੰਗਰਾਂਦ - 15 ਦਸੰਬਰ, ਦਿਨ ਸੋਮਵਾਰ (ਸਮਾਂ ਸਵੇਰੇ 5.30 ਤੋਂ 8.00 ਵਜੇ ਤੱਕ)**

## ਜ਼ਰੂਰੀ ਬੇਨਤੀ

'ਆਤਮ ਮਾਰਗ' ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਜਾਂ ਦਸਵੰਧ ਪੰਜਾਬ ਐਂਡ ਸਿੰਧ ਬੈਂਕ ਦੀ ਕਿਸੇ ਵੀ ਸ਼ਾਖਾ ਰਾਹੀਂ ਹੇਠ ਲਿਖੇ ਬੈਂਕ ਖਾਤਿਆਂ ਵਿਚ ਭੇਜ ਸਕਦੇ ਹੋ।

### ਭਾਰਤ (INDIA)

**ਆਤਮ ਮਾਰਗ ਮੈਗਜ਼ੀਨ ਦੀ ਮੈਂਬਰਸ਼ਿਪ/ਰਿਨਿਊਲ ਭੇਜਣ ਲਈ**

**VGRMCT/Atam Marg Magazine**

**A/C No. 12861100000008, RTGS/IFSC Code - PSIB0021286, Branch Code - C1286**

**Within India**

| Subscription Period | Amount |
|---|---|
| 1 Year | Rs. 300/- |
| 3 Year | Rs. 750/- |
| 5 Year | Rs. 1200/- |
| Life (20 Year) | Rs. 3000/- |

**ਦਸਵੰਧ ਭੇਜਣ ਲਈ -**

**Vishav Gurmat Roohani Mission Charitable Trust**

**A/C No. 12861100000005, RTGS/IFSC Code - PSIB0021286, Branch Code - C1286**

**ਜੇਕਰ ਚੈਕ ਜਾਂ ਬੈਂਕ ਡਰਾਫਟ ਰਾਹੀਂ ਮਾਇਆ ਭੇਜਣੀ ਹੋਵੇ ਤਾਂ ਉਪਰੋਕਤ ਅਨੁਸਾਰ Gurudwara Ishar Parkash Ratwara Sahib, P.O. Mullanpur Garibdas. Distt SAS Nagar (Mohali) - 140901 ਨੂੰ ਭੇਜਿਆ ਜਾਵੇ ਜੀ। ਜੇਕਰ Online ਮਾਇਆ ਭੇਜਣੀ ਹੋਵੇ ਤਾਂ ਮਾਇਆ ਦਾ ਵੇਰਵਾ ਦਿੰਦੇ ਹੋਏ, ਆਪਣਾ ਨਾਂ ਅਤੇ ਪੂਰਾ ਪਤਾ ਮੋਬਾਈਲ ਨੰ: +91 98889 10777 'ਤੇ sms ਕੀਤਾ ਜਾਵੇ।**

## PURSUANT OF GOVT. OF INDIA FCRA GUIDELINES REGARDING DONATIONS FROM ABROAD

It is for your kind information that Bank Account No. 0779000100179603 earlier opened in Punjab National Bank, Mullanpur Garibdas, Distt. S.A.S Nagar (Mohali)-140901 for receiving donation from foreign countries has been changed with immediate effect. Now, FCRA Saving Bank Account for this purpose has been opened in State Bank of India as per instructions of Govt. of India. Particulars of the New Account are given below for online transfer of donation amount:

**Name of Account – Vishav Gurmat Roohani Mission Charitable Trust**
**Account No. – 40227222757, Bank - State Bank of India**
**Branch - New Delhi Main Branch, 11 Sansad Marg, New Delhi-110001**
**Swift Code - SBININBB104, IFSC Code - SBIN0000691, Branch Code – 00691,**
**Purpose Code - P1303 (Donations to religious and Charitable Institutions in India)**

You are requested that forthwith all donations amounts should be sent to the Trust only through one of the following banks specified by Govt. of India:

### LIST OF CORRESPONDENT BANKS

**Australia**

1. Commonwealth Bank Of Australia CTBAAU2S
2. Australia And NewZealand Banking Group Ltd ANZBAU3M
3. National Australia Bank Ltd NATAAU33
4. Westpack Banking Corporation WPACAU2F

**Canada**

1. SBI Canada Bank SBINCATX
2. Canadian Imperial Bank Of Commerce CIBCCATT
3. Bank Of Montreal BOFMCAM2
4. Royal Bank Of Canada ROYCCAT2
5. The Toronto Dominion Bank TDOMCATT
6. The Bank Of Nova Scotia (SCOTIA BANK) NOSCCATT

**Germany**

1. Commerze bank AGCOBADEFF
2. DZ Bank AG Deutsche Zentral-Genos GENODEFF
3. Uni Credit Bank AGHYVEDEMM
4. Bayerische Landes bank BYLADEMM
5. Landes bank Baden Wurttemberg SOLADEST
6. Norddeutsche Landes bank Girozen trale NOLADE2H
7. Deutsche Bank AGDEUTDEFF
8. HSBCT rinkaus & Burkhadt AGTUBDDEDD

**Italy**

1. Credit AgricoleI talia SpACRPPIT2P
2. Intesa Sanpaolo Sp ABCITITMM
3. Unicredit SPAUNCRITMM
4. Banca Popolaredi Sondrio Societa Cooperativa perAzioni POSOIT22
5. BPERB anca Sp ABPMOIT22

**United Kingdom**

1. Standard Chartered Bank SCBLGB2L
2. Couttsand Company COUTGB22
3. National Westminster Bank Plc (NatWestBank) NWBKGB2L
4. Royal Bank of Scotland Plc RBOSGB2L
5. Barclays Bank PlcBARCGB22
6. HSBC Bank Plc MIDLGB22
7. Lloyds Bank PlcLOYDGB2L
8. State Bank of India (UK)Ltd.SBOIGB2L

**United States**

1. Fifth Third Bank FTBCUS3C
2. HSBC Bank USA National Association MRMDUS33
3. Deutsche Bank Trust Company Americas BKTRUS33
4. Wells Fargo Bank National Association WFBIUS6S
5. Silicon Valley Bank SVBKUS6S
6. State Bank of India (California) SBCAUS6L
7. The Bank of New York Mellon IRVTUS3N
8. PNC Bank National Association PNCCUS33
9. BOKF National Association BAOKUS44
10. MUFG Union Bank National Association BOFCUS33
11. Bank of America National Association BOFAUS3N
12. Key bank National Association KEYBUS33
13. US Bank National Association USBKUS44
14. Citi bank NACITIUS33
15. JP Morgan Chase Bank National Association CHASUS33
16. The Northern Trust Company CNORUS44

In case you want to send donations by cheque, please send it to the Trust along with Donor's ID Proof & Address Proof at the address : Gurdwara Isher Parkash, Ratwara Sahib, (Near New Chandigarh), P.O Mullanpur Garibdas, Distt. S.A.S Nagar (Mohali)-140901, Punjab (India)

**For any query, please contact Mobile No. 98889-10777, Email id : gurmukh4124@gmail.com**

# ਸ੍ਰੀ ਮਾਨ ਸੰਤ ਬਾਬਾ ਵਰਿਆਮ ਸਿੰਘ ਜੀ ਵੱਲੋਂ ਲਿਖਤ ਅਤੇ ਟਰੱਸਟ ਵੱਲੋਂ ਪ੍ਰਕਾਸ਼ਿਤ ਪੁਸਤਕਾਂ, ਜੋ ਕਿ ਰਤਵਾੜਾ ਸਾਹਿਬ ਉਪਲੱਬਧ ਹਨ।

| | ਪੁਸਤਕ ਦਾ ਨਾਮ | ਪੰਜਾਬੀ | ਹਿੰਦੀ |
|---|---|---|---|
| 1. | ਸੁਰਤਿ ਸਬਦਿ ਮਾਰਗ | 200/– | 500/– |
| 2. | ਕਿਵ ਕੂੜੈ ਤੁਟੈ ਪਾਲਿ | 200/– | 35/– |
| 3. | ਬਾਤ ਅਗੰਮ ਕੀ | 400/– | 400/– |
| 4. | ਕਿਵ ਸਚਿਆਰਾ ਹੋਈਐ | 400/– | |
| 5. | ਹੋਵੈ ਅਨੰਦੁ ਘਣਾ | 150/– | 30/– |
| 6. | ਚਉਥੈ ਪਹਰਿ ਸਬਾਹ ਕੈ | 55/– | 60/– |
| 7. | ਸੁਰਤਿਆਂ ਉਪਜੈ ਚਾਉ | 40/– | 60/– |
| 8. | ਬਾਬਾਣੀਆਂ ਕਹਾਣੀਆਂ | 50/– | 50/– |
| 9. | ਸਰਬ ਪ੍ਰਿਅ ਗੁਰੂ ਗੋਬਿੰਦ ਸਿੰਘ | | 10/– |
| 10. | ਅੰਮ੍ਰਿਤ ਫੁਹਾਰ | | 10/– |
| 11. | ਅਗੰਮ ਅਗੋਚਰ ਦਾ ਮਾਰਗ | 60/– | 70/– |
| 12. | ਪੁਰਾਤਨ ਟੀਕਾ - ਜਪੁਜੀ ਸਾਹਿਬ | 30/– | |
| 13. | ਅਮਰ ਜੋਤਾਂ | 20/– | 15/– |
| 14. | ਹਿਮਾਲਿਆ ਦੇ ਸੰਤਾਂ ਦੇ ਸੰਗ ਨਿਵਾਸ | 100/– | |
| 15. | ਅਮਰ ਗਾਥਾ | 200/– | 100/– |
| 16. | ਧਰਮ ਯੁਧ ਕੇ ਚਾਇ | 50/– | |
| 17. | ਪਵਿੱਤਰ ਪੈਂਡਾ | 30/– | |
| 18. | ਭਗਤ ਪ੍ਰਹਿਲਾਦ | | 10/– |
| 19. | ਵੈਸਾਖੀ | 40/– | 10/– |
| 20. | ਸਾਜਨ ਚਲੇ ਪਿਆਰਿਆ | | 10/– |
| 21. | ਅਬਿਨਾਸੀ ਜੋਤ ਭਾਗ - 1 | | 90/– |
| 22. | ਅਬਿਨਾਸੀ ਜੋਤ ਭਾਗ - 2 | 90/– | |
| 23. | ਪੰਚ ਪਰਵਾਣ (ਦੋ ਭਾਗਾਂ ਦਾ ਸੰਗ੍ਰਹਿ) (ਰੂਹਾਨੀ ਗੁਲਦਸਤਾ ਭਾਗ 1 ਅਤੇ 2) | 200/ | |
| 24. | ਸੰਤ ਤੁਮਾਰੇ ਤੁਮਰੇ ਪ੍ਰੀਤਮ | 50/– | |
| 25. | ਗੁਰੂ ਅਮਰਦਾਸ ਪਰਸੀਐ | 100/– | |
| 26. | ਅਨੰਦਮਈ ਜੀਵਨ ਜਾਚ | | |
| 27. | ਪੱਤਰਕਾਰ ਦੇ ਪ੍ਰਸ਼ਨ ਮਹਾਂਪੁਰਸ਼ਾਂ ਵਲੋਂ ਉੱਤਰ | 60/– | |
| 28. | ਅਨੁਭਵੀ ਪ੍ਰਵਚਨ | 500/– | |
| 29. | ਅੰਦਰਲੀ ਖੋਜ | 500/– | |
| 30. | ਸਿਮਰਤ ਕਹਾਂ ਨਹੀਂ | 300/– | |
| 31. | ਬਾਬਾ ਮੱਖਣ ਸ਼ਾਹ ਲੁਬਾਣਾ | 100/– | |
| 32. | 'ਸੇਵਾ ਸਿਮਰਨ ਜੁਗਤੀਆਂ | 250/– | |
| 33. | 'ਮਾਨੁਖ ਤਨ ਦਾ ਪ੍ਰਯੋਜਨ' | 300/– | |
| 34. | ਜੀਵਨ ਜੁਗਤਿ | 600/– | |
| 35. | ਜੀਵਨ ਮੁਕਤਿ | 500/– | |
| 36. | ਜੀਵਨ ਲਕਸ਼ | 500/– | |
| 37. | ਮਾਰਗ ਚੋਣ | 60/– | |
| 38. | ਮਨੋਭਾਵਾਂ ਦੀ ਰਚਨਾਤਮਕ ਵਰਤੋਂ | 50/– | |
| 39. | ਆਤਮ ਗਿਆਨ ਭਾਗ - 1,2,3,4 | 480/– | |
| 40. | ਜਨਮ ਪਦਾਰਥੁ ਸਫਲੁ ਹੋਇ | 120/– | |
| 41. | ਜਨ ਪਰਉਪਕਾਰੀ ਆਏ (ਭਾਗ -1) | 65/– | |
| 42. | ਜਨ ਪਰਉਪਕਾਰੀ ਆਏ (ਭਾਗ -2) | 65/– | |
| 43. | ਗੁਰ ਅੰਗਦ ਅਮਰ ਨਿਧਾਨ | 10/– | |

| | ਪੁਸਤਕ ਦਾ ਨਾਮ | ਪੰਜਾਬੀ |
|---|---|---|
| 44. | ਕਲਜੁਗਿ ਜਹਾਜ ਅਰਜੁਨ ਗੁਰ | 100/– |
| 45. | ਧਰਮ ਹੇਤਿ ਸਾਕਾ | 20/– |
| 46. | ਮੰਝ ਗੁਰੂ ਕਾ ਬੋਹਿਥਾ | 30/– |
| 47. | ਜਾ ਕੈ ਮਨਿ ਗੁਰ ਕੀ ਪਰਤੀਤ | 30/– |
| 48. | ਗੁਰੂ ਗ੍ਰੰਥ ਜੀ ਮਾਨਿਉ | 10/– |
| 49. | ਬਾਬਾ ਬੰਦਾ ਸਿੰਘ ਬਹਾਦਰ | 10/– |
| 50. | ਤ੍ਰੈ ਸ਼ਤਾਬਦੀ | 20/– |
| 51. | ਆਤਮ ਗਿਆਨ ਭਾਗ - 5 | 150/– |
| 52. | ਜਨ ਪਰਉਪਕਾਰੀ ਆਏ (ਭਾਗ - 3) | 250/– |
| 53. | ਭਗਵਤ ਗੀਤਾ ਦੀ ਚਿਰ ਸਥਾਈ... | |

| | English Version | Price |
|---|---|---|
| 1. | Baisakhi (ਬੈਸਾਖੀ) | 5/- |
| 2. | How Rend The Veil of Untruth (ਕਿਵ ਕੂੜੈ ਤੂਟੈ ਪਾਲਿ) | 70/- |
| 3. | Discourses on the Beyond - 1(ਬਾਤ ਅਗੰਮ ਕੀ ਭਾਗ - 1) | 50/- |
| 4. | Discourses on the Beyond - 2(ਬਾਤ ਅਗੰਮ ਕੀ ਭਾਗ - 2) | 50/- |
| 5. | Discourses on the Beyond - 3(ਬਾਤ ਅਗੰਮ ਕੀ ਭਾਗ - 3) | 50/- |
| 6. | Discourses on the Beyond - 4(ਬਾਤ ਅਗੰਮ ਕੀ ਭਾਗ - 4) | 60/- |
| 7. | Discourses on the Beyond - 5(ਬਾਤ ਅਗੰਮ ਕੀ ਭਾਗ - 5) | 60/- |
| 8. | The way to the imperceptible (ਅਗੰਮ ਅਗੋਚਰ ਦਾ ਮਾਰਗ) | 80/- |
| 9. | The Lights Immortal (ਅਮਰ ਜੋਤਾਂ) | 20/- |
| 10. | Transcendental Bliss (ਚਉਥੈ ਪਹਿਰ ਸਬਾਹਿ ਕੈ) | 70/- |
| 11. | How to Know Thy Real Self-(Vol-1) (ਕਿਵ ਸਚਿਆਰਾ ਹੋਈਐ) | 80/- |
| 12. | How to Know Thy Real Self-(Vol-2) (ਕਿਵ ਸਚਿਆਰਾ ਹੋਈਐ) | 80/- |
| 13. | How to Know Thy Real Self-(Vol-3) (ਕਿਵ ਸਚਿਆਰਾ ਹੋਈਐ) | 110/- |
| 14. | The Dawn of Khalsa Ideals | 10/- |
| 15. | A Glimpse of His Holiness - Baba ji | 5/- |
| 16. | Divine Word Contemplation Path (ਸੁਰਤਿ ਸਬਦਿ ਮਾਰਗ) | 150/– |
| 17. | The Story of Immortality (ਅਮਰ ਗਾਥਾ) | 260/– |
| 18. | Why not thy contemplate the Lord? (ਸਿਮਰਤ ਕਹਾ ਨਹੀਂ?) | 200/– |

ਉਪਰੋਕਤ ਪੁਸਤਕਾਂ ਆਪ ਜੀ ਮਨੀਆਰਡਰ,ਚੈਕ ਜਾਂ ਬੈਂਕ ਡਰਾਫਟ ਰਾਹੀਂ ਰਤਵਾੜਾ ਸਾਹਿਬ ਤੋਂ ਮੰਗਵਾ ਸਕਦੇ ਹੋ ਜਾਂ ਟਰਸਟ ਦੇ ਅਕਾਊਂਟ ਵਿੱਚ ਸਿੱਧੀ ਮਾਇਆ ਜਮਾਂ ਕਰਵਾ ਕੇ ਮੋਬਾਇਲ ਨੰਬਰ 9417214391, 9417214379, 8437812900 ਤੇ ਸੂਚਿਤ ਕਰ ਸਕਦੇ ਹੋ।

**A/c Name : VGRMCT / Atam Marg Magazine**

Punjab & Sind Bank - **S/B A/C No. 12861100000008**

**RTGS/IFSC Code - PSIB0021286, Branch Code - C1286**

**Our Address: Gurdwara Ishar Parkash,**
**Ratwara Sahib,**
**( New Chandigarh) P.o. Mullanpur Garibdas,**
**Teh. Kharar, Distt. S.A.S Nagar (Mohali)**
**140901, Pb. India**

# Avinashi Jot - 1
# (Discourse VI)

***Author By : Sant Waryam Singh Ji***
***Founder V.G.R.M.C.T. Ratwara Sahib***
***Translated By : Prof. Beant Singh***

*Invocation: True and supreme is God's Name.*
*Blessed is Sri Guru Nanak Dev Ji.*
*ਸਤਿਨਾਮੁ ਸ੍ਰੀ ਵਾਹਿਗੁਰੂ,*
*ਧੰਨ ਸ੍ਰੀ ਗੁਰੂ ਨਾਨਕ ਦੇਵ ਜੀਓ ਮਹਾਰਾਜ।*

*'Prostrate salutation and obeisance I make many a time before the omnipotent Lord, the Possessor of all the powers.*
*Reach me Thy hand, O Lord and save me from wavering, says Nanak.'*
*ਡੰਡਉਤਿ ਬੰਦਨ ਅਨਿਕ ਬਾਰ ਸਰਬ ਕਲਾ ਸਮਰਥ॥*
*ਡੋਲਨ ਤੇ ਰਾਖਹੁ ਪ੍ਰਭੂ ਨਾਨਕ ਦੇ ਕਰਿ ਹਥ॥*

*ਅੰਗ - 256*

*'After wandering and wandering, O Lord, I have come and entered Thy sanctuary.*
*O Master, Nanak's prayer is:*
*Attach me to Thy devotional service.'*
*ਫਿਰਤ ਫਿਰਤ ਪ੍ਰਭ ਆਇਆ ਪਰਿਆ ਤਉ ਸਰਨਾਇ॥*
*ਨਾਨਕ ਕੀ ਪ੍ਰਭ ਬੇਨਤੀ ਅਪਨੀ ਭਗਤੀ ਲਾਇ॥*

*ਅੰਗ - 289*

*'A boughten slave am I, my name is Fortunate:*
*By the Master's Word in the market sold;*
*As directed, have I engaged myself in task.*
*What cleverness can Thy servant show?*
*The Lord's command can I not perform well.*
*My mother a slave; a slave my father –*
*A slave's progeny am I.*
*My slave-mother dances,*
*My slave-father sings in devotion to Thee:*
*Divine King, Thy devotion I too perform.*
*Lord! shouldst Thou need a drink of water, that I shall fetch;*
*Shouldst Thou desire for food,*
*Grain shall I grind.*
*The fan shall I wave, Thy feet rub,*
*And ever utter Thy Name.*
*Nanak is an ungrateful slave:*
*Shouldst Thou pardon him, in it lies Thy greatness,*
*Since the beginning of time and the yugas,*
*Lord of grace, provider art Thou –*
*Without Thy grace is liberation not attained.'*
*ਮੁਲ ਖਰੀਦੀ ਲਾਲਾ ਗੋਲਾ ਮੇਰਾ ਨਾਉ ਸੁਭਾਗਾ॥*
